# ਸੋਧ

ਜੂਨ 1981 (ਜਿਲਦ 10 ਨੰਬਰ 6)

**June 1981**

ਸੰਪਾਦਕ ਅਤੇ ਪ੍ਰਕਾਸ਼ਕ: ਗੁਰਵੇਲ ਸਿੰਘ ਪੰਨੂ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਅਮਰਜੀਤ ਚਾਹਲ ਦੀ ਨਿੱਜੀ ਲਾਇਬ੍ਰੇਰੀ ਵਿੱਚੋਂ।

6

# ਸੇਧ

"ਇਨਕਲਾਬੀ ਸਿਧਾਂਤ ਤੋਂ ਬਿਨਾਂ ਕੋਈ
ਇਨਕਲਾਬੀ ਲਹਿਰ ਸੰਭਵ ਨਹੀਂ ।"
— ਲੈਨਿਨ

**SEDH**
**June, 1981**
**Vol. 10, No. 6**
**Price : Rs. 2.00**

JUST UNPACKED !

LATEST MODEL

Double Speakers, Built-in Stabilizer
Recording Facilities

**DYANORA**

**SOLID STATE TV**

BOOK EARLY
FOR TIMELY DELIVERY

**SURINDRA RADIOS**

S.C.O. 1128, Sector-22 B
CHANDIGARH

Ph. 24555




- ਆਏ ਇਨਕਲਾਬ ਕੁਰਾਹੇ ਕਿਉਂ ?-23
  ਨੀਂਹ ਤੇ ਉਸਾਰ ਦਾ ਰਿਸ਼ਤਾ (3) — ਕਿਸ਼ਨ ਸਿੰਘ
- ਤਲਾਸ਼ ਕ੍ਰਾਂਤੀਕਾਰੀ ਟੈਕਸਟ ਦੀ-2 (11) — ਗੁਰਬਚਨ
- ਕਹਾਣੀ : ਖਲੋਤੇ ਪਾਣੀ, ਵਗਦੇ ਪਾਣੀ (18) — ਰਣਜੀਤ ਸਿੰਘ
- ਪੰਜਾਬ ਦੀ ਵਿਦਿਆਰਥੀ ਲਹਿਰ : ਇਕ ਵਿਸ਼ਲੇਸ਼ਣ,
  ਇਕ ਦ੍ਰਿਸ਼ਟੀਕੋਨ (23) — ਤਾਰਾ ਸਿੰਘ ਸੰਧੂ
- ਸਿੱਖੀ ਵਿਚ ਸਟੇਟ ਦਾ ਮਸਲਾ-2 (26) — ਕਿਸ਼ਨ ਸਿੰਘ
- ਲੇਖਕ/ਪਾਠਕ ਕਹਿੰਦੇ ਹਨ (50) — ਗੁਰਦਿਆਲ ਸਿੰਘ, ਸੁਰਜੀਤ ਗਿੱਲ, ਨਛੱਤਰਜੀਤ ਸੇਮਾਂ, ਹਰੀਚਰਨ ਸਿੰਘ 'ਹਰੀ', ਰਣਜੀਤ ਗਰੇਵਾਲ


Edited, Printed & Published by Gurvel Singh Pannu,
A/42, Defence Colony, New Delhi-110024, Ph. No. 626300
Printed at 'DIMPLE PRINTERS', Guru Nanak Gali,
Gandhi Nagar, Delhi-110031

## ਸੇਧ ਸਹਾਇਤਾ ਫੰਡ

ਹੇਠ ਲਿਖੇ ਸੇਧ ਪ੍ਰੇਮੀਆਂ ਨੇ ਨਾ ਸਿਰਫ਼ 'ਆਪਣੇ ਕੋਲੋਂ ਹੀ, ਬਲਕਿ ਆਪਣੇ ਵਾਕਫ਼ਾਂ/ਮਿਤਰਾਂ ਕੋਲੋਂ ਵੀ ਸੇਧ ਵਾਸਤੇ ਸਹਾਇਤਾ ਫੰਡ ਇਕੱਠਾ ਕਰ ਕੇ ਭੇਜਿਆ ਹੈ। ਸਾਡੇ ਵਲੋਂ ਉਹਨਾਂ ਦਾ ਸ਼ੁਕਰੀਆ! ਅਤੇ ਇਹ ਅਸੀਸ ਕਿ ਉਹ ਮਾਰਕਸਵਾਦੀ ਪੈਂਤੜੇ 'ਤੇ ਸਦਾ ਡਟੇ ਰਹਿਣ, ਇਸ ਪੈਂਤੜੇ ਨੂੰ ਮਜ਼ਬੂਤ ਕਰਨ ਵਿਚ ਹਮੇਸ਼ਾਂ ਆਪਣਾ ਹਿੱਸਾ ਪਾਉਂਦੇ ਰਹਿਣ! ਆਪਣੀ ਸੋਚਣੀ ਅਤੇ ਕਰਨੀ ਵਲੋਂ ਮਾਰਕਸਵਾਦੀ ਬਣਨ!

ਯੂ. ਕੇ. ਤੋਂ—ਮੁਹਿੰਦਰ ਸਿੰਘ ਚਾਹਲ, ਸੁਰਜੀਤ ਕੌਰ ਜੌਹਲ, ਕਾਬਲ ਸਿੰਘ ਪੂੰਨੀਆਂ, ਮਨਮੋਹਨ ਸਿੰਘ ਵਾਲੀਆ, ਪ੍ਰੀਤਮ ਸਿੰਘ ਗਹੁਨੀਆ, ਬਲਦੇਵ ਸਿੰਘ ਬਾਵਾ, ਗਿਆਨੀ ਦਰਸ਼ਨ ਸਿੰਘ, ਬੇਅੰਤ ਸਿੰਘ ਸਬਰਾ, ਸ਼ੇਰ ਜੰਗ ਜਾਂਗਲੀ, ਅਵਤਾਰ ਜੰਡਿਆਲਵੀ, ਰਣਜੀਤ ਧੀਰ, ਸ਼ਿਵਚਰਨ ਗਿੱਲ, ਰਾਜਿੰਦਰ ਸਿੰਘ ਬਾਠ, ਮਨਮੋਹਨ ਸਿੰਘ ਕਾਹਲੋਂ, ਮੋਹਨ ਸਿੰਘ ਵਿਰਦੀ, ਮੁਸ਼ਤਾਕ ਸਿੰਘ ਮੁਸ਼ਤਾਕ, ਰਣਜੀਤ ਰਾਏ, ਜੋਗਿੰਦਰ ਸਿੰਘ ਨਾਗਰਾ, ਸੋਹਨ ਸਿੰਘ ਪੂੰਨੀਆ, ਗੁਰਮੇਲ ਸਿੰਘ ਪੂੰਨੀਆ, ਹਰਭਜਨ ਸਿੰਘ ਵਿਰਕ, ਮੱਖਣ ਸਿੰਘ, ਹਰਕ੍ਰਿਸ਼ਨ ਸਿੰਘ ਸੈਣੀ, ਸਵਰਨ ਚੰਦਨ, ਪਿਆਰਾ ਸਿੰਘ ਅਟਵਾਲ, ਪਿਆਰਾ ਸਿੰਘ ਮਹਾਏ ਅਤੇ ਅਜਮੇਰ ਸਿੰਘ ਗਰੇਵਾਲ ਆਦਿ।

ਦੇਸ—ਚੰਡੀਗੜ੍ਹ ਤੋਂ ਸ: ਸਵਰਨ ਸਿੰਘ ਗਿੱਲ, ਸ੍ਰੀਮਤੀ ਹਰਬੰਸ ਬਾਹੀਆ, ਸ੍ਰੀਮਤੀ ਸਰੀਤਾ ਚੱਢਾ, ਸ੍ਰੀਮਤੀ ਹਰਿੰਦਰ ਪੰਨੂੰ; ਜਲੰਧਰ ਤੋਂ ਸ੍ਰੀਮਤੀ ਕੁਲਦੀਪ ਕੌਰ, ਦਿੱਲੀ ਤੋਂ ਸ੍ਰੀਮਤੀ ਪ੍ਰੀਤਮ ਕੌਰ ਬੇਦੀ, ਸ੍ਰੀਮਤੀ ਅਜੀਤ ਮਹਿਤਾ, ਸ੍ਰੀਮਤੀ ਮੁਹਿੰਦਰ ਕੌਰ ਸੰਧੂ; ਬੁਡਲਾਡੇ ਤੋਂ ਸ: ਮਹਿੰਦਰਪਾਲ ਸਿੰਘ; ਅਤੇ ਪਟਿਆਲੇ ਤੋਂ ਡਾ: ਰਵਿੰਦਰ ਰਵੀ ਆਦਿ।

ਆਏ ਇਨਕਲਾਬ ਕੁਰਾਹੇ ਕਿਉਂ ?—23

## ਨੀਂਹ ਤੇ ਉਸਾਰ ਦਾ ਰਿਸ਼ਤਾ

ਕਿਸ਼ਨ ਸਿੰਘ

ਪੈਦਾਵਾਰ ਦੀਆਂ ਸ਼ਕਤੀਆਂ ਤੇ ਪੈਦਾਵਾਰ ਦੇ ਰਿਸ਼ਤਿਆਂ ਦਾ, ਸਿਧਾਂਤ ਤੇ ਅਮਲ ਦਾ, ਨੀਂਹ ਤੇ ਉਸਾਰ ਦਾ ਆਪਸ ਵਿਚ ਰਿਸ਼ਤਾ ਡਾਇਲੈਕਟਿਕ ਹੈ, ਦੁਵੱਲਾ ਹੈ। ਆਮ ਤੌਰ 'ਤੇ ਪੈਦਾਵਾਰ ਦੀਆਂ ਸ਼ਕਤੀਆਂ ਤੇ ਪੈਦਾਵਾਰ ਦੇ ਰਿਸ਼ਤਿਆਂ ਦੇ ਆਪਸੀ ਵਿਰੋਧ ਵਿਚ ਮੁਖੀ ਪਹਿਲੂ ਪੈਦਾਵਾਰ ਦੀਆਂ ਸ਼ਕਤੀਆਂ ਹੁੰਦੀਆਂ ਹਨ। ਮਤਲਬ ਹੈ ਕਿ ਪੈਦਾਵਾਰ ਦੀਆਂ ਸ਼ਕਤੀਆਂ ਦੀ ਉਸਾਰੀ ਪਹਿਲਾਂ ਹੁੰਦੀ ਹੈ ਅਤੇ ਬੰਦੇ ਦੇ ਵਿਚੋਲਪੁਣੇ ਰਾਹੀਂ ਉੱਸਰੀਆਂ ਹੋਈਆਂ ਸ਼ਕਤੀਆਂ ਪੈਦਾਵਾਰ ਦੇ ਰਿਸ਼ਤਿਆਂ ਨੂੰ ਆਪਣੇ ਅਨੁਸਾਰ ਕਰਦੀਆਂ ਹਨ। ਸਿਧਾਂਤ ਤੇ ਅਮਲ ਦੇ ਆਪਸੀ ਵਿਰੋਧ ਵਿਚ ਮੁਖੀ ਪਹਿਲੂ ਅਮਲ ਹੁੰਦਾ ਹੈ। ਮਤਲਬ ਹੈ ਕਿ ਅਮਲ ਪਹਿਲਾਂ ਹੁੰਦਾ ਹੈ ਤੇ ਸਿਧਾਂਤ ਉਸ ਤੋਂ ਜਨਮ ਲੈਂਦਾ ਹੈ। ਏਸੇ ਤਰ੍ਹਾਂ ਹੀ ਨੀਂਹ ਤੇ ਉਸ ਦੇ ਉਸਾਰ ਦੇ ਆਪਸੀ ਵਿਰੋਧ ਵਿਚ ਮੁਖੀ ਪਹਿਲੂ ਹੁੰਦਾ ਹੈ — ਨੀਂਹ। ਮਤਲਬ ਹੈ ਕਿ ਨੀਂਹ, ਪੈਦਾਵਾਰ ਦੇ ਰਿਸ਼ਤੇ ਪਹਿਲਾਂ ਬਦਲਦੇ ਹਨ ਅਤੇ ਬਦਲੇ ਹੋਏ ਪੈਦਾਵਾਰ ਦੇ ਰਿਸ਼ਤੇ, ਬੰਦੇ ਦੇ ਵਿਚੋਲਪੁਣੇ ਰਾਹੀਂ ਉਸਾਰ ਨੂੰ ਆਪਣੇ ਅਨੁਸਾਰੀ ਤੋਰਦੇ ਹਨ। ਸੋ ਆਮ ਤੌਰ 'ਤੇ ਇਹ ਸਹੀ ਹੈ ਕਿ ਪੈਦਾਵਾਰ ਦੀਆਂ ਸ਼ਕਤੀਆਂ, ਅਮਲ ਤੇ ਨੀਂਹ ਮੁਖੀ ਹਨ ਅਤੇ ਇਹਨਾਂ ਦਾ ਰੋਲ ਫ਼ੈਸਲਾਕੁਨ ਹੁੰਦਾ ਹੈ। ਜੋ ਇਸ ਪੁਜ਼ੀਸ਼ਨ ਤੋਂ ਮੁਨਕਿਰ ਹੈ ਉਹ ਪਦਾਰਥਵਾਦੀ ਨਹੀਂ।

ਖ਼ਾਸ ਹਾਲਾਤ ਵਿਚ ਪਰੰਤੂ ਪੁਜ਼ੀਸ਼ਨ ਇਸ ਦੇ ਐਨ ਉਲਟ ਹੋ ਜਾਂਦੀ ਹੈ। ਪੈਦਾਵਾਰ ਦੇ ਰਿਸ਼ਤੇ, ਸਿਧਾਂਤ ਤੇ ਉਸਾਰ ਮੁਖੀ ਪਹਿਲੂ ਬਣ ਜਾਂਦੇ ਹਨ ਅਤੇ ਉਹਨਾਂ ਦਾ ਰੋਲ ਫ਼ੈਸਲਾਕੁਨ ਹੁੰਦਾ ਹੈ। ਜਦੋਂ ਪੈਦਾਵਾਰ ਦੇ ਰਿਸ਼ਤਿਆਂ ਨੂੰ ਤਬਦੀਲ ਕਰਨ ਤੋਂ ਬਗ਼ੈਰ, ਪੈਦਾਵਾਰ ਦੀਆਂ ਸ਼ਕਤੀਆਂ ਦੀ ਉਸਾਰੀ ਮੁਮਕਿਨ ਹੀ ਨਾ ਹੋਵੇ ਤਾਂ ਪੈਦਾਵਾਰ ਦੇ ਰਿਸ਼ਤਿਆਂ ਦੀ ਤਬਦੀਲੀ ਮੁਖੀ ਤੇ ਫ਼ੈਸਲਾਕੁਨ ਰੋਲ ਅਦਾ ਕਰਦੀ ਹੈ। ਮਤਲਬ ਹੈ ਪਹਿਲਾਂ ਪੈਦਾਵਾਰ ਦੇ ਰਿਸ਼ਤੇ ਬਦਲਣੇ ਪੈਂਦੇ ਹਨ ਤੇ ਉਹਨਾਂ ਦੇ ਤਬਦੀਲ ਹੋਇਆਂ ਹੀ ਪੈਦਾਵਾਰ ਦੀਆਂ ਸ਼ਕਤੀਆਂ ਦੀ ਉਸਾਰੀ ਦਾ ਰਾਹ ਖੁਲ੍ਹਦਾ ਹੈ।* ਪੈਦਾਵਾਰ ਦੀਆਂ

ਸ਼ਕਤੀਆਂ ਦੀ ਬੰਦ-ਖਲਾਸ ਪੈਦਾਵਾਰ ਦੇ ਰਿਸ਼ਤਿਆਂ ਦੀ ਤਬਦੀਲੀ 'ਤੇ ਮੁਨਹੱਸਰ ਹੁੰਦੀ ਹੈ। ਜਦੋਂ ਸਿਧਾਂਤ ਬਗ਼ੈਰ ਅਮਲ ਮੁਮਕਿਨ ਹੀ ਨਾ ਹੋਵੇ, ਉਸ ਹਾਲਤ ਵਿਚ ਸਿਧਾਂਤ ਦੀ ਰਚਨਾ ਤੇ ਉਸ ਦੀ ਵਕਾਲਤ ਦਾ ਰੋਲ ਮੁਖੀ ਤੇ ਫ਼ੈਸਲਾਕੁਨ ਹੁੰਦਾ ਹੈ। ਸਿਧਾਂਤ ਦੇ ਇਸ ਰੋਲ ਨੂੰ ਸਪਸ਼ਟ ਕਰਦਿਆਂ ਹੀ ਲੈਨਿਨ ਨੇ ਕਿਹਾ ਸੀ ਕਿ ਇਨਕਲਾਬੀ ਸਿਧਾਂਤ ਤੋਂ ਬਗ਼ੈਰ ਕੋਈ ਇਨਕਲਾਬੀ ਲਹਿਰ ਮੁਮਕਿਨ ਹੀ ਨਹੀਂ। ਜਦੋਂ ਕੋਈ ਵੀ ਕੰਮ ਕਰਨਾ ਹੋਵੇ ਅਤੇ ਉਸ ਦੇ ਕਰਨ ਵਾਸਤੇ ਕੋਈ ਹਿਦਾਇਤ, ਤਰੀਕਾ, ਪਲਾਨ, ਜਾਂ ਨੀਤੀ ਨਾ ਉਲੀਕੀ ਗਈ ਹੋਵੇ, ਤਾਂ ਉਸ ਵਕਤ ਹਿਦਾਇਤ, ਤਰੀਕਾ, ਪਲਾਨ ਜਾਂ ਨੀਤੀ ਮੁਖੀ ਤੇ ਫ਼ੈਸਲਾਕੁਨ ਹੁੰਦੀ ਹੈ। ਮਤਲਬ ਹੈ ਪਲਾਨ, ਨੀਤੀ ਆਦਿ ਪਹਿਲਾਂ ਤੈਅ ਹੋਵੇਗੀ ਤੇ ਕੰਮ ਉਸ ਅਨੁਸਾਰ ਸ਼ੁਰੂ ਹੋਵੇਗਾ। ਜਦੋਂ ਆਰਥਕ ਨੀਂਹ ਦੀ ਉਸਾਰੀ ਦੇ ਰਾਹ ਵਿਚ ਉਸਾਰ (ਸਿਆਸਤ, ਕਲਚਰ ਆਦਿ) ਬੰਨ੍ਹ ਮਾਰ ਕੇ ਬੈਠਾ ਹੋਇਆ ਹੋਵੇ ਤਾਂ ਸਿਆਸੀ ਤੇ ਕਲਚਰਲ ਤਬਦੀਲੀ ਮੁਖੀ ਤੇ ਫ਼ੈਸਲਾਕੁਨ ਹੋ ਜਾਂਦੀ ਹੈ। ਮਤਲਬ ਹੈ — ਪਹਿਲਾਂ ਸਟੇਟ ਤੇ ਕਲਚਰ ਬਦਲਣੀਆਂ ਪੈਂਦੀਆਂ ਹਨ ਤੇ ਬਦਲੀਆਂ ਹੋਈਆਂ ਦੇ ਹੁੜੇ ਨਾਲ, ਉਹਨਾਂ ਦੀ ਤਾਕਤ ਨਾਲ ਆਰਥਕ ਨੀਂਹ ਦੀ, ਪੈਦਾਵਾਰ ਦੇ ਰਿਸ਼ਤਿਆਂ ਦੀ ਤਬਦੀਲੀ ਕੀਤੀ ਜਾਂਦੀ ਹੈ ਤੇ ਅਗੋਂ ਉਹਨਾਂ ਦੇ ਰਾਹੀਂ ਪੈਦਾਵਾਰ ਦੀਆਂ ਸ਼ਕਤੀਆਂ ਦੀ ਉਸਾਰੀ ਹੁੰਦੀ ਹੈ, ਉਹਨਾਂ ਦੀ ਬੰਦ-ਖਲਾਸ ਹੁੰਦੀ ਹੈ, ਤੇ ਉਹਨਾਂ ਦੀ ਉਸਾਰੀ ਦਾ ਰਾਹ ਖੁਲ੍ਹਦਾ ਹੈ।

ਅਸੀਂ ਮੰਨਦੇ ਹਾਂ ਕਿ ਇਤਿਹਾਸ ਦੀ ਸਮੁਚੀ ਉਸਾਰੀ ਵਿਚ ਤਾਂ ਰੂਹਾਨੀ ਚੀਜ਼ਾਂ ਦੀ ਸਿਰਜਣਾ ਪਦਾਰਥਕ ਚੀਜ਼ਾਂ ਤੋਂ ਹੁੰਦੀ ਹੈ, ਅਤੇ ਸਮਾਜਕ ਚੇਤਨਤਾ ਨੂੰ ਸਮਾਜਕ ਜੀਵਨ ਹੀ ਸਿਰਜਦਾ ਤੇ ਤਰਤੀਬ ਦੇਂਦਾ ਹੈ, ਪਰ ਨਾਲ ਹੀ ਅਸੀਂ ਇਹ ਵੀ ਮੰਨਦੇ ਹਾਂ ਅਤੇ ਸਾਡੇ ਵਾਸਤੇ ਮੰਨਣਾ ਜ਼ਰੂਰੀ ਹੈ ਕਿ ਰੂਹਾਨੀ ਚੀਜ਼ਾਂ ਦਾ ਅਤੇ ਸਮਾਜਕ ਚੇਤਨਤਾ ਦਾ ਵੀ ਸਮਾਜਕ ਜੀਵਨ ਉਤੇ ਮੋੜਵਾਂ ਅਸਰ ਪੈਂਦਾ ਹੈ। ਨੀਂਹ, ਪੈਦਾਵਾਰ ਦੇ ਰਿਸ਼ਤੇ ਹੀ ਆਪਣਾ ਉਸਾਰ ਨਹੀਂ ਸਿਰਜਦੇ, ਉਸਾਰ ਵੀ, ਸਟੇਟ, ਸਿਆਸਤ, ਕਲਚਰ ਆਦਿ ਵੀ ਨੀਂਹ, ਪੈਦਾਵਾਰ ਦੇ ਰਿਸ਼ਤਿਆਂ 'ਤੇ ਮੋੜਵਾਂ ਅਸਰ ਪਾਉਂਦੇ ਹਨ। ਰੂਹਾਨੀ ਚੀਜ਼ਾਂ ਦੇ ਪਦਾਰਥਕ ਚੀਜ਼ਾਂ 'ਤੇ, ਸਮਾਜਕ ਚੇਤਨਤਾ ਦੇ ਸਮਾਜਕ ਜੀਵਨ 'ਤੇ ਅਤੇ ਉਸਾਰ (ਸਿਆਸਤ, ਕਲਚਰ) ਦੇ ਨੀਂਹ 'ਤੇ, ਪੈਦਾਵਾਰ ਦੇ ਰਿਸ਼ਤਿਆਂ 'ਤੇ ਅਸਰ ਨੂੰ ਮੰਨਣਾ ਪਦਾਰਥਵਾਦ ਦੇ ਵਿਰੁਧ ਨਹੀਂ ਹੈ।

ਬੁਨਿਆਦੀ ਗੱਲ ਸਮਝਣ ਵਾਲੀ ਹੈ ਪਦਾਰਥ (matter) ਤੇ ਚੇਤਨਤਾ ਦੇ ਆਪਸ ਵਿਚ ਡਾਇਲੈਕਟਿਕ ਰਿਸ਼ਤੇ ਦੀ, ਅਤੇ ਇਹਨਾਂ ਦੋਹਾਂ ਦੀ ਲਗਾਤਾਰ ਇਕ ਦੂਸਰੇ ਵਿਚ ਹੁੰਦੀ ਤਬਦੀਲੀ, ਤਰਜਮਾਨੀ ਦੀ। ਵਿਰੋਧ (contradiction) ਦੇ ਦੋ ਪਹਿਲੂਆਂ ਵਿਚੋਂ ਵਿਰੋਧੀਆਂ ਦੀ ਏਕਤਾ (identity) ਇਕ ਪਾਸਾ ਹੈ ਅਤੇ ਦੂਸਰਾ ਹੈ ਉਹਨਾਂ ਦੀ ਆਪਸ ਵਿਚ ਜਦੋ-ਜਹਿਦ। ਵਿਰੋਧੀਆਂ ਦੀ ਏਕਤਾ ਦਾ ਇਹ ਮਤਲਬ ਨਹੀਂ ਕਿ ਉਹ ਦੋਵੇਂ ਇਕ ਦੂਸਰੇ ਦਾ ਸਰੂਪ ਹਨ। ਇਸ ਦਾ ਮਤਲਬ ਹੈ ਕਿ ਉਹ ਆਪਸ ਵਿਚ ਸਬੰਧਤ ਹਨ। ਉਹਨਾਂ ਦਾ ਤਾਣਾ-ਪੇਟਾ ਆਪਸ ਵਿਚ ਰਲਿਆ ਹੋਇਆ ਹੈ (inter-connected)। ਉਹ ਇਕ ਦੂਸਰੇ 'ਤੇ ਨਿਰਭਰ (inter-dependent) ਹਨ। ਮਤਲਬ ਹੈ ਇਕ ਤੋਂ ਬਗ਼ੈਰ ਦੂਸਰਾ ਹੋ ਨਹੀਂ ਸਕਦਾ, ਰਹਿ ਨਹੀਂ ਸਕਦਾ। ਉਹ ਇਕ ਦੂਸਰੇ ਵਿਚ ਧੁਸਰਦੇ (interpenetrate) ਹਨ। ਇਸ ਤੋਂ ਉਪਰੰਤ ਮਤਲਬ ਹੈ ਕਿ ਖ਼ਾਸ ਹਾਲਾਤ ਵਿਚ ਉਹ ਇਕ ਦੂਸਰੇ ਵਿਚ ਤਬਦੀਲ ਕੀਤੇ ਜਾ ਸਕਦੇ ਹਨ।

ਸੋਚਣ (thinking) ਤੇ ਥੀਣ, ਅਮਲੀ ਜੀਊਣ (being) ਦੇ ਆਪਸੀ ਰਿਸ਼ਤੇ ਵਿਚ



ਇਸ ਦਾ ਮਤਲਬ ਹੈ ਕਿ ਅਮਲੀ ਜੀਊਣ, ਸੋਚਣ ਵਿਚ ਤਬਦੀਲ ਹੋ ਸਕਦਾ ਹੈ, ਸੋਚਣ ਦੀ, ਖ਼ਿਆਲ ਦੀ ਸ਼ਕਲ ਅਖ਼ਤਿਆਰ ਕਰ ਸਕਦਾ ਹੈ ਅਤੇ ਖ਼ਿਆਲ ਮੁੜ ਜੀਊਣ (being) ਵਿਚ ਬਦਲ ਸਕਦਾ ਹੈ। ਜੇ ਜੀਊਣ ਖ਼ਿਆਲ ਵਿਚ ਨਹੀਂ ਬਦਲ ਸਕਦਾ, ਜੇ ਪਦਾਰਥ ਚੇਤਨਤਾ ਦੀ ਸ਼ਕਲ ਅਖ਼ਤਿਆਰ ਨਹੀਂ ਕਰ ਸਕਦਾ ਤਾਂ ਖ਼ਿਆਲ, ਚੇਤਨਤਾ ਆਉਂਦੇ ਕਿਥੋਂ ਹਨ ? ਸਮਾਜ ਤੇ ਕੁਦਰਤ ਨੂੰ ਬਦਲਣ ਵਾਸਤੇ ਮੁਲਖੱਈਏ ਦੀ ਅਗਵਾਈ ਕਰਨ ਵਿਚ ਇਨਕਲਾਬੀ ਲਾਈਨ ਦਾ ਫ਼ੈਸਲਾਕੁਨ ਰੋਲ ਤਾਂ ਹੀ ਸਮਝਿਆ ਜਾ ਸਕਦਾ ਹੈ ਜੇ ਖ਼ਿਆਲ ਦੇ ਮੁੜ ਪਦਾਰਥ ਵਿਚ ਬਦਲ ਜਾਣ ਦੇ ਕਾਨੂੰਨ ਨੂੰ ਸਮਝਿਆ ਜਾਵੇ। ਵਿਰੋਧੀਆਂ ਦਾ ਇਕ ਦੂਸਰੇ ਦੀ ਸ਼ਕਲ ਅਖ਼ਤਿਆਰ ਕਰਨ ਦਾ ਕਾਨੂੰਨ ਸਿਰਫ਼ ਪੈਦਾਵਾਰ ਦੀਆਂ ਸ਼ਕਤੀਆਂ ਤੇ ਪੈਦਾਵਾਰ ਦੇ ਰਿਸ਼ਤਿਆਂ ਤੇ ਨੀਂਹ ਤੇ ਉਸਾਰ 'ਤੇ ਹੀ ਲਾਗੂ ਨਹੀਂ ਬਲਕਿ ਅਮਲ ਤੇ ਸਿਧਾਂਤ 'ਤੇ ਵੀ ਲਾਗੂ ਹੈ। ਅਮਲ ਸਿਧਾਂਤ ਨੂੰ ਜਨਮ ਦੇਂਦਾ ਹੈ ਅਤੇ ਦੂਸਰੇ ਪਾਸੇ ਤੋਂ ਸਿਧਾਂਤ ਅਮਲ ਪੈਦਾ ਕਰ ਸਕਦਾ ਹੈ। (There can be no revolutionary movement without the revolutionary theory. Lenin) ਇਹ ਠੀਕ ਹੈ ਕਿ ਆਮ ਤੌਰ 'ਤੇ ਅਮਲ ਮੁਖੀ (Principal) ਹੁੰਦਾ ਹੈ। ਸਿਧਾਂਤ ਉਤੇ ਉਸ ਦੀ ਪਹਿਲ ਹੈ। ਪਰ ਖ਼ਾਸ ਹਾਲਾਤ ਵਿਚ, ਕਈ ਵੇਰ, ਇਹ ਰਿਸ਼ਤਾ ਉਲਟਾ ਹੋ ਜਾਂਦਾ ਹੈ। ਸਿਧਾਂਤ ਮੁਖੀ ਹੋ ਜਾਂਦਾ ਹੈ। ਪਹਿਲ ਕਰਦਾ ਹੈ। ਗਲ ਪਹੁੰਚੀ ਕਿਥੇ ? ਗਲ ਏਥੇ ਪਹੁੰਚੀ ਕਿ ਲਾਈਨ, ਨੀਤੀ ਹਨ ਚੇਤਨਤਾ, ਰੂਹਾਨੀ ਚੀਜ਼ਾਂ। ਪਰ ਇਹ ਪਦਾਰਥ ਵਿਚ, ਅਮਲ ਵਿਚ ਬਦਲ ਸਕਦੀਆਂ ਹਨ। ਇਨਕਲਾਬੀ ਅਮਲ ਪੈਦਾ ਕਰ ਸਕਦੀਆਂ ਹਨ। ਇਹ ਹੈ ਨੀਤੀ ਦੀ, ਲਾਈਨ ਦੀ, ਬੰਦੇ ਦੀ ਚੇਤਨਤਾ ਦੀ ਬੇਇਨਤਹਾ ਅਹਿਮੀਅਤ !

ਬੰਦੇ ਦੀ ਚੇਤਨਤਾ ਬਹੁਤ ਵੱਡੀ ਤਾਕਤ ਹੈ। ਮੁਲਖੱਈਏ ਦੀ ਚੇਤਨਤਾ ਤਾਕਤ ਦਾ ਹੜ੍ਹ ਹੈ। ਜਦੋਂ ਤੁਰ ਪਏ ਧੂਹ ਪਾ ਦੇਂਦੀ ਹੈ। ਉਸ ਦੇ ਅੱਗੇ ਕੋਈ ਠਹਿਰ ਨਹੀਂ ਸਕਦਾ। ਸੋ ਚੇਤਨਤਾ ਤੇ ਪਦਾਰਥ ਦਾ ਆਪਸ ਵਿਚ ਡਾਇਲੈਕਟਿਕ ਰਿਸ਼ਤਾ, ਉਹਨਾਂ ਦੋਹਾਂ ਦੀ ਏਕਤਾ (identity) ਅਤੇ ਇਸ ਵਾਸਤੇ ਉਹਨਾਂ ਦੀ ਆਪਸ ਵਿਚ ਤਬਦੀਲ ਹੋਣ ਦੀ ਸੰਭਾਵਨਾ—ਮਾਰਕਸਵਾਦ ਦਾ ਬਹੁਤ ਹੀ ਅਹਿਮ ਅਸੂਲ ਹੈ। ਇਸ ਪ੍ਰਸਪਰ ਤਬਦੀਲੀ ਦੀ ਸੰਭਾਵਨਾ ਨੂੰ ਸਹੀ ਸਮਝਣ ਤੋਂ ਬਗ਼ੈਰ ਮਾਰਕਸਵਾਦ ਦੇ ਅਸਲੇ ਦੀ ਸਮਝ ਨਹੀਂ ਆ ਸਕਦੀ, ਅਤੇ ਨਾ ਹੀ ਸਮਾਜਕ ਵੇਗ ਵਿਚ ਚੇਤਨਤਾ ਦੇ ਕਾਇਆਂ-ਪਲਟਾਊ ਰੋਲ ਦੀ, ਲਾਈਨ ਦੀ, ਸਿਧਾਂਤ ਦੀ ਅਹਿਮੀਅਤ ਦੀ ਸਮਝ ਆ ਸਕਦੀ ਹੈ। ਚੀਨ ਦਾ ਕਲਚਰਲ ਇਨਕਲਾਬ ਕੀ ਸੀ ? ਮੁਲਖੱਈਏ ਦੇ ਪੈਮਾਨੇ 'ਤੇ ਸਿਧਾਂਤ ਦੀ ਤੂਫ਼ਾਨੀ ਪਦਾਰਥਕ ਤਾਕਤ ਵਿਚ ਤਬਦੀਲੀ, ਇਸ ਦੀ ਤਰਜਮਾਨੀ। ਸਾਧਾਰਨ ਬੋਲੀ ਵਿਚ ਕੀ ਮਤਲਬ ਹੈ ? ਮਤਲਬ ਹੈ ਸਮਾਜਕ ਵੇਗ ਦੀ ਕਾਇਆਂ-ਪਲਟੀ ਵਿਚ ਸਿਆਸਤ ਦਾ, ਕਲਚਰ ਦਾ, ਉਸਾਰ ਦਾ ਰੋਲ। ਮਸਲਾ ਹੈ ਦੁਨੀਆਂ ਦੀ, ਲੋਕਾਂ ਦੀ ਕਾਇਆਂ-ਪਲਟੀ ਕਰਨ ਦਾ। ਇਸ ਵਾਸਤੇ ਲਾਜ਼ਮੀ ਹੈ—ਇਨਕਲਾਬੀ ਅਮਲ। ਇਨਕਲਾਬੀ ਅਮਲ ਵਾਸਤੇ ਲਾਜ਼ਮੀ ਹੈ—ਉਸ ਦੀ ਅਗਵਾਈ। ਇਸ ਵਾਸਤੇ ਹੀ ਮਾਓ ਨੇ ਬੇਇਨਤਹਾ ਤਰਜੀਹ ਦਿਤੀ ਹੈ ਉਸਾਰ ਦੇ ਨੀਂਹ ਉਤੇ ਮੋੜਵੇਂ ਅਸਰ 'ਤੇ, ਸਟੇਟ 'ਤੇ ਕਬਜ਼ਾ ਕਰਨ ਦੀ ਤਿਆਰੀ ਦੀ ਸਟੇਜ 'ਤੇ। ਉਸ 'ਤੇ ਕਬਜ਼ਾ ਕਰਨ ਦੇ ਵੇਗ ਵਿਚ, ਇਨਕਲਾਬ ਲਿਆਉਣ ਦੇ ਵੇਗ ਵਿਚ ਤੇ ਸਟੇਟ 'ਤੇ ਕਬਜ਼ਾ ਕਰ ਕੇ ਇਨਕਲਾਬ ਨੂੰ ਜਾਰੀ ਰਖਣ ਵਾਸਤੇ ਉਸਾਰ ਨੂੰ ਮੁਖੀ ਰਖਣਾ ਲਾਜ਼ਮੀ ਹੈ। ਇਸ ਵਾਸਤੇ ਹੀ ਮਾਓ ਦੀ ਤਰਜੀਹ ਦਾ ਮੂਲ ਹੈ : ਆਧਾਰ ਚੀਜ਼ਾਂ ਨਹੀਂ, ਟੈਕਨਾਲੋਜੀ ਨਹੀਂ, ਟੈਕਨੀਕ ਨਹੀਂ। ਆਧਾਰ ਹਨ— ਲੋਕ, ਮੁਲਖੱਈਏ ਦਾ ਚੇਤੰਨ ਤੌਰ 'ਤੇ ਹਰਕਤ ਵਿਚ ਆਉਣਾ। ਲੋਕ ਲਾਈਨ। ਇਨਕਲਾਬੀ ਲਹਿਰ ਦੀ ਅਗਵਾਈ ਕਰਦਿਆਂ ਲੈਨਿਨ ਨੇ ਵੀ ਏਸੇ ਨੁਕਤੇ 'ਤੇ ਜ਼ੋਰ

ਦਿਤਾ ਹੈ। (What Is To Be done)

ਇਹ ਦਵੱਲਾ ਅਸਰ ਡਾਇਲੈਕਟੀਕਲ ਪਦਾਰਥਵਾਦ ਦੀ ਜਿੰਦ ਜਾਨ ਹੈ। ਸਿਰਫ਼ ਪਦਾਰਥਕ ਚੀਜ਼ਾਂ, ਸਮਾਜਕ ਜੀਵਨ ਤੇ ਨੀਂਹ ਨੂੰ ਹੀ ਸਿਰਜਣਹਾਰ ਮੰਨਣਾ ਤੇ ਇਹਨਾਂ ਉਤੇ ਰੂਹਾਨੀ ਚੀਜ਼ਾਂ, ਸਮਾਜਕ ਚੇਤਨਾ ਤੇ ਉਸਾਰ ਦੇ ਪੈਂਦੇ ਮੋੜਵੇਂ ਅਸਰ ਤੋਂ ਮੁਨਕਰ ਹੋਣਾ ਮਕਾਨਕੀ ਪਦਾਰਥਵਾਦ ਦੇ ਸ਼ਿਕਾਰ ਹੋਣਾ ਹੈ। ਰਿਸ਼ਤੇ ਦੀ ਡਾਇਲੈਕਟਿਕ ਅਸਲੀਅਤ 'ਤੇ ਸਿਆਹੀ ਫੇਰਨਾ ਹੈ। ਮੁਕਦੀ ਗੱਲ ਇਹ ਕਿ ਨੀਂਹ, ਪੈਦਾਵਾਰ ਦੇ ਰਿਸ਼ਤੇ ਮੁਖੀ ਹਨ। ਉਹਨਾਂ ਦੀ ਉਸਾਰ 'ਤੇ ਪਹਿਲ ਹੈ। ਇਸ ਹੱਦ ਤਕ ਕਿ ਇਕ ਤਾਂ ਵਿਚ-ਵਿਚਾਲੇ ਦੇ ਸਾਰੇ ਦੌਰ ਵਾਸਤੇ ਨੀਂਹ ਉਸਾਰ ਦੀ ਤਾਸੀਰ ਸਿਰਜਦੀ ਹੈ (Base deteımines for the transitional period as a whole the character of the superstructure) ਉਸ ਦੀ ਸਿਰਜਣਾ ਵਿਚ ਫ਼ੈਸਲਾਕੁਨ ਹੈ। ਮਿਸਾਲ ਦੇ ਤੌਰ 'ਤੇ ਮਤਲਬ ਹੈ ਕਿ ਸਮਾਜਵਾਦ ਦੇ ਸਾਰੇ ਦੌਰ ਵਿਚ ਸਟੇਟ ਅਲੋਪ ਨਹੀਂ ਹੋ ਸਕਦੀ। ਪਰੋਲਤਾਰੀ ਦੀ ਡਿਕਟੇਟਰਸ਼ਿਪ ਦਾ ਰਹਿਣਾ ਲਾਜ਼ਮੀ ਹੈ। ਇਹ ਨੀਂਹ ਦੀ ਕਰਨੀ ਹੈ। ਉਸਾਰ ਇਸ ਤੋਂ ਬਾਹਰ ਨਹੀਂ ਜਾ ਸਕਦਾ। ਦੂਸਰੇ ਇਨਕਲਾਬ ਦੀ ਉਸਾਰੀ ਦੀ ਹਰ ਸਟੇਜ 'ਤੇ ਨੀਂਹ ਹੱਦ ਪਾਉਂਦੀ ਹੈ ਜਿਸ ਦੇ ਅੰਦਰ ਅੰਦਰ ਹੀ ਉਸਾਰ ਨੀਂਹ 'ਤੇ ਮੋੜਵਾਂ ਅਸਰ ਪਾ ਸਕਦਾ ਹੈ (at each stage of development of the revolution it sets the limits or terms in which the superstructure can exercise its influence)। ਸਮਾਜਵਾਦ ਦੇ ਸਾਰੇ ਦੌਰ ਵਿਚ. ਇਨਕਲਾਬ ਦੀ ਉਸਾਰੀ ਦੀ ਸਟੇਜ ਦੇ ਅਨੁਸਾਰ, ਜਮਾਤੀ ਜਦੋ-ਜਹਿਦ ਨਾਲ ਬੁਰਜੁਆ ਹੱਕ ਦੇ ਗਲ ਗੂਠਾ ਹੀ ਦਿਤਾ ਜਾ ਸਕਦਾ ਹੈ, ਉਸ ਨੂੰ ਬਿਲਕੁਲ ਖ਼ਤਮ ਨਹੀਂ ਕੀਤਾ ਜਾ ਸਕਦਾ। ਪਰ ਉਸਾਰ ਨੀਂਹ 'ਤੇ ਅਸਰ ਹਮੇਸ਼ਾਂ ਹੀ ਕਰਦਾ ਹੈ ਅਤੇ ਉਹ ਵੀ ਬੇਇਨਤਹਾ। ਇਹ ਅਸਰ ਕਿੰਨਾ ਕੁ ਹੁੰਦਾ ਹੈ—ਇਹ ਕਮਿਊਨਿਸਟ ਪਾਰਟੀ ਤੇ ਉਸ ਦੀ ਲਈ ਲਾਈਨ ਅਤੇ ਉਸ ਦੇ ਆਧਾਰ 'ਤੇ ਮੁਲਖੱਈਏ ਕੋਲੋਂ ਕਰਵਾਈ ਜਮਾਤੀ ਜਦੋ-ਜਹਿਦ ਦੀ ਕਰਨੀ ਤੇ ਉਸ ਕਰਨੀ ਦੇ ਹੋਏ ਅਸਰ ਤੋਂ ਜ਼ਾਹਿਰ ਹੈ।

ਉਸਾਰ ਦੀ ਅਹਿਮੀਅਤ ਤੇ ਉਸ ਦਾ ਰੋਲ ਤਾਂ ਸਪਸ਼ਟ ਹੁੰਦਾ ਹੈ ਜੇ ਸਮਾਜਵਾਦੀ ਇਨਕਲਾਬ ਲਿਆਉਣ ਦੇ ਵੇਗ ਤੇ ਉਸ ਦੇ ਮਗਰੋਂ ਸਮਾਜਵਾਦ ਦੀ ਉਸਾਰੀ ਦੇ ਵੇਗ ਨੂੰ ਅੰਦਰੋਂ ਫੋਲਿਆ ਜਾਵੇ। ਸੇਧ ਦੇ ਸਫ਼ਿਆਂ ਵਿਚ ਇਹ ਤਾਂ ਬਾਰ ਬਾਰ ਸਾਫ਼ ਕੀਤਾ ਗਿਆ ਹੈ ਕਿ ਜਿਸ ਤਰ੍ਹਾਂ ਪੈਦਾਵਾਰ ਦਾ ਬੁਰਜੁਆ ਰੂਪ ਫਿਊਡਲ ਨਿਜ਼ਾਮ ਦੀ ਕੁੱਖ ਵਿਚ ਆਪਣੇ ਆਪ ਉੱਸਰ ਆਇਆ ਸੀ, ਇਸ ਤਰ੍ਹਾਂ ਪੈਦਾਵਾਰ ਦਾ ਸਮਾਜਵਾਦੀ ਰੂਪ (ਸਮਾਜਵਾਦ) ਸਰਮਾਏਦਾਰੀ ਦੀ ਕੁੱਖ ਵਿਚ, ਆਪਣੇ ਆਪ ਨਹੀਂ ਉੱਸਰ ਸਕਦਾ। ਪੈਦਾਵਾਰ ਦੇ ਬੁਰਜੁਆ ਰੂਪ ਦੇ ਉੱਸਰਨ ਦਾ ਮਤਲਬ ਕੀ ਹੈ? ਇਸ ਦਾ ਰੋਲ ਕੀ ਹੈ?

ਪੈਦਾਵਾਰ ਦੇ ਬੁਰਜੁਆ ਰੂਪ ਦੀ ਉਸਾਰੀ ਦਾ ਮਤਲਬ ਹੈ ਪੈਦਾਵਾਰ ਦੇ ਬੁਰਜੁਆ ਰਿਸ਼ਤਿਆਂ ਦੀ ਉਸਾਰੀ, ਬੁਰਜੁਆ ਨੀਂਹ ਦੀ ਉਸਾਰੀ। ਬੁਰਜੁਆ ਰਿਸ਼ਤਿਆਂ, ਬੁਰਜੁਆ ਨੀਂਹ ਦੀ ਉਸਾਰੀ ਦਾ ਰੋਲ ਹੈ—ਆਪਣੇ ਅਨੁਸਾਰੀ ਉਸਾਰ ਦੀ ਉਤਪਤੀ ਤੇ ਉਸ ਦੀ ਉਸਾਰੀ ਵਾਸਤੇ ਲੀਵਰ ਬਣਨਾ। ਫਿਊਡਲ ਸਟੇਟ ਦੇ ਵਿਰੁਧ ਬੁਰਜੁਆ ਇਨਕਲਾਬ ਵਾਸਤੇ ਲੀਵਰ ਬਣਨਾ। ਸਰਮਾਏਦਾਰੀ ਦੀ ਕੁੱਖ ਵਿਚ ਪੈਦਾਵਾਰ ਦਾ ਸਮਾਜਵਾਦੀ ਰੂਪ ਆਪਣੇ ਆਪ ਚੂੰਕਿ ਜਨਮ ਹੀ ਨਹੀਂ ਲੈ ਸਕਦਾ, ਇਸ ਵਾਸਤੇ ਸਮਾਜਵਾਦੀ ਇਨਕਲਾਬ ਵਾਸਤੇ ਬੁਰਜੁਆ ਇਨਕਲਾਬ ਵਾਲਾ ਰਾਹ ਬੰਦ ਹੈ। ਸੋ ਸਮਾਜਵਾਦੀ ਇਨਕਲਾਬ, ਸਮਾਜਵਾਦ ਵਾਸਤੇ ਇਨਕਲਾਬ ਹੋ ਚੁਕੇ ਸਭ ਇਨਕਲਾਬਾਂ ਨਾਲੋਂ ਬਤੌਰ ਕਿਸਮ ਵੱਖਰਾ



ਹੈ। ਇਹ ਆਪਣੀ ਨੀਂਹ ਦਾ ਲਿਆਂਦਾ ਨਹੀਂ ਆਉਂਦਾ। ਬੁਰਜੁਆ ਵੇਗ ਦੇ ਅੰਦਰੂਨੀ ਵਿਰੋਧਾਂ ਦੇ ਪ੍ਰਸੰਗ ਵਿਚ ਇਹ ਉਸਾਰ ਦਾ ਲਿਆਂਦਾ ਆਉਂਦਾ ਹੈ। ਮਾਰਕਸਵਾਦ ਬੁਰਜੁਆ ਸਮਾਜ ਵਿਚ ਪੈਦਾ ਹੋਇਆ। ਪਰ ਪੈਦਾਵਾਰ ਦੇ ਬੁਰਜੁਆ ਵੇਗ ਦਾ ਪੈਦਾ ਕੀਤਾ ਨਹੀਂ, ਬਲਕਿ ਬੁਰਜੁਆਜ਼ੀ ਦੇ ਵਿਰੁਧ, ਆਪਣੀ ਰਿਹਾਈ ਵਾਸਤੇ, ਵਰਕਰਾਂ ਦੀ ਕੀਤੀ ਜਮਾਤੀ ਜਦੋ-ਜਹਿਦ ਦਾ ਪੈਦਾ ਕੀਤਾ। ਇਹ ਹੈ ਕੀ? ਬੁਰਜੁਆਜ਼ੀ ਦੇ ਵਿਰੁਧ ਵਰਕਰਾਂ ਦੀ ਕੀਤੀ ਜਦੋ-ਜਹਿਦ ਦੇ ਅਨੁਭਵ ਦੀ ਜਨਰਲਾਈਜ਼ੇਸ਼ਨ। ਉਸ ਜਦੋ-ਜਹਿਦ ਦੇ ਅਨੁਭਵ ਤੋਂ ਅਰਕਿਆ, ਉਹਨਾਂ ਦੀ ਸਰਮਾਏ ਤੋਂ ਰਿਹਾਈ ਦਾ ਸਿਧਾਂਤ। ਚੂੰਕਿ ਉਹਨਾਂ ਦੀ ਰਿਹਾਈ ਦਾ ਸਿਧਾਂਤ ਹੈ ਇਹ ਮੁੜਦੀ ਪੈਰੀਂ ਉਹਨਾਂ ਦੀ ਜਦੋ-ਜਹਿਦ ਦੀ ਰਹਿਨੁਮਾਈ ਕਰਦਾ ਹੈ। ਸਮਾਜਵਾਦੀ ਇਨਕਲਾਬ ਆਉਂਦਾ ਹੈ ਬੁਰਜੁਆ ਵੇਗ ਦੇ ਅੰਦਰੂਨੀ ਵਿਰੋਧਾਂ ਦੇ ਪ੍ਰਸੰਗ ਵਿਚ, ਉਹਨਾਂ ਦੇ ਹਲ ਵਾਸਤੇ, ਮਾਰਕਸਵਾਦ ਦੀ ਅਗਵਾਈ ਹੇਠ ਆਰਥਕ, ਸਿਆਸੀ, ਵਿਚਾਰਧਾਰਕ ਜਮਾਤੀ ਜਦੋ-ਜਹਿਦ ਨਾਲ, ਪਰੋਲਤਾਰੀ ਦੇ ਪੈਂਤੜੇ ਦੇ ਹਿਤੀ ਚੇਤਨਤਾ, ਵਰਕਰਾਂ ਮੁਲਖੱਈਏ ਆਦਿ ਵਿਚ ਜਮਾਤੀ ਚੇਤਨਤਾ ਪੈਦਾ ਕੀਤਿਆਂ। ਅਤੇ ਉਸ ਦੀ ਪੈਦਾ ਕੀਤੀ ਲੋਕ-ਰਾਏ ਨੂੰ ਜਥੇਬੰਦ ਕੀਤਿਆਂ। ਸਟੇਟ 'ਤੇ ਕਬਜ਼ਾ ਹੁੰਦਾ ਹੈ ਮਾਰਕਸਵਾਦੀ ਚੇਤਨਤਾ ਦੇ ਆਧਾਰ 'ਤੇ ਜਮਾਤੀ ਜਦੋ-ਜਹਿਦ ਨਾਲ।

ਸਾਰਾ ਵਿਚਾਰਧਾਰਕ ਖੇਤਰ ਹੈ ਉਸਾਰ ਦਾ ਅੰਗ। ਸਮਾਜਵਾਦੀ ਇਨਕਲਾਬ ਦਾ ਲੀਵਰ ਹੈ ਵਿਚਾਰ-ਧਾਰਕ ਖੇਤਰ, ਬੁਰਜੁਆ ਵੇਗ ਦੇ ਵਿਰੋਧਾਂ ਦੇ ਪ੍ਰਸੰਗ ਵਿਚ ਵਿਚਾਰਧਾਰਕ ਖੇਤਰ ਵਿਚ ਜਮਾਤੀ ਜਦੋ-ਜਹਿਦ। ਲਿਆਂਦਾ ਸਮਾਜਵਾਦੀ ਇਨਕਲਾਬ, ਸਟੇਟ ਦੀ ਕਾਇਆਂ-ਪਲਟੀ, ਪਰੋਲਤਾਰੀ ਦੀ ਡਿਕਟੇਟਰਸ਼ਿਪ ਦੀ ਸਥਾਪਤੀ ਹੈ - ਉਸਾਰ ਵਿਚ ਇਨਕਲਾਬ। ਨੀਂਹ ਦੀ ਤਬਦੀਲੀ ਵਾਸਤੇ ਰਾਹ ਹੀ ਖੁਲ੍ਹਦਾ ਹੈ ਇਨਕਲਾਬ ਦੇ ਆਇਆਂ। ਉਸ ਤੋਂ ਪਹਿਲਾਂ ਖੁਲ੍ਹ ਹੀ ਨਹੀਂ ਸਕਦਾ। ਨੀਂਹ ਦੀ ਤਬਦੀਲੀ ਵਾਸਤੇ ਲੀਵਰ ਹੈ ਉਸਾਰ—ਸਥਾਪਤ ਹੋਈ ਪਰੋਲਤਾਰੀ ਦੀ ਡਿਕਟੇਟਰਸ਼ਿਪ ਤੇ ਉਸ ਦੀ ਮਜ਼ਬੂਤੀ ਵਾਸਤੇ ਲਗਾਤਾਰ ਜਮਾਤੀ ਜਦੋ-ਜਹਿਦ—ਵਿਚਾਰਧਾਰਕ ਜਮਾਤੀ ਜਦੋ-ਜਹਿਦ।

ਪੈਦਾਵਾਰ ਦਾ ਬੁਰਜੁਆ ਰੂਪ ਫਿਊਡਲ ਦੀ ਕੁੱਖ ਵਿਚ, ਆਪਣੇ ਆਪ ਜਨਮ ਹੀ ਨਹੀਂ ਲੈਂਦਾ। ਜਨਮ ਲੈ ਕੇ ਉਹ ਆਪਣੇ ਆਪ ਉੱਸਰਦਾ ਵੀ ਜਾਂਦਾ ਹੈ। ਪੈਦਾਵਾਰ ਮੰਡੀ ਵਾਸਤੇ ਹੁੰਦੀ ਹੈ ਜਿਨਸਾਂ ਦੇ ਰੂਪ ਵਿਚ ਅਤੇ ਵਾਧੂ ਕਦਰ ਦਾ ਕਾਨੂੰਨ ਸਰਮਾਇਆ ਵਧਾਈ ਤੁਰਿਆ ਜਾਂਦਾ ਹੈ ਤੇ ਬੁਰਜੁਆ ਨਿਜ਼ਾਮ ਵਧਦਾ, ਕਦ ਕਰਦਾ, ਆਪਣੇ ਪੈਰ ਪੱਕੇ ਕਰੀ ਜਾਂਦਾ ਹੈ। ਇਸ ਦੇ ਉਲਟ, ਸਮਾਜਵਾਦੀ ਇਨਕਲਾਬ ਦੇ ਆਇਆਂ ਵੀ, ਸਮਾਜਵਾਦ ਦੀ ਉਸਾਰੀ ਵਾਸਤੇ, ਤੇ ਉਸ ਤੋਂ ਅੱਗੇ ਕਮਿਊਨਿਸਟ ਸਮਾਜ ਵਲ ਤੋਰ ਵਾਸਤੇ ਵਾਧੂ ਕਦਰ ਵਰਗਾ ਕੋਈ ਕਾਨੂੰਨ ਨਹੀਂ ਹੈ ਜਿਸ ਦੇ ਨਾਲ ਸਮਾਜਵਾਦ ਆਪਣੇ ਆਪ ਉੱਸਰਦਾ ਤੁਰਿਆ ਜਾਵੇ। ਜਿਸ ਤਰ੍ਹਾਂ ਸਮਾਜਵਾਦੀ ਇਨਕਲਾਬ ਆਉਂਦਾ ਹੈ—ਬੁਰਜੁਆ ਸਮਾਜ ਦੇ ਅੰਦਰੂਨੀ ਵਿਰੋਧਾਂ ਦੇ ਪ੍ਰਸੰਗ ਵਿਚ ਉਸਾਰ ਦਾ ਲਿਆਂਦਾ, ਵਿਚਾਰਧਾਰਾ ਦੇ ਆਧਾਰ 'ਤੇ ਕੀਤੀ ਜਮਾਤੀ ਜਦੋ-ਜਹਿਦ ਦਾ ਲਿਆਂਦਾ, ਏਸੇ ਤਰ੍ਹਾਂ ਹੀ ਇਨਕਲਾਬ ਦੇ ਮਗਰੋਂ ਸਮਾਜਵਾਦ ਦੀ ਉਸਾਰੀ ਹੁੰਦੀ ਹੈ ਮੁਖੀ ਵਿਰੋਧ ਦੇ ਪ੍ਰਸੰਗ ਵਿਚ ਉਸਾਰ ਦੀ ਕੀਤੀ। ਸਮਾਜਵਾਦ ਉੱਸਰਦਾ ਹੈ ਵਰਕਰ ਆਦਿ ਜਮਾਤ ਦੀ ਚੇਤੰਨ ਕੋਸ਼ਿਸ਼ ਨਾਲ। ਮਾਰਕਸਵਾਦ ਦੀ ਅਗਵਾਈ ਹੇਠ ਲਈ ਵਿਚਾਰਧਾਰਕ ਤੇ ਸਿਆਸੀ ਲਾਈਨ ਨਾਲ। ਵਿਚਾਰਧਾਰਕ ਖੇਤਰ ਦੀ ਜਮਾਤੀ ਜਦੋ-ਜਹਿਦ ਦੀ ਪੈਦਾ ਕੀਤੀ ਚੇਤਨਤਾ ਨਾਲ, ਪੱਕੀ ਕੀਤੀ ਪਰੋਲਤਾਰੀ ਦੀ ਡਿਕਟੇਟਰਸ਼ਿਪ ਨਾਲ। ਉਸ ਦੇ ਅਧੀਨ ਅਤੇ ਉਸ ਦੀ ਤਾਕਤ ਨਾਲ, ਜਮਾਤੀ ਜਦੋ-ਜਹਿਦ ਰਾਹੀਂ ਨੇਪਰੇ ਚੜ੍ਹਾਈ ਸਿਆਸੀ ਲਾਈਨ ਨਾਲ।

ਸਪਸ਼ਟ ਹੈ ਕਿ ਸਰਮਾਏਦਾਰੀ ਦੇ ਅੰਦਰੂਨੀ ਵਿਰੋਧਾਂ ਦੇ ਪ੍ਰਸੰਗ ਵਿਚ, ਮੁਖੀ ਵਿਰੋਧ ਦੇ ਪ੍ਰਸੰਗ ਵਿਚ, ਉਸ ਦੀਆਂ ਜੜ੍ਹਾਂ 'ਤੇ ਮੋਹਰਲਾ ਵਜਦਾ ਕੁਹਾੜਾ ਹੈ—ਪਰੋਲਤਾਰੀ ਦੀ ਵਿਚਾਰਧਾਰਾ। ਵਿਚਾਰਧਾਰਾ ਦੇ ਆਧਾਰ 'ਤੇ ਜਮਾਤੀ ਜਦੋ-ਜਹਿਦ ਰਾਹੀਂ ਉੱਸਰਦੀ ਹੈ ਇਨਕਲਾਬੀ ਲਹਿਰ, ਤੇ ਖੁਲ੍ਹਦਾ ਹੈ ਰਾਹ—ਸਮਾਜਵਾਦੀ ਇਨਕਲਾਬ ਨੂੰ।

ਜਿਨ੍ਹਾਂ ਨੇ ਆਏ ਇਨਕਲਾਬ ਨੂੰ ਉਲਟ-ਇਨਕਲਾਬ ਬਣਾਉਣਾ ਹੁੰਦਾ ਹੈ ਉਹ ਹੀ ਪਰੋਲਤਾਰੀ ਦੀ ਵਿਚਾਰਧਾਰਾ ਨੂੰ, ਇਨਕਲਾਬੀ ਮਾਰਕਸਵਾਦ ਨੂੰ ਖੂਹ ਖਾਤੇ ਪਾਉਂਦੇ ਹਨ। ਉਸ ਨੂੰ ਬਣਾਉਂਦੇ ਹਨ ਇਕਾਨੋਮਿਜ਼ਮ ਤੇ ਵਰਕਰ ਜਮਾਤ ਨੂੰ ਕਰਦੇ ਹਨ ਵਿਚਾਰਧਾਰਕ ਤੌਰ 'ਤੇ ਨਿਹੱਥੀ। ਇਸ ਤੋਂ ਬਗ਼ੈਰ ਉਹਨਾ ਦਾ ਸਰ ਨਹੀਂ ਸਕਦਾ। ਸਮਾਜਵਾਦ ਵਿਚ, ਪਰੋਲਤਾਰੀ ਦੀ ਡਿਕਟੇਟਰਸ਼ਿਪ ਦੇ ਅਧੀਨ ਵੀ ਮੰਡੀ ਵਾਸਤੇ ਵਸਤਾਂ ਦੀ ਪੈਦਾਵਾਰ ਚਲਦੀ ਰਹਿੰਦੀ ਹੈ ਅਤੇ ਕਿਸੇ ਹੱਦ ਤਕ ਕਦਰ ਦੇ ਕਾਨੂੰਨ ਦਾ ਹੀ ਪ੍ਰਵੇਸ਼ ਹੁੰਦਾ ਹੈ। ਇਹ ਹੈ ਪਦਾਰਥਕ ਨੀਂਹ ਪੈਦਾਵਾਰ ਦੇ ਬੁਰਜੁਆ ਰਿਸ਼ਤਿਆਂ ਵਾਸਤੇ, ਬੁਰਜੁਆਜ਼ੀ ਵਾਸਤੇ ਤੇ ਸਰਮਾਏਦਾਰੀ ਦੇ ਮੁੜ ਬਹਾਲ ਹੋਣ ਵਾਸਤੇ। ਬੁਰਜੁਆ ਪੈਂਤੜੇ ਵਾਲੇ ਮੰਡੀ ਨੂੰ, ਕਦਰ ਦੇ ਕਾਨੂੰਨ ਦੇ ਪ੍ਰਵੇਸ਼ ਨੂੰ ਬਰਕਰਾਰ ਰਖਣਾ ਚਾਹੁੰਦੇ ਹਨ, ਵਾਹ ਲਗਦੀ। ਇਹਨਾਂ ਨੂੰ ਵਧਾਉਣਾ ਚਾਹੁੰਦੇ ਹਨ ਅਤੇ ਦੂਸਰੇ ਪਾਸੇ ਪਰੋਲਤਾਰੀ ਦੇ ਪੈਂਤੜੇ ਵਾਲੇ ਹਾਲਾਤ ਦੇ ਪ੍ਰਸੰਗ ਵਿਚ ਇਹਨਾਂ ਦਾ ਗਲ ਘੁਟਿਆ ਚਾਹੁੰਦੇ ਹਨ। ਟਕਰਾ ਆਮੋ ਸਾਹਮਣਾ ਹੈ। ਪਰ ਇਹ ਜਮਾਤੀ ਜਦੋ-ਜਹਿਦ ਹੁੰਦੀ ਹੈ ਉਸਾਰ ਦੇ ਖੇਤਰ ਵਿਚ। ਵਿਚਾਰਧਾਰਕ ਸਿਆਸੀ ਲਾਈਨ ਦੀ ਸ਼ਕਲ ਵਿਚ। ਸੋ ਵਿਚਾਰਧਾਰਕ ਤੇ ਸਿਆਸੀ ਲਾਈਨ ਦਾ ਰੋਲ ਕੇਂਦਰੀ ਹੈ। ਏਸੇ ਵੇਗ ਨੂੰ ਸਾਫ਼ ਕਰਦਿਆਂ ਲੈਨਿਨ ਨੇ ਕਿਹਾ ਸੀ ਕਿ ਸਿਆਸਤ ਆਰਥਕਤਾ ਦਾ ਹੀ ਅਰਕਿਆ ਹੋਇਆ ਇਜ਼ਹਾਰ ਹੈ (Politics is the concentrated expression of economics)।

ਇਕ ਨੁਕਤੇ ਤੋਂ ਸਮਾਜ ਦੀ ਆਰਥਕਤਾ ਹੈ ਕੀ ? ਸਮਾਜ ਦੀ ਨੀਂਹ, ਪੈਦਾਵਾਰ ਦੇ ਰਿਸ਼ਤੇ। ਪੈਦਾਵਾਰ ਦੇ ਰਿਸ਼ਤੇ ਕੀ ਨੇ ? ਇਕ ਪਾਸੇ ਤੋਂ ਸਮਾਜ ਵਿਚ ਜਮਾਤਾਂ ਦੀ ਤਾਕਤ ਦੇ ਸਿਰਜਣਹਾਰ ਤੇ ਦੂਸਰੇ ਪਾਸੇ ਤੋਂ ਜਮਾਤਾਂ ਦੀ ਤਾਕਤ ਦਾ ਆਪਸ ਵਿਚ ਤਵਾਜ਼ਨ। ਪੈਦਾਵਾਰ ਦੇ ਬੁਰਜੁਆ ਰਿਸ਼ਤੇ, ਕੰਮ ਦੀ ਬੁਰਜੁਆ ਵੰਡ ਬੁਰਜੁਆਜ਼ੀ ਦੀ ਤਾਕਤ ਹੀ ਭਾਰੂ ਰਖਣਗੇ। ਦੂਸਰੇ ਪਾਸੇ ਤੋਂ ਜੇ ਪੈਦਾਵਾਰ ਦੇ ਰਿਸ਼ਤੇ ਬੁਰਜੁਆ ਹਨ ਤਾਂ ਜ਼ਾਹਿਰ ਹੈ ਕਿ ਬੁਰਜੁਆਜ਼ੀ ਕਾਬਜ਼ ਹੈ, ਭਾਰੂ ਹੈ ਅਤੇ ਵਰਕਰ ਜਮਾਤ ਆਰਥਕਤਾ ਵਿਚ ਉਸ ਦੇ ਅਧੀਨ ਹੈ। ਆਰਥਕ ਖੇਤਰ ਵਿਚ ਵਰਕਰ ਜਮਾਤ ਦੀ ਸਰਦਾਰੀ ਤਾਂ ਹੀ ਹੈ ਜੇ ਪੈਦਾਵਾਰ ਦੇ ਰਿਸ਼ਤੇ ਸਮਾਜਵਾਦੀ ਹੋਣ। ਸਮਾਜ ਵਿਚ ਬਾਕੀ ਰਿਸ਼ਤੇ ਪੈਦਾਵਾਰ ਦੇ ਰਿਸ਼ਤਿਆਂ ਮਗਰ ਹੀ ਜਾਂਦੇ ਹਨ। ਰਿਸ਼ਤਾ ਸਮਾਜਕ ਵੇਗ ਦੇ ਕਿਸੇ ਪਹਿਲੂ, ਕਿਸੇ ਪੱਧਰ 'ਤੇ ਵੀ ਹੋਵੇ ਉਹ ਜਮਾਤਾਂ ਦੀ ਤਾਕਤ ਦੇ ਤਵਾਜ਼ਨ ਦਾ ਇਜ਼ਹਾਰ ਹੁੰਦਾ ਹੈ। ਸੋ ਉਸਾਰ ਵਿਚ ਸਿਆਸੀ ਰਿਸ਼ਤੇ ਪੈਦਾਵਾਰ ਦੇ ਰਿਸ਼ਤਿਆ ਦਾ ਹੀ ਆਇਆ ਹੋਇਆ ਇਜ਼ਹਾਰ ਹੁੰਦੇ ਹਨ। ਨੀਂਹ ਤੇ ਉਸਾਰ ਦਾ ਆਪਸ ਵਿਚ ਰਿਸ਼ਤਾ ਚੂੰਕਿ ਡਾਇਲੈਕਟਿਕ ਹੈ, ਇਕ-ਵਾਸਾ ਨਹੀਂ, ਇਸ ਵਾਸਤੇ ਗਲ ਨੀਂਹ ਵਲੋਂ ਸ਼ੁਰੂ ਹੋਵੇ ਉਸ ਦਾ ਅਸਰ ਉਸਾਰ 'ਤੇ ਪੈਂਦਾ ਹੈ; ਉਸਾਰ ਵਲੋਂ ਸ਼ੁਰੂ ਹੋਵੇ, ਨੀਂਹ ਬਦਲਦੀ ਹੈ। ਸਿਆਸੀ ਰਿਸ਼ਤੇ ਮੋੜਵਾਂ ਅਸਰ ਨੀਂਹ 'ਤੇ, ਪੈਦਾਵਾਰ ਦੇ ਰਿਸ਼ਤਿਆਂ 'ਤੇ ਪਾਉਂਦੇ ਹਨ। ਸਮਾਜਵਾਦ ਦੀ ਉਸਾਰੀ ਵਿਚ ਨੀਂਹ ਵਲੋਂ, ਪੈਦਾਵਾਰ ਦੇ ਰਿਸ਼ਤਿਆਂ ਵਲੋਂ ਗਲ ਸ਼ੁਰੂ ਹੋ ਹੀ ਨਹੀਂ ਸਕਦੀ। ਇਸ ਵਾਸਤੇ ਸਮਾਜਵਾਦ ਦੀ ਉਸਾਰੀ ਵਿਚ ਉਸਾਰ ਦੀ ਅਹਿਮੀਅਤ ਬੇਇਨਤਹਾ ਹੈ। ਏਥੇ ਉਸਾਰ ਦੀ ਅਹਿਮੀਅਤ ਇਸ ਵਾਸਤੇ ਹੋਰ ਵੀ ਜ਼ਿਆਦਾ ਹੈ ਕਿਉਂਕਿ ਪੈਦਾਵਾਰ ਦੇ ਵਸੀਲੇ ਸਟੇਟ ਦੀ ਮਲਕੀਅਤ



ਹੁੰਦੇ ਹਨ। ਜਦੋਂ ਪੈਦਾਵਾਰ ਦੇ ਵਸੀਲੇ ਸਟੇਟ ਦੀ ਮਲਕੀਅਤ ਹੋਣ ਉਦੋਂ ਸਿਆਸੀ ਲਾਈਨ ਦੀ ਅਹਿਮੀਅਤ, ਉਸਾਰ ਦਾ ਰੋਲ ਹੋਰ ਵੀ ਵਧ ਜਾਂਦਾ ਹੈ। ਇਸ ਮਾਲਕੀ ਦਾ ਅਸਲਾ ਬੁਰਜੁਆ ਹੈ ਜਾਂ ਪਰੋਲਤਾਰੀ ਉਹ ਇਸ ਗਲ ਉਤੇ ਮੁਨਹੱਸਰ ਹੁੰਦਾ ਹੈ ਕਿ ਮਾਲਕੀ ਕਾਗ਼ਜ਼ੀ ਕਾਨੂੰਨੀ ਹੈ ਜਾਂ ਅਮਲੀ ਤੌਰ 'ਤੇ; ਪੈਦਾਵਾਰ ਦੇ ਕੇਂਦਰਾਂ ਦਾ ਪ੍ਰਬੰਧ ਆਦਿ ਮਾਰਕਸਵਾਦੀਆਂ ਦੇ ਹੱਥ ਹੈ ਜਾਂ ਬੁਰਜੁਆ ਬਣਤਰ ਵਾਲਿਆਂ ਦੇ; ਪੈਦਾਵਾਰ ਦੇ ਵੇਗ ਵਿਚ ਕੰਮ ਕਰਦੇ ਬੰਦਿਆਂ ਦਾ ਆਪਸ ਵਿਚ ਰਿਸ਼ਤਾ ਬੁਰਜੁਆ ਹੈ ਜਾਂ ਪਰੋਲਤਾਰੀ ਦੀ ਲਾਈਨ ਦੇ ਅਧੀਨ ? ਹਾਲਾਤ ਦੇ ਪ੍ਰਸੰਗ ਵਿਚ ਹੋਈ ਪੈਦਾਵਾਰ ਦੀ ਵਡ ਦਾ ਮੂੰਹ ਕਿਸ ਜਮਾਤੀ ਪੈਂਤੜੇ ਵਲ ਹੈ ? ਸਿਆਸੀ ਲਾਈਨ ਤੇ ਉਸ ਦੇ ਅਧੀਨ ਜਮਾਤੀ ਜਦੋ-ਜਹਿਦ ਸਪਸ਼ਟ ਹੀ ਉਸਾਰ ਦਾ ਅੰਗ, ਉਸ ਦਾ ਖੇਤਰ, ਉਸ ਦਾ ਰੋਲ ਹੈ।

---

* True, the productive forces, practice and the economic foundation generally manifest themselves in the principal and decisive role; whoever denies this is not a materialist. But under certain conditions, such aspects as the relations of production, theory and the superstructure in turn manifest themselves in the principal and decisive role; this must also be admitted when the productive forces cannot be developed unless the relations of production are changed, the change in the relations of production plays the principal and decisive role. When, as Lenin put it, "without a revolutionary theory there can be no revolutionary movement", the creation and advocacy of the revolutionary theory plays the principal and decisive role. When a certain job (this applies to any job) is to be done, but there is as yet no directive, method, plan or policy defining how to do it, the directive, method, plan or policy is the principal and decisive factor. When the superstructure (politics, culture and so on) hinders the development of the economic foundation, political and cultural reforms become the principal and decisive factors. In saying this, are we running counter to materialism ? No. The reason is that while we recognize that in the development of history as a whole, it is material things that determine spiritual things and social existence that determines social consciousness, at the same time we also recognize and must recognize the reaction of spiritual things and social consciousness on social existence, and the reaction of the superstructure on the economic foundation. This is not running counter to materialism; this is precisely avoiding mechanistic materialism and firmly upholding dialectical materialism. Mao, On Contradictions, Selected Works, Vol II, P. 41

Among our comrades there are many who do not yet understand this theory of knowledge. When asked the source of their ideas, opinions, policies, methods, plans and conclusions, elegant speeches and long articles, they consider the question strange and cannot answer it. Nor do they comprehend that matter can be transformed into consciousness and consciousness into matter, although such leaps are phenomena of everyday life. Mao

## ਪ੍ਰਾਪਤ ਪੁਸਤਕਾਂ

- ਸਮਕਾਲੀ ਪੰਜਾਬੀ ਆਲੋਚਨਾ (ਲੇਖ ਸੰਗ੍ਰਹਿ); ਸੰਪਾਦਕ : ਡਾ: ਦੀਵਾਨ ਸਿੰਘ ਅਤੇ ਡਾ: ਕੁਲਬੀਰ ਸਿੰਘ ਕਾਂਗ; ਨਾਨਕ ਸਿੰਘ ਪੁਸਤਕਮਾਲਾ, ਅੰਮ੍ਰਿਤਸਰ; ਸਫ਼ੇ 171; ਮੁਲ : 35 ਰੁਪੈ।
- ਧੀਏ ਘਰ ਜਾ ਆਪਣੇ (ਨਾਵਲ); ਡਾ: ਪ੍ਰੀਤਮ ਸੈਣੀ, ਲਾਹੌਰ ਬੁਕ ਸ਼ਾਪ; ਲੁਧਿਆਣਾ; ਸਫ਼ੇ 105; ਮੁਲ 10 ਰੁਪੈ।
- ਪੰਜਾਬ ਖੇਤ-ਮਜ਼ਦੂਰ ਸਭਾ ਦੇ ਪੱਚੀ ਸਾਲ (ਸੰਖੇਪ ਇਤਿਹਾਸ) ਮਾਸਟਰ ਹਰੀ ਸਿੰਘ; ਪੰਜਾਬ ਖੇਤ ਮਜ਼ਦੂਰ ਸਭਾ; ਚੰਡੀਗੜ੍ਹ; ਸਫ਼ੇ 264; ਕੀਮਤ : ਸਧਾਰਨ 6 ਰੁਪੈ; ਡੀਲਕਸ : 15 ਰੁਪੈ।
- ਸਾਰੇ ਪਾਗਲ : ਸੰਪਾਦਕ ਜੋਗਾ ਸਿੰਘ; ਰੰਗਸ਼ਾਲਾ ਪ੍ਰਿੰਟਰਜ਼, ਚੰਡੀਗੜ੍ਹ; ਸਫ਼ੇ 80; ਮੁਲ : 12 ਰੁਪੈ।
- ਬਗਾਨੇ ਬੋਹੜ ਦੀ ਛਾਂ (ਨਾਟਕ); ਅਜਮੇਰ ਸਿੰਘ ਔਲਖ; ਰੰਗਸ਼ਾਲਾ ਪ੍ਰਿੰਟਰਜ਼, ਚੰਡੀਗੜ੍ਹ; ਸਫ਼ੇ 128; ਮੁਲ 20 ਰੁਪੈ।
- ਵਾਵਰੋਲਾ (ਨਾਵਲ); ਜਸਬੀਰ ਭੁੱਲਰ; ਆਦਿਕਾ ਪ੍ਰਕਾਸ਼ਨ, ਤਾਰਾਗੜ੍ਹ, ਅਮ੍ਰਿਤਸਰ; ਸਫ਼ੇ 87; ਮੁਲ : 10 ਰੁਪੈ।

### ਗੁਰਬਾਣੀ ਦਾ ਸੱਚ

ਕਿਸ਼ਨ ਸਿੰਘ ਦੇ ਗੁਰਬਾਣੀ ਦੇ ਵੱਖ ਵੱਖ ਪੱਖਾਂ ਬਾਰੇ ਲਿਖੇ ਲੇਖਾਂ ਦਾ ਸੰਗ੍ਰਹਿ ਜਿਸ ਵਿਚ ਗੁਰਬਾਣੀ ਦੀ ਸਮਾਜਕ ਵਸਤੂ, ਗੁਰਬਾਣੀ ਵਿਚ ਹੁਕਮ ਦਾ ਸਿਧਾਂਤ, ਗੁਰਬਾਣੀ ਵਿਚ ਵਿਜੋਗ ਦਾ ਮਸਲਾ, ਗੁਰਬਾਣੀ ਵਿਚ ਬਦੀ ਦਾ ਸੰਕਲਪ, ਗੁਰਬਾਣੀ ਅਤੇ ਸਰਬੱਤ ਦੀ ਆਜ਼ਾਦੀ ਦਾ ਪੈਂਤੜਾ ਆਦਿ ਲੇਖਾਂ ਤੋਂ ਇਲਾਵਾ ਬਾਬਰਵਾਣੀ ਅਤੇ ਗੁਰੂ ਤੇਗ਼ ਬਹਾਦਰ ਦੀ ਬਾਣੀ ਦੀ ਵਿਆਖਿਆ ਵਾਲੇ ਲੇਖ ਵੀ ਹਨ। ਸਫ਼ੇ 200, ਸੁੰਦਰ ਦਿੱਖ, ਮੁਲ : 15 ਰੁਪੈ, (ਪੇਪਰ ਬੈਕ); 25 ਰੁਪੈ (ਡੀਲਕਸ)

### ਸਿੱਖ ਲਹਿਰ

ਕਿਸ਼ਨ ਸਿੰਘ

ਸਿੱਖ-ਲਹਿਰ ਦੇ ਇਤਿਹਾਸ, ਉਸ ਦੇ ਜਮਾਤੀ ਪੈਂਤੜੇ ਅਤੇ ਅਸਲੇ ਨੂੰ ਸਮਝਣ ਲਈ ਇਕ ਅਦੁੱਤੀ ਪੁਸਤਕ। ਸਫ਼ੇ 210; ਮੁੱਲ : 10 ਰੁ:, ਪੱਕੀ ਜਿਲਦ। ਇਸ ਪੁਸਤਕ ਲਈ ਸੇਧ ਨੂੰ ਲਿਖੋ।



Man is the only creature who refuses to be what he is. — Albert Camus

# ਤਲਾਸ਼ ਕ੍ਰਾਂਤੀਕਾਰੀ ਟੈਕਸਟ ਦੀ (੨)

ਗੁਰਬਚਨ

ਸਿਰਜਤ ਭਾਸ਼ਾ ਤੋਂ ਬਿਨਾਂ ਕੋਈ ਸਾਹਿਤਕ ਟੈਕਸਟ ਕ੍ਰਾਂਤੀਕਾਰੀ ਨਹੀਂ ਹੁੰਦੀ; ਤੇ ਕ੍ਰਾਂਤੀਕਾਰੀ ਟੈਕਸਟ ਸਿਰਜਣ ਤੋਂ ਬਗ਼ੈਰ ਕੋਈ ਕਲਚਰ ਕ੍ਰਾਂਤੀ ਵਲ ਕਦਮ ਨਹੀਂ ਪੁਟ ਸਕਦੀ। ਸਿਰਜਤ ਭਾਸ਼ਾ ਬਾਰੇ ਚੇਤਨਾ ਮਨੁੱਖੀ ਅਸਤਿਤਵ ਅਤੇ ਮਨੁੱਖੀ ਹੋਣੀ ਦੀ ਦਵੰਦਮਈ ਰਫ਼ਤਾਰ ਵਧਾਣ ਦੀ ਤਾਂਘ ਵਿਚੋਂ ਪੈਦਾ ਹੁੰਦੀ ਹੈ। ਇਹ ਅਜਿਹਾ ਪੈਸ਼ਨ ਹੈ ਜੋ ਸਿਰਜਕ ਨੂੰ ਕਦੇ ਤਣਾਅ-ਮੁਕਤ ਨਹੀਂ ਹੋਣ ਦੇਂਦਾ। ਇਹ ਲੇਖਕ ਨੂੰ ਆਪਣੀ ਹੀ ਸਿਰਜਣਾ ਨੂੰ ਨੀਗੇਟ ਕਰ ਕੇ ਉਸ ਦੀ ਸੀਮਾਂ ਤੋਂ ਪਾਰ ਜਾਣ ਲਈ ਉਕਸਾਂਦਾ ਹੈ। ਸਿਰਜਤ ਭਾਸ਼ਾ ਨਾਲ ਜੁੜੇ ਹੋਏ ਪਲ ਉਸ ਦੀ ਸੀਮਾਂ ਹਨ। ਸਮੇਂ ਦੀ ਤੋਰ ਨਾਲ ਇਸ ਸੀਮਾਂ ਤੋਂ ਪਾਰ ਆਉਣਾ ਹਰ ਸਿਰਜਕ ਲਈ ਜ਼ਰੂਰੀ ਹੈ।

ਸਿਰਜਤ ਭਾਸ਼ਾ ਅਸਤਿਤਵ ਦੀ ਗਹਿਰਾਈ ਅਤੇ ਮਨੁੱਖੀ ਰਿਸ਼ਤਿਆਂ ਦੀ ਪਹਿਚਾਣ ਤੋਂ ਜਨਮ ਲੈਂਦੀ ਹੈ। ਇਹ ਪਹਿਚਾਣ ਹੀ ਸੈਂਸੇਟਿਵ ਮਨੁੱਖ ਨੂੰ ਵਿਦਰੋਹ ਲਈ ਤਿਆਰ ਕਰਦੀ ਹੈ। ਸਿਰਜਤ ਭਾਸ਼ਾ ਵਿਦਰੋਹ ਦੀ ਆਵਾਜ਼ ਹੈ। ਜਦੋਂ ਮਨੁੱਖੀ ਰਿਸ਼ਤਿਆਂ ਦੀ ਪਹਿਚਾਣ ਤੋਂ ਉਤਪੰਨ ਹੋਇਆ ਵਿਦਰੋਹ ਸਿਰਜਤ ਭਾਸ਼ਾ ਦਾ ਰੂਪ ਧਾਰਨ ਕਰਦਾ ਹੈ ਤਾਂ ਇਤਿਹਾਸਕ ਦਵੰਦ ਦਾ ਇੰਦਰਿਆਵੀਕਰਣ ਹੁੰਦਾ ਹੈ। ਸਾਧਾਰਣ ਮਨੁੱਖ ਲਈ ਅਸਤਿਤਵ ਦੀ ਪਦਾਰਥਕਤਾ ਤਦ ਹੀ ਕ੍ਰਾਂਤੀਕਾਰੀ ਦਿਸ਼ਾ ਵਲ ਤੁਰਦੀ ਹੈ ਜੇ ਉਹ ਸਮਾਜਕ ਯਥਾਰਥ ਬਾਰੇ ਦਾਰਸ਼ਨਿਕ ਚੇਤਨਾ ਦੇ ਲਿਸ਼ਕਾਰ ਵਿਚੋਂ ਗੁਜ਼ਰੇ। ਸਿਰਜਤ ਭਾਸ਼ਾ ਅਜਿਹੇ ਲਕਸ਼ ਲਈ ਸ਼ਕਤੀਸ਼ਾਲੀ ਹਥਿਆਰ ਹੈ।

ਸਮਾਜਕ ਤਬਦੀਲੀ ਨੂੰ ਜੋ ਆਰਥਕ ਤਬਦੀਲੀ ਤਕ ਸੀਮਤ ਰਖਦੇ ਹਨ ਉਨ੍ਹਾਂ ਲਈ ਸਿਰਜਤ ਭਾਸ਼ਾ ਦਾ ਕੋਈ ਮਹੱਤਵ ਨਹੀਂ। ਉਹ ਚੇਤਨਾ-ਮੁਕਤ ਸੰਕਲਪੀ-ਜੁਗਤਾਂ ਦੇ ਆਸਰੇ ਸਾਰੇ ਸੰਸਾਰ ਦੇ ਸਾਹਿਤ ਨੂੰ ਸਮਝਣ ਦਾ ਦਾਅਵਾ ਕਰਦੇ ਹਨ। ਉਹ ਆਪ ਇਕ ਕੋਨੇ 'ਤੇ ਖੜੇ ਹਨ, ਸੰਕਲਪੀ ਜੁਗਤਾਂ ਦੂਜੇ ਕੋਨੇ 'ਤੇ ਅਤੇ ਸਮਾਜਿਕ ਅਮਲ-ਗਤੀ ਤੀਜੇ ਕੋਨੇ 'ਤੇ। ਤਿਕੋਨ ਵਿਚ ਤਣਿਆ ਮਨੁੱਖ—ਵਿਚਾਰਧਾਰਾ—ਸਮਾਜਕ ਯਥਾਰਥ ਦਾ ਇਹ ਦਵੰਦ-ਮੁਕਤ ਪ੍ਰਬੰਧ ਅਜਿਹਾ ਹੈ ਜਿਸ ਵਿਚ

ਸਿਰਜਤ ਭਾਸ਼ਾ ਦਾ ਕੋਈ ਮਹਤਵਪੂਰਣ ਕਿਰਦਾਰ ਨਹੀਂ। ਇਹ ਪ੍ਰਬੰਧ ਅਟੱਲ ਹੈ, ਨਿਸ਼ਚੈਵਾਦੀ ਹੈ। ਇਸ ਨਾਲ ਸਭ ਗੁੰਝਲਾਂ ਦੇ ਹੱਲ ਹੋਣ ਦੀ ਆਸ ਹੈ। ਅਜਿਹੀ ਅਟੱਲਤਾ ਉਸ ਵਿਚਾਰਧਾਰਾ ਨੂੰ ਵੀ ਨੈਗੇਟ ਕਰਦੀ ਹੈ ਜਿਸ ਦੇ ਆਸਰੇ ਇਨ੍ਹਾਂ ਵਿਦਵਾਨਾਂ ਨੇ ਇਹ ਪ੍ਰਬੰਧ ਆਪਣੇ ਦਵਾਲੇ ਤਣਿਆ ਹੈ। ਉਨ੍ਹਾਂ ਲਈ ਭਾਸ਼ਾ ਪ੍ਰਗਤੀਸ਼ੀਲ ਵਚਾਰਾਂ ਜਾਂ ਭਾਵੁਕਤਾ ਲਈ ਵਾਹਣ ਹੈ। ਇਹ ਰੁਝਾਣ ਪ੍ਰਗਤੀਸ਼ੀਲ 'ਪੈਸ਼ਨ' ਨੂੰ ਕ੍ਰਾਂਤੀਕਾਰੀ ਟੈਕਸਟ ਤਕ ਪੁਜਣ ਵਿਚ ਰੁਕਾਵਟ ਬਣਿਆ ਹੈ। ਨਕਸਲੀ ਕਵਿਤਾ ਦਾ ਭਾਵਕ ਸਮਰਥਨ ਅਤੇ ਪਾਰਟੀ ਸੋਚ ਦੀ ਦ੍ਰਿਸ਼ਟੀ ਤੋਂ ਵਿਰੋਧ ਇਸ ਦਾ ਸਪਸ਼ਟ ਪ੍ਰਮਾਣ ਹੈ।

ਜਿਹੜਾ ਟੈਕਸਟ ਸਿਰਜਣ ਕਾਰਜ ਪਰੰਪਰਾਗਤ ਭਾਸ਼ਕ ਜੁਗਤਾਂ ਦੇ ਆਸਰੇ ਹੋਂਦ ਵਿਚ ਆਉਂਦਾ ਹੈ ਉਸ ਦੇ ਸਰੋਕਾਰ ਸਿਰਜਤ ਭਾਸ਼ਾ ਨਾਲ ਜੁੜੇ ਨਹੀਂ ਹੁੰਦੇ। ਸਿਰਜਤ ਭਾਸ਼ਾ ਅਤੇ ਚੇਤਨਾ ਵਿਚਕਾਰ ਜੋ ਲੁਪਤ ਦਵੰਦ ਹੁੰਦਾ ਹੈ, ਇਹ ਕਾਰਜ ਉਸ ਤੋਂ ਮੁਕਤ ਹੁੰਦਾ ਹੈ। ਉਦੋਂ ਸਮਕਾਲੀ ਯਥਾਰਥ ਨਾ ਚੇਤਨਾ ਦਾ ਅੰਗ ਬਣਦਾ ਹੈ ਅਤੇ ਨਾ ਸਿਰਜਤ ਭਾਸ਼ਾ ਰਾਹੀਂ ਮਨੁੱਖੀ ਵਿਸਤਾਰਾਂ ਦਾ ਰੂਪ ਧਾਰਣ ਕਰਦਾ ਹੈ। ਉਦੋਂ ਵਿਚਾਰਧਾਰਾ ਜੜ੍ਹ-ਖੜੋਤ ਦਾ ਅਮੂਰਤ ਰੂਪ ਬਣ ਜਾਂਦੀ ਹੈ। ਸਿੱਟੇ ਵਜੋਂ ਮਨੁੱਖ, ਉਸ ਦਾ ਚੇਤਨ ਅਤ ਅਵਚੇਤਨ, ਮਨੁੱਖੀ ਅੰਤਰ-ਕਾਰਜ (human (interaction), ਬੌਧਿਕ ਸੰਵਾਦ, ਭਾਵਨਾਵਾਂ ਅਤੇ ਇਨ੍ਹਾਂ ਭਾਵਨਾਵਾਂ ਦਾ ਇੰਦਰਿਆਵੀ ਪਸਾਰ (sensuous extension), ਸਭ ਵਿਚਾਰ-ਮੁੱਖ (idea oriented) ਹੋ ਜਾਂਦੇ ਹਨ। ਇਹ ਸਭਿਆਚਾਰ ਦੀ ਪੱਧਰ 'ਤੇ ਦਮਨ ਹੈ। ਇਸ ਦਮਨ ਨੂੰ ਕੇਵਲ ਸਿਰਜਤ ਭਾਸ਼ਾ ਹੀ ਖ਼ਤਮ ਕਰ ਸਕਦੀ ਹੈ।

ਪਰੰਪਰਾਗਤ ਭਾਸ਼ਕ ਜੁਗਤਾਂ ਨੂੰ ਉਹੀ ਸਵੀਕਾਰ ਕਰਦੇ ਹਨ ਜਿਨ੍ਹਾਂ ਦੀ 'ਸਾਈਕੀ' ਨੇ ਅਜਿਹੇ ਦਮਨ ਨੂੰ ਆਪਣਾ ਅੰਗ ਬਣਾ ਲਿਆ ਹੁੰਦਾ ਹੈ। ਜਾਂ ਜੋ ਇਸ ਦਮਨ ਨੂੰ ਕਾਇਮ ਰੱਖਣ ਵਾਲੇ ਹਨ। ਸਿਰਜਤ ਭਾਸ਼ਾ ਨੂੰ ਨਕਾਰ ਕੇ ਵਿਦਰੋਹ ਜਾਂ ਕ੍ਰਾਂਤੀ ਦੀ ਗੱਲ ਮਜ਼ਾਕ ਹੈ। ਉਦੋਂ ਵਿਦਰੋਹ ਜਾਂ ਕ੍ਰਾਂਤੀ ਸਿਰਫ ਵਿਚਾਰ-ਮੁੱਖ ਹੁੰਦੇ ਹਨ, ਮਨੁੱਖ ਦੀ ਚੇਤਨਾ ਅਤੇ ਇੰਦਰਿਆਵੀ ਤਾਂਘ ਤੋਂ ਸਦਾ ਲਈ ਟੁਟੇ ਹੋਏ ਵਿਚਾਰ। ਉਦੋਂ ਕਲਚਰ ਦੇ ਅਰਥ ਵੀ ਮਨੁੱਖ ਤੋਂ ਟੁੱਟ ਜਾਂਦੇ ਹਨ। ਉਦੋਂ ਮਨੁੱਖ ਵੀ ਆਪਣੀ ਪਦਾਰਥਕਤਾ ਤੋਂ ਅਲੱਗ ਹੋ ਜਾਂਦਾ ਹੈ। ਉਦੋਂ ਮਾਰਕਸਵਾਦੀ ਵਿਚਾਰਧਾਰਾ ਦੇ ਸਿਰ ਨੂੰ ਬੁਰਜੁਆ ਵਿਕਰਾਲਤਾ (Perversions) ਦੇ ਧੜ 'ਤੇ ਟਿਕਾ ਦਿਤਾ ਜਾਂਦਾ ਹੈ। ਉਦੋਂ ਪ੍ਰਗਤੀਵਾਦ ਜਾਂ ਕ੍ਰਾਂਤੀ 'ਪੈਸ਼ਨ' ਨਹੀਂ ਬਣਦੀ, ਸਿਰਫ ਪ੍ਰਗਤੀਵਾਦ ਦਾ ਜਾਂ ਕ੍ਰਾਂਤੀ ਦਾ ਵਿਚਾਰ ਬਣ ਕੇ ਛਾਅ ਜਾਂਦੀ ਹੈ। ਸਿਰ ਹੋਰ ਭਾਸ਼ਾ ਬੋਲ ਰਿਹਾ ਹੈ, ਜਿਸਮ ਬੁਰਜੁਆ ਪਰਿਭਾਸ਼ਾਵਾਂ, ਬੁਰਜੁਆ ਮਿੱਥਾਂ ਅਤੇ ਬੁਰਜੁਆ ਕਲਚਰ ਵਿਚ ਗਲੇਫਿਆ ਹੋਇਆ ਹੈ। ਇਹ ਦੁਖਾਂਤਕ ਸਥਿਤੀ ਅਜ ਪੰਜਾਬੀ ਬੁੱਧੀਜੀਵੀਆਂ ਦੀ 'ਸਾਈਕੀ' ਦਾ ਅੰਗ ਹੈ।

ਇਸ ਸਾਈਕੀ ਨੂੰ ਕੇਵਲ ਸਿਰਜਤ ਭਾਸ਼ਾ ਹੀ ਬਦਲ ਸਕਦੀ ਹੈ, ਭਾਵੇਂ ਉਹ ਮਾਰਕਸ, ਲੈਨਿਨ ਜਾਂ ਮਾਉ ਦੀ ਵਿਚਾਰਧਾਰਕ ਸਿਰਜਣਾ ਹੋਵੇ; ਭਾਵੇਂ ਉਹ ਬਾਲਜ਼ਾਕ ਦੇ ਨਾਵਲ ਜਾਂ ਪਾਬਲੋ ਨੈਰੂਦਾ ਦੀਆਂ ਕਵਿਤਾਵਾਂ ਹੋਣ, ਭਾਵੇਂ ਉਹ ਸਾਰਤਰ, ਮਾਰਕੂਜ਼ੇ ਜਾਂ ਕਾਮੂ ਦੀ ਬੌਧਿਕ ਸਿਰਜਣਾ ਹੋਵੇ। ਮਨੁੱਖ ਅੰਦਰ ਉਹ ਉਤਕੰਠਾ ਪੈਦਾ ਕਰ ਦੇਣੀ ਜਿਸ ਰਾਹੀਂ ਉਹ ਆਪਣੇ ਝੂਠਾਂ ਅਤੇ ਅਪ੍ਰਮਾਣਿਕਤਾ, ਆਪਣੀ ਗੁਲਾਮੀ ਅਤੇ ਆਪਣੇ ਦਵਾਲੇ ਫੈਲਾਈ ਜਾ ਰਹੀ ਰਹਸਮਯਤਾ ਦੀ ਧੁੰਦ ਵਿਰੁੱਧ ਉਠ ਖੜਾ ਹੋਵੇ, ਸਿਰਜਤ ਭਾਸ਼ਾ ਦਾ ਲਕਸ਼ ਹੈ। ਬੁਰਜੁਆ ਸੁਹਜ ਨੇ ਸਿਰਜਤ ਭਾਸ਼ਾ ਦੇ ਹੋਰ ਅਰਥ ਲਏ ਹਨ। ਉਸ ਲਈ ਭਾਸ਼ਾ ਦੀ ਸੁੰਦਰਤਾ ਅਤੇ ਨਵੀਨਤਾ ਹੀ ਸਿਰਜਣਾ ਹੈ।



ਇਸੇ ਕਰਕੇ ਹਰਿਭਜਨ ਸਿੰਘ ਸਿਰਜਕ ਨਾਲੋਂ ਵੱਧ ਸ਼ਿਲਪਕਾਰ ਬਣ ਗਿਆ। ਇਹ ਉਦੋਂ ਹੁੰਦਾ ਹੈ ਜਦੋਂ ਸਿਰਜਤ ਭਾਸ਼ਾ ਅਤੇ ਸਮਾਜਕ ਅਮਲ-ਗਤੀ (Social Praxis) ਬਾਰੇ ਦਾਰਸ਼ਨਿਕ ਚੇਤਨਾ ਵਿਚਕਾਰ ਜੋ ਦਵੰਦ ਕਾਇਮ ਰਹਿੰਦਾ ਹੈ ਉਸ ਤੋਂ ਮੁਕਤ ਰਿਹਾ ਜਾਵੇ।

ਹਰੇਕ ਪਾਪੂਲਰ ਕਲਚਰ ਦੀਆਂ ਭਾਸ਼ਕ ਜੁਗਤਾਂ ਸਿਰਜਤ ਭਾਸ਼ਾ ਤੋਂ ਦੂਰ ਰਹਿੰਦੀਆਂ ਹਨ। ਬੁਰਜੁਆ ਸੁਹਜ ਅਤੇ ਬੁਰਜੁਆ ਟੈਕਸਟਾਂ ਦਾ ਯਤਨ ਭਾਸ਼ਾ ਨੂੰ ਕੁਰੱਪਟ ਕਰ ਕੇ ਮਨੁਖੀ ਸਾਈਕੀ ਨੂੰ ਵਿਦਰੋਹ ਅਤੇ ਕ੍ਰਾਂਤੀ ਵਿਰੁੱਧ ਖੜਾ ਕਰਨਾ ਹੁੰਦਾ ਹੈ। ਰਾਹਤ ਲਈ ਇਹ ਕਈ ਵੇਰ ਮਨੁੱਖ ਨਾਲ ਜੁੜੇ ਅਜਿਹੇ ਪੈਸ਼ਨ ਦਾ ਸਹਾਰਾ ਲੈ ਲੈਂਦੀ ਹੈ ਜਿਹੜੇ ਮੂਲ-ਰੂਪ ਪਾਕ ਹਨ ਪਰ ਉਹ ਕੁਰੱਪਟ ਸਭਿਆਚਾਰਕ ਵਰਤਾਰੇ ਦਾ ਅੰਗ ਹੋਣ ਕਰਕੇ ਅਤੇ ਬਾਂਝ ਭਾਸ਼ਾ ਪ੍ਰਯੋਗ ਕਰਕੇ 'ਪਰਵਰਟ' ਹੋ ਚੁਕੇ ਹਨ ਪੰਜਾਬੀ ਵਿਚ ਨਾਗਮਣੀ ਦਵਾਲੇ ਬੁਣਿਆ ਜਾ ਰਿਹਾ ਮੁਹੱਬਤੀ ਅਡੰਬਰ ਅਤੇ ਇਸਤਰੀਵਾਦ ਸਿਰਜਤ ਭਾਸ਼ਾ ਨੂੰ ਕੁਰੱਪਟ ਕਰਨ ਦੀ ਸ਼ਾਨਦਾਰ ਮਿਸਾਲ ਹੈ। ਜਦੋਂ ਅਜਿਹਾ ਸਭਿਆਚਾਰ ਕਿਸੇ ਦੇਸ਼ ਕਾਲ ਦੇ ਲੋਕਾਂ ਦੀ ਰਚਨਾਤਮਕ ਹੋਂਦ ਦਾ ਹਿੱਸਾ ਬਣ ਜਾਵੇ ਉਦੋਂ ਅਜਿਹੇ ਲੋਕਾਂ ਦੀ ਸਾਈਕੀ ਦਾ ਸਿਰਜਤ ਭਾਸ਼ਾ ਨਾਲ ਕੋਈ ਸੰਬੰਧ ਨਹੀਂ ਰਹਿਦਾ। 'ਲੋਕ ਹਿਤੈਸ਼ੀ' ਭਾਵਨਾ ਅਤੇ ਵਿਚਾਰਧਾਰਕ ਪਰਪੱਕਤਾ ਨਾਲ ਲੈਸ ਕਿਰਤ ਵੀ, ਜੋ ਪ੍ਰਗਤੀਸ਼ੀਲ ਆਲੋਚਨਾ ਦਾ ਜ਼ਾਹਿਰਾ ਤੌਰ 'ਤੇ ਮੁੱਖ ਉਦੇਸ਼ ਰਿਹਾ ਹੈ, ਇਸ ਖਾਈ ਨੂੰ ਪੂਰਿਆਂ ਨਹੀਂ ਕਰ ਸਕਦੀ। ਭਾਸ਼ਾ ਨੂੰ ਸਿਰਫ ਪ੍ਰਗਤੀਸ਼ੀਲ ਵਿਚਾਰਾਂ ਦਾ ਵਾਹਣ ਮੰਨ ਕੇ ਇਹ ਇਸ ਖਾਈ ਨੂੰ ਹੋਰ ਵਧਾਏਗੀ, ਤੇ ਵਧਾ ਰਹੀ ਹੈ। ਅਜਿਹੀ ਸਥਿਤੀ ਵਿਚ ਜੈਨੁਅਨ ਕ੍ਰਾਂਤੀਕਾਰੀ ਅਤੇ ਵਿਦਰੋਹੀ ਸਾਹਿਤਕ ਟੈਕਸਟ ਵੀ ਇਕ ਮੂਕ ਹੋਂਦ ਤੋਂ ਵਧ ਕੁਝ ਨਹੀਂ ਰਹਿੰਦੀ।

ਜਦੋਂ ਲੋਕਾਂ ਦੀ ਸਾਈਕੀ ਵਿਚ ਪਾਪੂਲਰ ਕਲਚਰ ਨੇ ਵਿਗਾੜ ਲੈ ਆਂਦਾ ਹੋਵੇ ਉਦੋਂ ਇਹ ਪ੍ਰਸ਼ਨ ਬਣਿਆ ਰਹਿੰਦਾ ਹੈ ਕਿ ਕਿਵੇਂ ਕੋਈ ਟੈਕਸਟ ਸਮਾਜਕ ਕ੍ਰਾਂਤੀ ਲਈ ਕਾਰਜਸ਼ੀਲ ਸਿੱਧ ਹੋ ਸਕਦੀ ਹੈ। ਪਰ ਜਦੋਂ ਸਿਆਸੀ ਖੇਤਰ ਵਿਚ ਕ੍ਰਾਂਤੀ ਚਾਹੁਣ ਵਾਲੇ ਉਸ ਸਾਈਕੀ ਦਾ ਅੰਗ ਹੋਣ ਜਿਸ ਲਈ ਸਿਰਜਤ ਭਾਸ਼ਾ ਦਾ ਕੋਈ ਮਹਤਵ ਨਹੀਂ ਉਦੋਂ ਨਕਸਲੀ ਕਵਿਤਾ ਸਿਰਜਤ ਭਾਸ਼ਾ ਕਰਕੇ ਨਹੀਂ ਸਗੋਂ ਨਕਸਲੀ ਵਿਚਾਰਾਂ ਦਾ ਅਨੁਕਰਣ ਕਰਨ ਕਰਕੇ ਪ੍ਰਵਾਨ ਜਾਂ ਰੱਦ ਕੀਤੀ ਜਾਵੇਗੀ ਇਸ ਲੇਖ ਦੇ ਪਹਿਲੇ ਭਾਗ ਵਿਚ ਕਿਹਾ ਗਿਆ ਸੀ ਕਿ ਨਕਸਲੀ ਕਵਿਤਾ ਦਾ ਗਲਤ ਕਾਰਨਾਂ ਕਰਕੇ ਸਮਰਥਨ ਅਤੇ ਵਿਰੋਧ ਹੋਇਆ। ਇਹ ਦੋਵੇਂ ਧਿਰਾਂ ਉਸ ਸਾਈਕੀ ਦਾ ਹਿੱਸਾ ਹਨ ਜੋ ਸਿਰਜਤ ਭਾਸ਼ਾ ਦੀ ਪਹਿਚਾਣ ਕਰਨ ਤੋਂ ਇਨਕਾਰੀ ਹੈ। ਨਕਸਲੀ ਕਵਿਤਾ ਨੂੰ ਅਜਿਹੀ ਸਾਈਕੀ ਨੇ ਆਪਣੇ ਵਿਚ ਲਪੇਟ ਲਿਆ; ਸ਼ੁਭ ਭਾਵਨਾ, ਲੋਕਾਂ ਦੇ 'ਕਾਜ਼' ਲਈ ਪ੍ਰਤਿਬੱਧਤਾ ਅਤੇ ਸਮਾਜਕ ਪਰਿਵਰਤਨ ਦੀ ਉਤਕੰਠਾ ਦੇ ਬਾਵਜੂਦ ਇਹ ਸੰਭਵ ਹੋਇਆ।

ਨਕਸਲੀ ਕਵਿਤਾ ਦਾ ਪਹਿਚਾਣ-ਬਿੰਦੂ ਇਹ ਹੈ ਕਿ ਇਸ ਨੇ ਸ਼ਕਤੀਸ਼ਾਲੀ ਢੰਗ ਨਾਲ ਸਮੁੱਚੇ ਸਮਾਜਕ ਅਤੇ ਰਾਜਨੀਤਕ ਵਰਤਾਰੇ ਵਿਰੁੱਧ ਵਿਦਰੋਹ ਦੀ ਸੁਰ ਬੁਲੰਦ ਕੀਤੀ। ਇਸ ਵਿਦਰੋਹ ਪਿਛੇ ਦਾਰਸ਼ਨਕ ਚੇਤਨਾ ਨਾਲੋਂ ਸੱਚੀ-ਸੁੱਚੀ ਭਾਵਨਾ ਵੱਧ ਕੰਮ ਕਰ ਰਹੀ ਸੀ। ਇਸੇ ਕਰਕੇ ਇਹ ਵਿਦਰੋਹ ਕਾਵਿ ਟੈਕਸਟਾਂ ਤਕ ਹੀ ਸੀਮਤ ਰਿਹਾ, ਸਾਹਿਤ ਦੇ ਹੋਰ ਰੁਪਾਕਾਰਾਂ (genres) ਵਿਚ ਇਸ ਦਾ ਵਿਸਤਾਰ ਨਾ ਹੋ ਸਕਿਆ, ਜਿਸ ਲਈ ਸਥਿਤੀ ਬਾਰੇ ਦਾਰਸ਼ਨਕ ਚੇਤਨਾ ਦੀ ਲੋੜ ਸੀ। ਵੇਖਣ ਵਾਲੀ ਗੱਲ ਇਹ ਹੈ ਕਿ ਸੱਚੀ-ਸੁੱਚੀ ਭਾਵਨਾ ਕਿਸ ਤਰ੍ਹਾਂ ਸਿਰਜਤ ਭਾਸ਼ਾ ਤਕ ਪੁਜਦੀ ਹੈ। ਪਾਰਟੀ ਸੋਚ ਨਾਲ ਜੁੜੇ ਹੋਏ 'ਪ੍ਰਗਤੀਸ਼ੀਲ' ਵਿਦਵਾਨਾਂ ਨੇ ਇਸ ਪੱਖ

ਨੂੰ ਨਕਾਰ ਕੇ ਸਿਰਫ ਨਕਸਲੀ ਲਹਿਰ ਦੇ ਸਿਆਸੀ ਪੈਂਤੜੇ ਦੇ ਅਧਾਰ 'ਤੇ ਇਸ ਦਾ ਵਿਰੋਧ ਕੀਤਾ। ਇਸ ਨੂੰ ਅੱਤਵਾਦੀ ਕਵਿਤਾ ਕਹਿ ਕੇ ਵਿਰੋਧ ਉਨ੍ਹਾਂ ਨੇ ਕੀਤਾ ਹੈ ਜੋ ਟੈਕਸਟ ਸਿਰਜਣ ਕਾਰਜ ਦੀ ਪਦਾਰਥਕਤਾ ਨੂੰ ਸਮਝਣ ਤੋਂ ਅਸਮਰਥ ਹਨ।

ਜਦੋਂ ਨਕਸਲੀ ਵਿਦਰੋਹ ਦਾ ਜ਼ਰੀਆ ਟੈਕਸਟ ਸਿਰਜਣ ਹੈ ਤਾਂ ਇਸ ਦੀ ਪਦਾਰਥਕਤਾ ਨਕਸਲੀ ਸਿਆਸਤ ਵਿਚ ਨਹੀਂ ਹੋ ਸਕਦੀ। ਅਜਿਹਾ ਕਰਨਾ ਇਹ ਮੰਗ ਕਰਨ ਬਰਾਬਰ ਹੈ ਕਿ ਕਵੀ ਨਿਸ਼ਚਿਤ ਵਿਚਾਰਾਂ ਦਾ ਅਨੁਕਰਣ ਕਰੇ। ਅਜਿਹਾ ਬਾਅਦ ਦੀ ਨਕਸਲੀ ਕਵਿਤਾ ਨੇ ਕੀਤਾ ਵੀ। ਇਸ ਲਈ ਹੀ ਇਹ ਕਿਹਾ ਗਿਆ ਹੈ ਕਿ ਨਕਸਲੀ ਕਵਿਤਾ ਨੂੰ ਦਵੰਦ-ਮੁਕਤ ਸਾਈਕੀ ਨੇ ਦਬੋਚ ਲਿਆ। ਪਾਰਟੀ ਸੋਚ ਨਾਲ ਜੁੜੇ ਹੋਏ ਵਿਦਵਾਨ ਸਾਹਿਤਕ ਟੈਕਸਟ ਦੀ ਪਦਾਰਥਕਤਾ ਉਸ ਕਾਰਜ ਵਿਚੋਂ ਭਾਲਦੇ ਹਨ ਜੋ ਸਿਆਸੀ ਅਮਲ ਦਾ ਅੰਗ ਹੈ। ਇਹ ਅਸਲੋਂ ਹੀ ਵਿਨਾਸ਼ਕਾਰੀ ਪਰਵਿਰਤੀ ਹੈ। ਪੰਜਾਬੀ ਦੀ ਪ੍ਰਗਤੀਸ਼ੀਲ ਆਲੋਚਨਾ ਨੇ ਸਾਹਿਤਕ ਟੈਕਸਟ ਨੂੰ ਸਿਰਜਤ ਭਾਸ਼ਾ ਦੀ ਪਰਾਪਤ ਸਿਖਰ ਦੇ ਸਨਮੁੱਖ ਰਖ ਕੇ ਮਨੁੱਖੀ ਚੇਤਨਾ ਦੇ ਵਿਕਾਸ ਵਿਚ ਇਸ ਦੇ ਮਹਤਵ ਨੂੰ ਨਹੀਂ ਪਹਿਚਾਣਿਆ। ਟਾਂਵੀਆਂ ਟਾਂਵੀਆਂ ਟੂਕਾਂ ਰਾਹੀਂ ਨਿਸ਼ਚੈਵਾਦੀ ਵਿਚਾਰ ਦੇ ਅਨੁਕਰਣ ਦੀਆਂ ਉਦਾਹਰਣਾਂ ਦੇ ਕੇ ਉਸ ਦੀ ਵਿਆਖਿਆ ਕਰ ਦੇਣੀ ਅਜੇ ਤਕ ਇਸ ਆਲੋਚਨਾ ਦਾ ਉਦੇਸ਼ ਰਿਹਾ ਹੈ। ਇਹ ਏਨਾ ਥੋਥਾ ਰੁਝਾਣ ਹੈ ਕਿ ਇਸ ਦਾ ਪ੍ਰਭਾਵ ਸਾਹਿਤ ਦੇ ਸਮਾਜਕ ਤਬਦੀਲੀ ਵਿਚ ਸੰਭਵ ਕਿਰਦਾਰ ਬਾਰੇ ਵਿਨਾਸ਼ਕਾਰੀ (Nihilistic) ਸਿੱਧ ਹੋਇਆ ਹੈ।

ਸਾਹਿਤਕ ਟੈਕਸਟ ਰਾਹੀਂ ਕੀਤਾ ਗਿਆ ਵਿਦਰੋਹ ਉਸ ਭਾਸ਼ਾ ਵਿਰੁੱਧ ਵਿਦਰੋਹ ਵੀ ਹੁੰਦਾ ਹੈ ਜੋ ਸਿਰਜਤ ਨਹੀਂ ਰਹੀ, ਅਤੇ ਅਜਿਹਾ ਹੋਣ ਕਰਕੇ ਜੇ ਉਹ ਫਿਰ ਵੀ ਸਾਹਿਤਕ ਟੈਕਸਟ ਮੰਨੀ ਗਈ ਹੈ ਤਾਂ ਇਸ ਨੂੰ ਉਸ ਯੁਗ ਦਾ ਸਭਿਆਚਾਰਕ ਸੰਕਟ ਕਹਿਣਾ ਹੋਵੇਗਾ। ਇਹ ਸੰਕਟ ਨਕਸਲੀ ਕਵਿਤਾ ਵੇਲੇ ਵੀ ਕਾਇਮ ਸੀ ਅਤੇ ਇਹ ਅਜ ਵੀ ਕਾਇਮ ਹੈ। ਨਕਸਲੀ ਕਵਿਤਾ ਆਪਣੀਆਂ ਅਸੀਮ ਸੰਭਾਵਨਾਵਾਂ ਦੇ ਬਾਵਜੂਦ ਇਕ ਖਾਸ ਸੀਮਾਂ ਤੋਂ ਉਪਰ ਨਾ ਉੱਠ ਸਕੀ। ਇਸ ਨੇ ਸਿਰਜਤ ਭਾਸ਼ਾ ਦੇ ਖੇਤਰ ਵਿਚ ਇਕ ਲਹਿਰ ਦੇ ਤੌਰ 'ਤੇ ਕ੍ਰਾਂਤੀਕਾਰੀ ਕੰਮ ਨਹੀਂ ਕੀਤਾ। ਪਰ ਇਸ ਨੇ ਕਾਵਿ ਭਾਸ਼ਾ ਦੀ ਵਿਕਰਾਲਤਾ ਬਾਰੇ ਸੁਚੇਤ ਜ਼ਰੂਰ ਕੀਤਾ ਜੋ ਮੋਹਨ ਸਿੰਘ, ਅੰਮ੍ਰਿਤਾ ਅਤੇ ਸ਼ਿਵ ਕੁਮਾਰ ਦੀ ਰੁਮਾਂਚਕਤਾ ਕਰਕੇ ਪੈਦਾ ਹੋ ਚੁਕੀ ਸੀ।

ਭਾਸ਼ਾ ਦੀ ਕੁਰੱਪਸ਼ਨ ਦਾ ਸਿਖਰ ਪ੍ਰਯੋਗਵਾਦੀ ਅਡੰਬਰ ਸੀ। ਇਸ ਵਿਕਰਾਲਤਾ ਨੇ ਉਦੋਂ ਉਸ ਸੰਭਾਵਨਾ ਨੂੰ ਵੀ ਖਤਮ ਕਰ ਦਿਤਾ ਸੀ ਜਿਸ ਰਾਹੀਂ ਹਰ ਯੁਗ ਦੀਆਂ ਪ੍ਰਮੁੱਖ ਸਾਹਿਤਕ ਟੈਕਸਟਾਂ ਪਰੰਪਰਾ ਨੂੰ ਨੀਗੇਟ ਕਰਦੀਆਂ ਹਨ, ਅਤੇ ਪਾਠਕਾਂ ਅੰਦਰ ਨਵੀਂ ਸੁਹਜ ਉਤਕੰਠਾ ਪੈਦਾ ਕਰਦੀਆਂ ਹਨ। ਅਜ ਗੀਤਾਂ ਗਜ਼ਲਾਂ ਅਤੇ ਅਖੌਤੀ ਆਧੁਨਿਕ ਕਵਿਤਾ ਨੇ ਪਰਗਟ ਕਰ ਦਿਤਾ ਹੈ ਕਿ ਸਾਹਿਤਕ ਖੇਤਰ ਵਿਚ ਵੀ ਕਿਸੇ ਸਮੇਂ ਦਹਿਸ਼ਤਵਾਦ ਦੀ ਲੋੜ ਹੁੰਦੀ ਹੈ। ਨਕਸਲੀ ਕਵਿਤਾ ਨੇ ਨਿਸ਼ਚੇ ਹੀ ਆਰੰਭ ਵਿਚ ਇਸ ਦਹਿਸ਼ਤਵਾਦ ਨੂੰ ਜਨਮ ਦਿਤਾ। ਪਰ ਇਸ ਦਾ ਰਸਤਾ ਸਿਰਜਤ ਭਾਸ਼ਾ ਨਹੀਂ ਸੀ। ਸਿਰਜਤ ਭਾਸ਼ਾ ਰਾਹੀਂ ਪੈਦਾ ਹੋਇਆ ਦਹਿਸ਼ਤਵਾਦ ਕ੍ਰਾਂਤੀਕਾਰੀ ਟੈਕਸਟ ਸਿਰਜਣ ਵਲ ਸ਼ਕਤੀਸ਼ਾਲੀ ਕਦਮ ਹੈ, ਇਹ ਨਿਰਾ ਵਿਦਰੋਹ ਨਹੀਂ। ਵੈਸੇ ਇਹ ਸਿਆਸੀ ਖੇਤਰ ਵਰਗਾ ਦਹਿਸ਼ਤਵਾਦ ਵੀ ਨਹੀਂ। ਇਹ ਕੁਰੱਪਟ ਭਾਸ਼ਾ, ਜੋ ਅਜੋਕੀਆਂ ਸਮਾਜਕ ਅਤੇ ਰਾਜਨੀਤਕ ਸਥਿਤੀਆਂ ਦੀ ਅੰਗਪਾਲ ਹੈ, ਵਲੋਂ ਮਨੁੱਖੀ ਹੋਣੀ ਨਾਲ ਹੋ ਰਹੀ ਹਿੰਸਾ ਦਾ ਸ਼ਕਤੀਸ਼ਾਲੀ ਉਤਰ ਹੈ। ਅਜ ਦੀ ਅਖੌਤੀ ਪ੍ਰਗਤੀਸ਼ੀਲ ਆਲੋਚਨਾ ਅਤੇ ਗਜ਼ਲਗੋਈ ਦੋਵੇਂ ਇਕੋ



ਸੰਵੇਦਨਾ ਦੇ ਬਦਲਵੇਂ ਰੂਪ ਹਨ। ਭਾਸ਼ਾ ਨੂੰ ਕੁਰੱਪਟ ਕਰਨ ਦੇ ਵਿਨਾਸ਼ਕਾਰੀ ਰੁਝਾਣ ਵਿਰੁੱਧ ਹਰ ਯਤਨ ਕ੍ਰਾਂਤੀਕਾਰੀ ਟੈਕਸਟ ਸਿਰਜਣ ਵਲ ਕਦਮ ਕਿਹਾ ਜਾ ਸਕਦਾ ਹੈ। ਨਕਸਲੀ ਕਵਿਤਾ ਆਪਣੇ ਮੁੱਢਲੇ ਰੂਪ ਵਿਚ ਅਜਿਹਾ ਕਦਮ ਸੀ।

ਪਰ ਜਿਸ ਸਿਆਸੀ ਕ੍ਰਾਂਤੀ ਦੀ ਉਤਕੰਠਾ ਲੈ ਕੇ ਇਹ ਕਵੀ ਇਸ ਕਾਰਜ ਵਲ ਵਧੇ ਉਹ ਸਮਕਾਲੀ ਸਾਈਕੀ ਅਗੇ ਸ਼ਕਤੀਸ਼ਾਲੀ ਚੁਣੌਤੀ ਨਾ ਬਣ ਸਕੀ। ਇਸ ਕਵਿਤਾ ਦਾ ਆਪਣਾ ਪਰਿਭਾਸ਼ਤ ਕਿਰਦਾਰ ਵੀ ਵਕਤੀ ਸਿੱਧ ਹੋਇਆ। ਇਸ ਦਾ ਵਿਦਰੋਹ ਸੰਵੇਦਨਾ ਦੀ ਪੱਧਰ 'ਤੇ ਉਸ ਤਰ੍ਹਾਂ ਦਾ ਵਿਦਰੋਹ ਨਹੀਂ ਸੀ, ਜਿਵੇਂ ਅੰਗ੍ਰੇਜ਼ੀ ਵਿਚ ਵਰਡਜ਼ਵਰਥ ਅਤੇ ਕੋਲਰਿਜ ਨੇ ਬਾਂਝ ਹੋ ਚੁਕੀ ਸਿਰਜਤ ਭਾਸ਼ਾ ਵਿਰੁੱਧ ਕੀਤਾ। ਪੰਜਾਬੀ ਵਿਚ ਇਹ ਵਿਦਰੋਹ ਅਚੇਤ ਵੀ ਹੁੰਦਾ ਰਿਹਾ ਹੈ, ਤੇ ਉਹ ਵੀ ਵਿਅਕਤੀਗਤ ਪੱਧਰ 'ਤੇ। ਪੂਰਨ ਸਿੰਘ ਇਸ ਦੀ ਮਿਸਾਲ ਹੈ, ਅਤੇ ਅਜ ਗਲਪ ਖੇਤਰ ਵਿਚ ਪ੍ਰੇਮ ਪ੍ਰਕਾਸ਼। ਆਮ ਤੌਰ 'ਤੇ ਨਵੀਂ ਸਿਰਜਤ ਭਾਸ਼ਾ ਦੀ ਤਲਾਸ਼, ਅਜਿਹੀ ਭਾਸ਼ਾ ਦੀ ਤਲਾਸ਼ ਜੋ ਵਿਹਾਰਕ ਭਾਸ਼ਾ ਪ੍ਰਬੰਧ ਤੋਂ ਉਤਾਂਹ ਉੱਠਦੀ ਹੋਈ ਨਵੇਂ ਮਨੁੱਖੀ ਵਿਸਤਾਰਾਂ ਅਤੇ ਚੇਤਨਾ ਦੀ ਪੱਧਰ 'ਤੇ ਨਵੇਂ ਦਿਸ-ਹੱਦਿਆਂ ਨੂੰ ਸਿਰਜ ਸਕੇ, ਮਨੁੱਖ ਨੂੰ ਉਸ ਦੀਆਂ ਹਉਂਮੁੱਖੀ ਪਰਿਭਾਸ਼ਾਵਾਂ ਤੋਂ ਪਾਰ ਲੈ ਜਾ ਕੇ ਕਿਸੇ ਉਚੇਰੇ ਕਾਰਜ ਲਈ ਤਿਆਰ ਕਰ ਸਕੇ, ਮਨੁੱਖ ਨੂੰ ਆਪਣ ਅਸਤਿਤਵ ਦੀ ਪਦਾਰਥਕਤਾ ਦੀ ਪਹਿਚਾਣ ਕਰਾ ਸਕੇ—ਅਜਿਹੀ ਭਾਸ਼ਾ ਦੀ ਤਲਾਸ਼ ਦਾ ਆਰੰਭ ਪੰਜਾਬ ਵਿਚ ਬਾਬੇ ਨਾਨਕ ਨੇ ਕੀਤਾ, ਪਰ ਇਹ ਤਲਾਸ਼ ਸੁਚੇਤ ਰੂਪ ਨਕਸਲੀ ਕਵਿਤਾ ਦਾ ਪੈਸ਼ਨ ਨਾ ਬਣ ਸਕੀ।

ਸਿਰਜਤ ਭਾਸ਼ਾ ਮਨੁੱਖੀ ਚੇਤਨਾ ਵਿਚ ਜੋ ਕ੍ਰਾਂਤੀ ਲਿਆ ਸਕਦੀ ਹੈ ਇਸ ਦੀ ਪਹਿਚਾਣ ਅਜ ਸਾਡੇ ਵਿਵੇਕ ਨੂੰ ਨਹੀਂ। ਅਗੋਂ ਚੇਤਨਾ ਦਾ ਉਚੇਰਾ ਰੂਪ ਕਿਵੇਂ ਕ੍ਰਾਂਤੀਕਾਰੀ ਟੈਕਸਟ ਸਿਰਜਣ ਅਤੇ ਕ੍ਰਾਂਤੀਕਾਰੀ ਕਲਚਰ ਵਲ ਲੈ ਜਾਂਦਾ ਹੈ, ਇਸ ਸੰਭਾਵਨਾ ਨੂੰ ਸਾਡੀ ਆਲੋਚਨਾ ਅਤੇ ਸਾਡੇ ਸਿਰਜਣ ਨੇ ਨਕਾਰਿਆ ਹੀ ਹੈ। ਅਸੀਂ ਖਾਸ ਤਰ੍ਹਾਂ ਦੇ ਵਿਨਾਸ਼ਕਾਰੀ ਯੁਗ ਵਿਚੋਂ ਗੁਜ਼ਰ ਰਹੇ ਹਾਂ। ਇਹ ਉਦੋਂ ਸੰਭਵ ਹੁੰਦਾ ਹੈ ਜਦੋਂ ਸਿਰਜਤ ਭਾਸ਼ਾ ਦੀ ਕੁਰੱਪਸ਼ਨ ਮਨੁੱਖ ਦੀ ਕਲਚਰ ਨੂੰ ਹੀ ਕੁਰੱਪਟ ਕਰ ਦੇਵੇ। ਕਾਮੂ ਦਾ ਪ੍ਰਸਿਧ ਕਥਨ ਹੈ : Man is the only creature who refuses to be what he is— ਜਦੋਂ ਮਨੁੱਖ ਅੰਦਰ ਆਪਣੇ ਅਸਤਿਤਵ ਦੇ ਵਰਤਮਾਨ ਨੂੰ ਨੀਗੇਟ ਕਰਨ ਦੀ ਤਾਂਘ ਮਰ ਜਾਵੇ ਉਦੋਂ ਉਹ ਪੱਤਣ ਮੁੱਖ ਕਲਚਰ ਦਾ ਸ਼ਿਕਾਰ ਹੁੰਦਾ ਹੈ। ਨਕਸਲੀ ਕਵੀ ਵਰਤਮਾਨ ਨੂੰ ਨੀਗੇਟ ਕਰਨ ਦੀ ਸੱਚੀ-ਸੁੱਚੀ ਭਾਵਨਾ ਲੈ ਕੇ ਆਏ। ਇਸ ਨੂੰ ਸੰਵੇਦਨਾ ਦੀ ਪੱਧਰ 'ਤੇ ਕ੍ਰਾਂਤੀਕਾਰੀ ਕਾਰਜ ਬਣਨ ਲਈ ਸਾਹਿਤ ਵਿਚ ਸਿਰਜਣ ਦਹਿਸ਼ਤਵਾਦ (Creative terrorism) ਦੀ ਅਤੇ ਪੰਜਾਬੀਆਂ ਦੀ 'ਸਾਈਕੀ' ਨੂੰ ਤਬਦੀਲ ਕਰਨ ਦੀ ਲੋੜ ਸੀ। ਪਰ ਕੁਰੱਪਟ ਕਲਚਰ ਤਾਂ ਸ਼ਿਵ ਕੁਮਾਰ ਨੂੰ ਸਿਰ 'ਤੇ ਚੁਕ ਰਹੀ ਸੀ, ਅਜ ਸੁਰਜੀਤ ਪਾਤਰ ਨੂੰ ਗਜ਼ਲ ਗੋਈ ਵਿਚ ਸਮੇਟ ਰਹੀ ਹੈ। ਇਕ ਅਜਿਹਾ ਵਾਤਾਵਰਣ ਜਨਮ ਲੈ ਚੁਕਾ ਸੀ ਜਿਸ ਵਿਚ ਕੋਈ ਵੀ ਕਵੀ ਨਕਸਲੀ ਵਿਚਾਰ ਦਾ ਅਨੁਕਰਣ ਕਰ ਕੇ ਜੁਝਾਰੂ ਕਵੀ ਬਣ ਸਕਦਾ ਸੀ। ਗੁਰਸ਼ਰਨ ਸਿੰਘ ਹੋਰੀਂ ਅਚੇਤ ਹੀ ਨਕਸਲੀ ਕਵਿਤਾ ਵਲੋਂ ਪੈਦਾ ਹੋਈ ਸਿਰਜਤ ਭਾਸ਼ਾ ਅਤੇ ਨਕਸਲੀ ਵਿਚਾਰ ਦੇ ਅਨੁਕਰਣ ਵਿਚ ਤਾਮੀਜ਼ ਕਰਨ ਤੋਂ ਅਸਮਰਥ ਹਨ। ਪ੍ਰਮਾਣਿਕਤਾ ਅਤੇ ਜਾਹਲੀਪਣ ਵਿਚ ਫਰਕ ਨਾ ਕਰ ਸਕਣ ਦੇ ਕਾਰਨ ਵੀ ਉਹੀ ਹਨ ਜਿਨ੍ਹਾਂ ਕਰਕੇ ਸਿਰਜਤ ਭਾਸ਼ਾ ਦੇ ਮਹਤਵ ਦੀ ਪਹਿਚਾਣ ਨਹੀਂ ਹੋ ਸਕੀ।

ਇਹੀ ਕਾਰਨ ਹੈ ਕਿ ਨਕਸਲੀ ਕਵਿਤਾ ਦਾ ਮਹਤਵ ਇਤਿਹਾਸ ਦੀ ਇਕ ਮਾਈਕਰੋ-ਸਥਿਤੀ ਵਿਰੁੱਧ ਵਿਦਰੋਹ ਦੀ ਸੁਰ ਬੁਲੰਦ ਕਰਨ ਤਕ ਸੀਮਤ ਰਹਿ ਗਿਆ। ਇਸ ਵਿਦਰੋਹ ਦੀ ਸੁਰ ਦੇ ਸਮਾਪਤ ਹੋਣ ਦੇ ਕੋਈ ਕਾਰਨ ਨਹੀਂ ਸਨ, ਅਤੇ ਅਜ ਜੇ ਗੁਰਸ਼ਰਨ ਸਿੰਘ ਹੋਰਾਂ ਦੇ ਯਤਨਾਂ ਵਲ ਦੇਖਿਆ ਜਾਵੇ ਤਾਂ ਪ੍ਰਗਟ ਤੌਰ 'ਤੇ ਇਹ ਵੀ ਨਹੀਂ ਕਿਹਾ ਜਾ ਸਕਦਾ ਕਿ ਇਹ ਵਿਦਰੋਹ ਖਤਮ ਹੋ ਗਿਆ ਹੈ। ਪਰ ਵੇਖਣ ਵਾਲੀ ਗੱਲ ਇਹ ਹੈ ਕਿ ਇਹ ਅਜ ਕਿਸ ਰੂਪ ਵਿਚ ਅਤੇ ਕਿਸ ਸ਼ਕਤੀ ਵਿਚ ਕਾਇਮ ਹੈ। ਜੇ ਅਜ ਸਿਰਜਤ ਭਾਸ਼ਾ ਦੀ ਪਹਿਚਾਣ ਨਹੀਂ ਰਹੀ, ਜੇ ਪ੍ਰਮਾਣਿਕਤਾ ਅਤੇ ਜਾਅਲੀਪਣ ਵਿਚਕਾਰ ਫਰਕ ਨਹੀਂ, ਜੇ ਭਾਵਨਾ ਨੂੰ ਭਾਵਕਤਾ ਵਿਚ ਬਦਲਿਆ ਜਾ ਰਿਹਾ ਅਤੇ ਉਸ ਨੂੰ ਕ੍ਰਾਂਤੀਕਾਰੀ ਕਾਰਜ ਵਜੋਂ ਪੇਸ਼ ਕੀਤਾ ਜਾ ਰਿਹਾ ਹੈ ਤਾਂ ਇਨ੍ਹਾਂ ਯਤਨਾਂ ਦਾ ਮਨੁੱਖੀ ਚੇਤਨਾ ਦੇ ਇਤਿਹਾਸ ਵਿਚ ਬਹੁਤਾ ਮਹਤਵ ਨਹੀਂ। ਇਹ ਯਤਨ ਕ੍ਰਾਂਤੀਕਾਰੀ ਟੈਕਸਟ ਵਲ ਨਹੀਂ, ਇਸ ਦੀ ਭਰਾਂਤੀ ਵਲ, ਇਸ ਟੈਕਸਟ ਦੇ ਵਿਚਾਰ ਦੇ ਅਨੁਕਰਣ ਵਲ ਲੈ ਜਾ ਰਹੇ ਹਨ।

ਇਸ ਭਰਾਂਤੀ ਦਾ ਆਰੰਭ ਨਕਸਲੀ ਕਵਿਤਾ ਦੇ ਆਰੰਭ ਵੇਲੇ ਹੀ ਹੋ ਗਿਆ ਸੀ। ਇਨ੍ਹਾਂ ਕਵੀਆਂ ਨੇ ਆਪਣੇ ਵਿਦਰੋਹ ਦਾ ਜ਼ਰੀਆ ਨਿੱਜੀ ਸਿਆਸੀ ਸਰਗਰਮੀ ਦੇ ਨਾਲ ਨਾਲ ਟੈਕਸਟ ਸਿਰਜਣ ਕਾਰਜ ਨੂੰ ਚੁਣਿਆ। ਸਮਾਜਕ ਤਬਦੀਲੀ ਚਾਹੁਣ ਵਾਲਿਆਂ ਨੂੰ ਇਨ੍ਹਾਂ ਕਵੀਆਂ ਦੀਆਂ ਸਿਆਸੀ ਸਰਗਰਮੀਆਂ ਅਤੇ ਇਨ੍ਹਾਂ ਉਪਰ ਹੋਏ ਪੁਲਿਸ ਤਸ਼ੱਦਦ ਕਰਕੇ ਇਹਨਾਂ ਦੀ ਤੁਰੰਤ ਪਹਿਚਾਣ ਹੋ ਗਈ। ਸਗੋਂ ਇਨ੍ਹਾਂ ਕਾਰਨਾਂ ਕਰਕੇ ਆਪਣੀਆਂ ਟੈਕਸਟਾਂ ਨਾਲੋਂ ਵੱਧ ਕਵੀ ਆਮ ਜਾਣੇ ਜਾਣ ਲਗ ਪਏ। ਪਾਠਕਾਂ ਸਾਹਮਣੇ ਜੇਲ੍ਹ ਗਿਆ ਪਾਸ਼ ਜਾਂ ਅਮਰਜੀਤ ਚੰਦਨ ਸੀ, ਉਨ੍ਹਾਂ ਦੀ ਕਵਿਤਾ ਨਹੀਂ। ਇਹ ਪੰਜਾਬੀ ਸਾਈਕੀ ਦਾ ਹੀ ਖਾਸਾ ਹੈ ਕਿ ਇਥੇ ਕਿਰਤ ਨਾਲੋਂ ਕਰਤਾ ਦੀ ਪਹਿਚਾਣ ਜ਼ਿਅ ਦਾ ਮਹਤਵਪੂਰਣ ਗੱਲ ਹੈ। ਪੰਜਾਬੀ ਆਲੋਚਨਾ ਕਾਰਜ ਵੀ ਅਜੇ ਤਕ ਕਰਤਾਮੁਖੀ ਰਿਹਾ ਹੈ। ਆਮ ਲੇਖਕ ਆਪਣੀ ਕਿਰਤ ਨਾਲੋਂ ਆਪਣੀ ਸ਼ਖਸੀਅਤ ਦੀ 'ਰੈਕਗਨੀਸ਼ਨ' ਵੱਧ ਚਾਹੁੰਦੇ ਹਨ। ਇਨਾਮਾਂ ਮਗਰ ਝੱਖਮਰੀ ਅਤੇ ਜ਼ਲੀਲ ਹੋਣ ਅਤੇ ਕਰਨ ਦੇ ਵੀ ਇਹੀ ਕਾਰਣ ਹਨ। ਵਿਦੇਸ਼ੀ ਪੁਸਤਕਾਂ ਦਾ ਚਰਬਾ ਪੇਸ਼ ਕਰਨ ਪਿਛੇ ਵੀ ਇਹੀ ਮਾਨਸਿਕਤਾ ਕੰਮ ਕਰ ਰਹੀ ਹੈ। ਜਿਸ ਤੋਂ ਇਹ ਪਰਗਟ ਹੈ ਕਿ ਪੰਜਾਬੀ ਵਿਚ ਬਹੁਤਾ ਲਿਖਣ-ਕਾਰਜ ਕਿਸੇ ਪ੍ਰਤਿਬੱਧਤਾ ਦਾ ਸਿੱਟਾ ਨਹੀਂ।

ਨਕਸਲੀ ਕਵੀਆਂ ਨੂੰ ਤੁਰੰਤ ਪ੍ਰਵਾਨਗੀ ਵਿਵੇਕਸ਼ੀਲ ਆਲੋਚਨਾ ਦ੍ਰਿਸ਼ਟੀ ਦੀ ਥਾਂ ਇਸ ਮਾਨਸਿਕਤਾ ਨੇ ਦਿਤੀ। ਇਸ ਮਾਨਸਿਕਤਾ ਲਈ ਇਨ੍ਹਾਂ ਕਵੀਆਂ ਦਾ ਮਹਤਵ ਕ੍ਰਾਂਤੀਕਾਰੀ ਟੈਕਸਟ ਸਿਰਜਣ ਕਰਕੇ ਨਹੀਂ ਸੀ, ਕ੍ਰਾਂਤੀਕਾਰੀ ਹੋਣ ਦੀ ਪ੍ਰਸਿੱਧੀ ਕਰਕੇ ਸੀ। ਇਹੀ ਕਾਰਨ ਹੈ ਕਿ ਨਕਸਲੀ ਕਵਿਤਾ ਦੀ ਸ੍ਰੇਸ਼ਟ ਮਿਸਾਲ ਲਾਲ ਸਿੰਘ ਦਿਲ ਅਣਗੌਲਿਆ ਰਹਿ ਗਿਆ। ਉਹ ਅਜ ਵੀ ਇਸ ਮਾਨਸਿਕਤਾ ਲਈ ਗੁੰਮ ਚੁਕਾ ਹੈ। ਅਜ ਪ੍ਰਸਿੱਧ ਨਕਸਲੀ ਕਵੀ ਵੀ 'ਨਾਇਕ' ਨਹੀਂ ਰਹੇ ਕਿਉਂਕਿ ਉਨ੍ਹਾਂ ਦੀ ਪੁਲਿਸ ਤਸ਼ੱਦਦ ਨਾਲ ਅਜ ਟੱਕਰ ਨਹੀਂ। ਜਿਹੜਾ ਟੈਕਸਟ ਸਿਰਜਣ ਇਸ ਵਿਕਰਾਲਤਾ ਨੂੰ ਖਤਮ ਨਹੀਂ ਕਰ ਸਕਦਾ ਉਹ ਆਪ ਇਸ ਦਾ ਸ਼ਿਕਾਰ ਹੋਣ ਲਗ ਪੈਂਦਾ ਹੈ। ਨਕਸਲੀ ਕਵੀਆਂ ਦੀ ਖ਼ੂਬਸੂਰਤੀ ਇਹ ਸੀ ਕਿ ਉਨ੍ਹਾਂ ਆਪ ਕਦੇ ਵੀ ਸਾਹਿਤਕ ਟੈਕਸਟ ਨੂੰ ਆਪਣੀ ਬਿੰਬ-ਉਸਾਰੀ ਲਈ ਨਹੀਂ ਵਰਤਿਆ। ਅਜਿਹਾ ਕਰਨ ਨਾਲ ਉਨ੍ਹਾਂ ਦੇ ਸਮੁੱਚੇ ਕਾਰਜ ਦੀ ਸਿਆਸੀ ਅਤੇ ਸਾਹਿਤਕ, ਦੋਵਾਂ ਦੀ 'ਨੀਗੇਸ਼ਨ' ਹੋਣੀ ਸੀ। ਉਹ ਕਿਸੇ ਸਾਹਿਤਕ ਦਾਅਵੇ ਨਾਲ ਇਸ ਕਾਰਜ ਵਲ ਨਹੀਂ ਸਨ ਵਧੇ। ਪਰ ਇਹ 'ਨੀਗੇਸ਼ਨ' ਦਾ ਕਾਰਜ



ਉਨ੍ਹਾਂ ਦਵਾਲੇ ਬੁਣੇ ਜਾ ਰਹੇ ਨਾਇਕਤਵ ਨੇ ਕਰ ਦਿਤਾ। ਅਜ ਨਾਇਕਤਵ ਦੇ ਪ੍ਰੇਤ ਉਨ੍ਹਾਂ ਦਾ ਪਿੱਛਾ ਨਹੀਂ ਛੱਡ ਰਹੇ। ਉਨ੍ਹਾਂ ਦੀ ਆਪਣੀ ਕਵਿਤਾ ਪ੍ਰਤਿਬੱਧਤਾ ਤੋਂ ਸੱਖਣੀ ਹੋ ਰਹੀ ਹੈ।

ਹਰੇਕ ਸ਼ਕਤੀਸ਼ਾਲੀ ਵਿਦਰੋਹ ਦਾ ਤਰਕਸ਼ੀਲ ਅਗਲਾ ਪੜਾਅ ਇਹ ਹੁੰਦਾ ਹੈ ਕਿ ਉਹ ਦਾਰਸ਼ਨਿਕ ਚੇਤਨਾ ਦਾ ਅੰਗ ਬਣੇ। ਇਸ ਦਾਰਸ਼ਨਿਕ ਚੇਤਨਾ ਤੋਂ ਪੈਦਾ ਹੋਣ ਵਾਲੀ ਸਿਰਜਤ ਭਾਸ਼ਾ ਜ਼ਰੂਰੀ ਨਹੀਂ ਸਿਆਸੀ ਸੰਕਲਪਾਂ ਦਾ ਕਾਵਿ ਅਨੁਕਰਣ ਪੇਸ਼ ਕਰੇ, ਜਾਂ ਭਾਵੁਕ ਹੋ ਕੇ ਯਥਾਰਥ ਦੇ ਤਟਸਥ ਫਰੇਮ ਦੀ ਭਿਅੰਕਰਤਾ ਵਿਰੁੱਧ ਬੋਲੇ। ਭਿਅੰਕਰ ਯਥਾਰਥ ਦੇ ਇੰਦਰਿਆਵੀਕਰਣ ਦੀ ਮਨੁੱਖੀ ਰਿਸ਼ਤਿਆਂ ਵਿਚੋਂ ਹੀ ਪਹਿਚਾਣ ਹੋ ਸਕਦੀ ਹੈ। ਸਿਰਜਤ ਭਾਸ਼ਾ ਇਸ ਪਹਿਚਾਣ ਵਿਚੋਂ ਹੀ ਜਨਮ ਲੈਂਦੀ ਹੈ, ਕਿਉਂਕਿ ਯਥਾਰਥ ਕੋਈ ਅਮੂਰਤ ਗੁਣ ਨਹੀਂ। ਭਾਸ਼ਾ ਸਿਰਜਣ ਅਮੂਰਤ ਵਿਚਾਰਧਾਰਾ ਦਾ ਵੀ ਇੰਦਰਿਆਵੀਕਰਣ ਕਰਦਾ ਹੈ। ਇਸ ਸੰਬੰਧ ਵਿਚ ਪਾਸ਼ ਦੀ 'ਉੱਡਦੇ ਬਾਜ਼ਾਂ ਮਗਰ' ਕਵਿਤਾ ਅਤੇ ਲਾਲ ਸਿੰਘ ਦਿਲ ਦੀਆਂ ਹੇਠਲੀਆਂ ਸਤਰਾਂ ਦੀ ਉਦਾਹਰਣ ਦਿਤੀ ਜਾ ਸਕਦੀ ਹੈ :—

ਸ਼ਾਮ ਦਾ ਰੰਗ ਫਿਰ ਪੁਰਾਣਾ ਹੈ
ਜਾ ਰਹੇ ਨੇ ਬਸਤੀਆਂ ਨੂੰ ਫ਼ੁਟਪਾਥ
ਜਾ ਰਹੀ ਹੈ ਝੀਲ ਕੋਈ ਦਫ਼ਤਰੋਂ
ਨੌਕਰੀ ਤੋਂ ਲੈ ਜਵਾਬ
ਪੀ ਰਹੀ ਹੈ ਝੀਲ ਕੋਈ ਜਲ ਦੀ ਪਿਆਸ
ਤੁਰ ਪਿਆ ਏ ਸ਼ਹਿਰ ਕੁਝ ਪਿੰਡਾਂ ਦੇ ਰਾਹ
ਸੁੱਟ ਕੇ ਕੋਈ ਜਾ ਰਿਹਾ ਸਾਰੀ ਕਮਾਈ
ਪੂੰਝਦਾ ਕੋਈ ਆ ਰਿਹਾ ਧੋਤੀ ਦੇ ਨਾਲ

ਜਦੋਂ ਵਿਦਰੋਹ ਦਾਰਸ਼ਨਿਕ ਚੇਤਨਾ ਦਾ ਅੰਗ ਬਣਦਾ ਹੈ, ਜਦੋਂ ਦਾਰਸ਼ਨਿਕ ਚੇਤਨਾ ਦਾ ਸੰਵੇਦਨਾ ਰਾਹੀਂ ਇੰਦਰਿਆਵੀਕਰਣ ਹੁੰਦਾ ਹੈ, ਉਦੋਂ ਸਿਰਜਤ ਭਾਸ਼ਾ ਜਨਮ ਲੈਂਦੀ ਹੈ, ਉਦੋਂ ਕ੍ਰਾਂਤੀਕਾਰੀ ਤਾਂਘ ਭਾਵੁਕ ਵਹਾਅ ਲਈ ਭਾਸ਼ਾ ਨਾਲ ਹਿੰਸਾ ਨਹੀਂ ਕਰਦੀ, ਉਦੋਂ ਕਿਸੇ ਮਾਨਸਿਕ ਖਾਲੀਪਣ ਦੀ ਖਾਤਰ ਸਾਹਿਤ ਰਚਨਾ ਨਿੱਜੀ ਬਿੰਬ-ਉਸਾਰੀ ਦਾ ਸੰਦ ਨਹੀਂ ਬਣਦੀ, ਉਦੋਂ ਇਕ ਪ੍ਰਤਿਬੱਧਤਾ ਜਨਮ ਲੈਂਦੀ ਹੈ, ਅਤੇ ਪ੍ਰਤਿਬੱਧਤਾ ਚੇਤਨਾ, ਚਿੰਤਨ ਅਤੇ ਸੰਵਾਦ ਰਾਹੀਂ ਸਾਰਥਕ ਟੈਕਸਟ ਸਿਰਜਣ ਕਾਰਜ ਦੀ ਪਹਿਚਾਣ ਕਰਦੀ ਹੈ, ਉਦੋਂ ਇਤਿਹਾਸਕ ਦਵੰਦ ਨੂੰ ਨਵੀਂ ਰਫ਼ਤਾਰ ਮਿਲਦੀ ਹੈ, ਕਾਊਂਟਰ ਕਲਚਰ ਕ੍ਰਾਂਤੀਕਾਰੀ ਕਾਰਜ ਵਲ ਕਦਮ ਚੁਕਦੀ ਹੈ, ਉਦੋਂ ਸਿਰਜਤ ਭਾਸ਼ਾ ਅਤੇ ਸਮਾਜਕ ਅਮਲਗਤੀ ਬਾਰੇ ਦਾਰਸ਼ਨਿਕ ਚੇਤਨਾ ਵਿਚਲਾ ਤਣਾਅ ਤੀਖਣ ਹੁੰਦਾ ਹੈ, ਉਦੋਂ ਸਾਹਿਤ ਸਿਰਜਣ ਸਮੁੱਚੀ ਮਾਨਵ ਜਾਤੀ ਦਾ ਗੌਰਵ ਬਣ ਜਾਂਦਾ ਹੈ। ਅਜਿਹੀ ਸਥਿਤੀ ਦੀ ਸੰਭਾਵਨਾ ਕਿਸੇ ਵੀ ਯੁਗ ਦਾ ਸੁਪਨਾ ਹੈ।

---

ਨੋਟ : ਸੇਧ ਦੇ ਲੇਖਾਂ ਵਿਚ ਪੇਸ਼ ਕੀਤੇ ਗਏ ਵਿਚਾਰ ਲੇਖਕਾਂ ਦੇ ਹਨ। ਸੰਪਾਦਕ ਸੇਧ ਦਾ ਉਹਨਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

## ਖਲੋਤੇ ਪਾਣੀ, ਵਗਦੇ ਪਾਣੀ

ਰਣਜੀਤ ਸਿੰਘ

ਮਾਤੋ ਆ ਕੇ ਆਪਣੀ ਥਾਂ ਉਤੇ ਬੈਠ ਗਿਆ। ਲਕੜੀ ਦੀ ਚਰਚਰਾਂਦੀ ਪੌੜੀ ਦੇ ਹੇਠ। ਕੱਚੀ ਕੰਧ ਨਾਲ ਪਿੱਠ ਲਾ ਕੇ, ਖ਼ਾਲੀ ਬੋਰੀਆਂ ਦੇ ਮੋਟੇ ਗੱਦੇ ਉਤੇ। ਉਸ ਦੀਵਾ ਬਾਲਿਆ। ਖ਼ਾਲੀ ਬੋਤਲ ਵਿਚ ਮਿੱਟੀ ਦਾ ਤੇਲ ਪਾ ਕੇ ਸੂਤ ਦੀ ਇਕ ਲੰਮੀ-ਮੋਟੀ ਰੱਸੀ ਡਾਟ ਵਿਚੋਂ ਲਮਕਾਈ ਹੋਈ ਸੀ।

ਮਾਤੋ ਅੱਜ ਵਿਹਲਾ ਸੀ। ਉਹ ਜਾਣਦਾ ਸੀ ਕਿ ਸਰਦਾਰ ਕੁਝ ਦੇਰ ਪੜ੍ਹੇਗਾ, ਕੋਈ ਅਖ਼ਬਾਰ, ਕੋਈ ਕਿਤਾਬ, ਜਾਂ ਹਿਸਾਬ-ਕਿਤਾਬ ਦੇਖੇਗਾ। ਫੇਰ ਲੰਮੇ ਘੁਰਾੜੇ ਉਸ ਦੇ ਗੂੜ੍ਹੀ ਨੀਂਦ ਦੇ ਸੁਖ-ਸਾਗਰ ਵਿਚ ਡੁੱਬ ਜਾਣ ਦੀ ਗਵਾਹੀ ਭਰਨਗੇ। ਇਸ ਤਰ੍ਹਾਂ ਕਦੀ ਕਦੀ ਹੀ ਹੋਇਆ ਕਰਦਾ ਸੀ ਜਦੋਂ ਸਰਦਾਰ ਨੂੰ ਬਹੁਤ ਕੰਮ ਹੁੰਦਾ ਜਾਂ ਜਦ ਕਦੀ ਉਹ ਉਦਾਸ ਹੁੰਦਾ। ਸਰਦਾਰ ਕਿਹਾ ਕਰਦਾ ਸੀ, "ਮਾਤੋ, ਮੱਕੀ ਦੀ ਰੋਟੀ ਵਾਂਗ ਹੈ ਮੇਰਾ ਪੰਜਾਬ। ਸਰੋਂ ਖਿੜਦੀ ਹੈ ਉਥੇ। ਮੱਕੀ ਦੀ ਰੋਟੀ ਉਤੇ ਪਏ ਸਾਗ ਦੀ ਤਰ੍ਹਾਂ। ਨਹਿਰਾਂ ਵਗਦੀਆਂ ਹਨ ਸਾਗ ਵਿਚ ਪਾਏ ਘਿਓ ਦੀ ਤਰ੍ਹਾਂ।" ਉਦੋਂ ਮਾਤੋ ਨੂੰ ਸਰਦਾਰ ਬੜਾ ਚੰਗਾ ਲਗਦਾ ਸੀ। ਪਰ ਇਸ ਤਰ੍ਹਾਂ ਬਹੁਤ ਘਟ ਹੀ ਹੋਇਆ ਕਰਦਾ ਸੀ। ਆਮ ਤੌਰ ਉਤੇ ਮਾਤੋ ਨੂੰ ਬਹੁਤ ਕੰਮ ਕਰਨਾ ਪੈਂਦਾ ਸੀ।

ਮਾਤੋ ਨੇ ਜੇਬ ਵਿਚੋਂ ਟੀਨ ਦੀ ਇਕ ਗੋਲ ਡੱਬੀ ਕੱਢੀ। ਪਹਿਲੀ ਉਂਗਲ ਦੇ ਨਹੁੰ ਨਾਲ ਉਸ ਨੂੰ ਦੋ-ਤਿੰਨ ਵਾਰ ਠੁਣਕਿਆ। ਗੂਠੇ ਅਤੇ ਪਹਿਲੀ ਉਂਗਲ ਵਿਚ ਉਸ ਨੂੰ ਘੁਮਾ ਘੁਮਾ ਕੇ ਘੁਟਿਆ। ਫਿਰ ਇਕ ਪਾਸਓਂ ਦਬਾ ਕੇ ਉਸ ਨੂੰ ਖੋਲ੍ਹਿਆ। ਉਸ ਵਿਚੋਂ ਇਕ ਨਿੱਕੀ ਜਿਹੀ ਗੋਲੀ ਕੱਢ ਕੇ ਮੂੰਹ ਵਿਚ ਪਾ ਲਈ। ਪਹਿਲੀ ਉਂਗਲੀ ਨਾਲ ਉਸ ਨੂੰ ਸੱਜੇ ਪਾਸੇ ਦੀ ਪਿਛਲੀ ਦਾੜ੍ਹ ਵਿਚ ਦਬਾ ਕੇ ਫਸਾਇਆ। ਜੀਭ ਨਾਲ ਸੈੱਟ ਕੀਤਾ ਘੋਲ ਦਾ ਸਵਾਦ ਮਾਣਿਆ।

ਮਾਤੋ ਸੰਤੁਸ਼ਟ ਸੀ।

ਮਾਤੋ ਨੇ ਉਸੇ ਡੱਬੀ ਵਿਚੋਂ ਇਕ ਮੋਟੀ ਜਿਹੀ ਫਿਸੀ ਫਿਸਾਈ ਗੋਲੀ ਹੋਰ ਕੱਢੀ। ਉਠ ਕੇ ਅਖ਼ਬਾਰ ਦਾ ਇਕ ਕਾਗ਼ਜ਼ ਲਿਆ ਕੇ ਵਿਛਾਇਆ ਅਤੇ ਇਕ ਪੁੜੀ ਵਿਚੋਂ ਆਟਾ ਕੱਢ ਕੇ ਇਸ ਉਪਰ ਧੂੜਿਆ। ਵੱਡੀ ਗੋਲੀ ਵਿਚੋਂ ਇਕ ਨਿਕਾ ਜਿਹਾ ਟੁਕੜਾ ਖਿਚ ਕੇ ਤੋੜਿਆ ਤੇ ਉਸ ਦੀ ਗੋਲੀ ਬਣਾਈ। ਉਸ ਨੂੰ ਖੱਬੇ ਹੱਥ ਦੀ ਤਲੀ ਉਤੇ ਰਖ ਕੇ ਸੱਜੇ ਹੱਥ ਦੀ ਪਹਿਲੀ ਉਂਗਲ ਨਾਲ ਗੇਂਦ ਵਾਂਗ ਗੋਲ ਕੀਤਾ। ਉਸ ਦਾ ਆਕਾਰ ਜਾਂਚਿਆ ਅਤੇ ਉਸ ਨੂੰ ਅਖ਼ਬਾਰ ਉਤੇ ਰਖ ਦਿਤਾ। ਇਸ ਤਰ੍ਹਾਂ ਉਸ ਨੇ ਨਿਕੀਆਂ-ਨਿਕੀਆਂ ਗੋਲੀਆਂ ਬਣਾਈਆਂ ਤੇ ਉਹਨਾਂ ਨੂੰ ਅਖ਼ਬਾਰ ਉਤੇ ਰਖ ਕੇ ਧੂੜੇ ਹੋਏ ਆਟੇ ਵਿਚ ਰੋਲਿਆ। ਕਿਸੇ ਜੁੜੀ-ਜੁੜਾਈ ਨੂੰ ਵਖਰਾ ਕਰ ਕੇ ਆਟੇ ਵਿਚ ਘੁਮਾਇਆ। ਇਸ ਤਰ੍ਹਾਂ ਉਹ ਸਰ੍ਹੋਂ ਦੇ ਦਾਣਿਆਂ ਵਾਂਗ ਨਾਲ ਨਾਲ ਹੁੰਦਿਆਂ ਹੋਇਆਂ ਵੀ ਵੱਖਰੀਆਂ ਵੱਖਰੀਆਂ ਹੋ ਗਈਆਂ।

ਹੁਣ ਤਕ ਪਹਿਲਾਂ ਖਾਧੀ ਗੋਲੀ ਖਿੜਨ ਲਗ ਪਈ ਸੀ। ਮਾਤੋ ਊਂਘਣ ਲਗ ਪਿਆ। ਮੋਤੀ ਕਿਸ ਵੇਲੇ ਆ ਕੇ ਉਸ ਨਾਲ ਲਗ ਕੇ ਬੈਠ ਗਿਆ ਸੀ, ਮਾਤੋ ਨੂੰ ਪਤਾ ਨਾ ਲਗਾ। ਜੇ ਮੋਤੀ ਤਮਕ ਕੇ ਸਿਰ ਨਾ ਚੁਕਦਾ ਤਾਂ ਉਸ ਨੂੰ ਊਂਘਦੇ ਨੂੰ ਇਹ ਵੀ ਪਤਾ ਨਾ ਲਗਦਾ ਕਿ ਕਦੋਂ ਕੋਈ ਉਸ ਕੋਲੋਂ ਲੰਘ ਗਿਆ ਸੀ। ਮੋਤੀ ਉਠ ਕੇ ਬੈਠਣ ਜਾਂ ਭੌਂਕਣ ਤੋਂ ਪਹਿਲਾਂ ਹੀ ਫਿਰ ਆਪਣੇ ਪੰਜਿਆਂ ਉਤੇ ਸਿਰ ਰਖ ਕੇ ਸੌਂ ਗਿਆ ਸੀ। ਮਾਤੋ ਨੂੰ ਹੈਰਾਨੀ ਹੋਈ। ਮੋਤੀ ਜਾਣਦਾ ਹੋਣਾ ਹੈ ਕਿ ਕੌਣ ਉਹਨਾਂ ਦੇ ਕੋਲੋਂ ਦੁਬਕ ਕੇ ਨਿਕਲਿਆ ਸੀ। ਮਾਤੋ ਆਪ ਦੀਵੇ ਦੀ ਰੋਸ਼ਨੀ ਵਿਚ ਸੀ। ਪੌੜੀਆਂ ਨ੍ਹੇਰੇ ਵਿਚ ਸਨ। ਸੁਬਕ ਪੈਰਾਂ ਵਿਚ ਪਈਆਂ ਝਾਂਜਰਾਂ ਦੀ ਛਨਛਨਾਹਟ ਅਤੇ ਪੌੜੀ ਦੀ ਚਰਚਰਾਹਟ ਇਕਮਿਕ ਹੋ ਗਈ। ਮਾਤੋ ਨੂੰ ਨ੍ਹੇਰੇ ਵਿਚ ਘਗਰੇ ਦੀ ਚਾਲਿਆਈ ਲੋਣ ਅਤੇ ਸਲੇਟੀ ਪਿੰਨੀਆਂ ਤੋਂ ਸਿਵਾ ਕੁਝ ਨਜ਼ਰ ਨਾ ਆਇਆ।

ਮਾਤੋ ਦੇ ਸੁੰਨ ਦਿਮਾਗ਼ ਵਿਚ ਇਕ ਚੀਸ ਉਭਰੀ। ਕਈ ਸਾਲਾਂ ਤੋਂ ਉਹ ਸਰਦਾਰ ਦੀ ਹਰ ਤਰ੍ਹਾਂ ਦੀ ਸੇਵਾ ਕਰਦਾ ਆਇਆ ਸੀ। ਪਾਣੀ ਭਰ, ਜੰਗਲ ਵਿਚੋਂ ਸੁਕੀਆਂ ਲਕੜੀਆਂ ਇਕਠੀਆਂ ਕਰ ਜਾਂ ਨਿੱਕੇ-ਮੋਟੇ ਕੰਮ ਆਉਂਦੀਆਂ ਜਾਂਦੀਆਂ ਕੁੜੀਆਂ ਨੂੰ ਉਹ ਸਰਦਾਰ ਨੂੰ ਵਿਖਾਉਂਦਾ ਰਿਹਾ ਸੀ। ਉਹਦੇ ਮਨ ਭਾਉਂਦੀ ਕੁੜੀ ਨੂੰ ਓਹ ਨ੍ਹੇਰੇ ਪਏ ਨਾਲ ਲੈ ਆਇਆ ਕਰਦਾ ਸੀ। ਆਪ ਉਹ ਆਪਣੀ ਥਾਂ ਉਤੇ ਪੌੜੀ ਹੇਠ ਬੈਠ ਜਾਂਦਾ ਅਤੇ ਪੌੜੀ ਨਾਜ਼ਕ ਪੈਰਾਂ ਦੇ ਭਾਰ ਨਾਲ ਚਰਚਰਾ ਉਠਦੀ।

ਉਸ ਸਮੇਂ ਤਕ ਸਰਦਾਰ ਆਪਣੇ ਦਿਨ ਭਰ ਦੇ ਕੰਮ ਤੋਂ ਵਿਹਲਾ ਹੋ ਚੁਕਿਆ ਹੁੰਦਾ। ਨ੍ਹਾ ਕੇ ਉਸ ਹਲਕੇ ਰੰਗ ਦਾ ਕੁੜਤਾ ਪਾ ਲਿਆ ਹੁੰਦਾ ਅਤੇ ਤਹਿਮਤ ਸਜਾ ਲਈ ਹੁੰਦੀ। ਰੋਟੀ ਉਹ ਰਾਤ ਨੂੰ ਘਟ ਹੀ ਖਾਂਦਾ ਸੀ। ਆਮ ਤੌਰ ਉਤੇ ਵਿਸਕੀ ਨਾਲ ਬਣਿਆ ਬਣਾਇਆ ਡਬਿਆਂ ਵਿਚ ਮੱਛੀ, ਰੋਗਨਜੋਸ਼ ਜਾਂ ਮੁਰਗਾ ਖਾਇਆ ਕਰਦਾ ਸੀ। ਉਸ ਪਿਛੋਂ ਸੇਬਾਂ ਦਾ ਜਾਂ ਆਉਲੇ ਦਾ ਮੁਰੱਬਾ। ਰੋਟੀ ਉਹ ਸਿਰਫ਼ ਦੁਪਹਿਰ ਦੀ ਹੀ ਖਾਇਆ ਕਰਦਾ ਸੀ। ਰੱਜ ਕੇ। ਰਾਤ ਨੂੰ ਉਹ ਪੇਟ ਹੌਲਾ ਰਖਣਾ ਪਸੰਦ ਕਰਦਾ ਸੀ। ਮਾਤੋ ਆ ਕੇ ਆਪਣੀ ਥਾਂ ਉਤੇ ਬੈਠ ਜਾਂਦਾ। ਇਕ ਪਾਸੇ ਮੋਤੀ ਆ ਕੇ ਬੈਠ ਜਾਂਦਾ ਅਤੇ ਦੂਜੇ ਪਾਸੇ ਉਹ ਆਪਣੇ ਪੱਕੇ ਲੋਹੇ ਦੇ ਨਿੱਕੇ ਜਿਹੇ ਫਲ ਤੇ ਕੋਈ ਹੱਥ ਡੇਢ ਹੱਥ ਲੰਮੇ ਦਸਤੇ ਵਾਲੀ ਕੁਹਾੜੀ ਰਖ ਲੈਂਦਾ। ਸੱਜੇ ਪਾਸੇ ਦੀ ਪਿਛਲੀ ਦਾੜ੍ਹ ਵਿਚ ਅਫੀਮ ਦੀ ਛੋਟੀ ਜਿਹੀ ਗੋਲੀ ਰਖੀ ਹੁੰਦੀ। ਲੋਰ ਵਿਚ ਮਾਤੋ ਨੂੰ ਨਾ ਕਦੀ ਝਾਂਜਰਾਂ ਦੀ ਛਨਛਨਾਹਟ, ਨਾ ਕਪੜਿਆਂ ਦੀ ਸਰਸਰਾਹਟ ਸੁਣਾਈ ਦਿੰਦੀ। ਨਾ ਹੀ ਉਭਰਦੀਆਂ ਸਿਸਕੀਆਂ, ਨਾ ਭੋਗ-ਸਵਾਦ ਵਿਚ ਕਰਾਹੁਣਾ, ਨਾ ਪਚਾਕੇ ਨਾ ਪਟਾਕੇ ਸੁਣਾਈ ਦਿੰਦੇ।

ਪੌੜੀਆਂ ਉਤੇ ਪਏ ਪਹਿਲੇ ਪੈਰ ਨਾਲ ਮੋਤੀ ਉਠ ਕੇ ਖਲੋ ਜਾਂਦਾ। ਮਾਤੋ ਆਪਣੀ ਕੁਹਾੜੀ ਚੁਕ ਕੇ ਅੱਗੇ ਅੱਗੇ ਤੁਰ ਪੈਂਦਾ ਅਤੇ ਉਸ ਕੁੜੀ ਨੂੰ ਉਹਦੇ ਆਪਣੇ ਘਰ ਜਾਂ ਅਣਵਿਆਹੇ ਨੌਜਵਾਨ

ਮੁੰਡੇ-ਕੁੜੀਆਂ ਦੇ ਸਾਂਝੇ ਸੌਣ-ਘਰ, ਗੁਗੋਲ ਵਿਚ ਛੱਡ ਆਂਦਾ।

ਮਾਤੋ ਦੇ ਅਧ-ਸੁੱਤੇ ਅਧ-ਜਾਗਦੇ ਦਿਮਾਗ਼ ਵਿਚ ਸਵਾਲ ਉਠਿਆ। ਉਹ ਕੌਣ ਸੀ? ਮੋਤੀ ਜਾਣਦਾ ਹੋਣਾ ਹੈ। ਉਸ ਸਿਰ ਮਾਰ ਕੇ ਇਸ ਸਵਾਲ ਨੂੰ ਛੰਡਣਾ ਚਾਹਿਆ। ਪਰ ਉਹ ਵਾਰ ਵਾਰ ਉਸ ਦੇ ਸਾਹਮਣੇ ਆ ਖਲੋਂਦਾ ਸੀ। ਉਸ ਨੂੰ ਅਹਿਸਾਸ ਹੋਇਆ ਕਿ ਉਪਰਲੇ ਕਮਰੇ ਵਿਚ ਇਕ ਹਲਕੀ ਜਿਹੀ ਚੀਖ ਉਭਰੀ ਸੀ ਅਤੇ ਸਰਦਾਰ ਦੀਆਂ ਦਾੜ੍ਹੀ-ਮੁੱਛਾਂ ਵਿਚ ਗਵਾਚ ਗਈ ਸੀ।

ਮਾਤੋ ਜਾਗ ਪਿਆ ਸੀ।

ਹੌਲੇ ਜਿਹੇ ਪੌੜੀ ਦੇ ਉਪਰਲੇ ਫੱਟੇ ਉਤੇ ਇਕ ਪੈਰ ਟਿਕਿਆ। ਮੋਤੀ ਨੇ ਕੰਨ ਚੁਕ ਲਏ। ਪਰ ਉਹ ਉਠਿਆ ਨਹੀਂ। ਉਸ ਜਲਦੀ ਹੀ ਕੰਨ ਸੁਟ ਲਏ ਅਤੇ ਬੂਥੀ ਪੰਜਿਆਂ ਵਿਚ ਰਖ ਕੇ ਅੱਖਾਂ ਮੀਟ ਲਈਆਂ। ਮਾਤੋ ਨੇ ਅੱਖਾਂ ਖੋਲ੍ਹੀਆਂ। ਪਹਿਲਾਂ ਪੈਰ ਨਜ਼ਰ ਆਏ, ਫਿਰ ਗਿੱਟਿਆਂ ਉਤੇ ਝਾਂਜਰਾਂ, ਘਗਰੇ ਦੀ ਲੌਣ, ਲਮਕਦਾ ਨਾਲਾ, ਕਮਰ, ਹੱਥ, ਛਾਤੀਆਂ, ਗਰਦਨ ਅਤੇ ਸਿਰ। ਨ੍ਹੇਰੇ ਵਿਚ ਚਿਹਰਾ ਨਜ਼ਰ ਨਹੀਂ ਸੀ ਆ ਰਿਹਾ। ਪਰਛਾਵੇਂ ਵਰਗਾ ਸਰੀਰ ਦੇਖਿਆ-ਭਾਲਿਆ ਲਗਦਾ ਸੀ। ਮਾਤੋ ਨੇ ਨ੍ਹੇਰੇ ਵਿਚ ਅੱਖਾਂ ਸੂਤ ਕੇ ਦੇਖਿਆ। ਨੁਹਾਰ ਵੀ ਜਾਣੀ ਹੋਈ ਸੀ। ਤੋਰ ਵੀ ਪਛਾਣੀ ਪਛਾਣੀ ਸੀ। ਮਾਤੋ ਠਿਠਕ ਕੇ ਰਹਿ ਗਿਆ। ਸਰਦਾਰ ਦੀ ਮਮਟੀ ਤੋਂ ਉਤਰੀ ਉਸ ਦੀ ਆਪਣੀ ਛਤਰੀ ਦੀ ਕਬੂਤਰੀ ਸੀ।

ਮਾਤੋ ਨੂੰ ਇਹ ਚੰਗਾ ਨਾ ਲਗਾ। ਉਸ ਬੜੀ ਵਾਰ ਆਪਣੀ ਬੀਵੀ ਨੂੰ ਕਿਹਾ ਸੀ ਕਿ ਪ੍ਰਭਾ ਨੂੰ ਗੁਗੋਲ ਵਿਚ ਭੇਜ ਦੇਵੇ। ਉਥੇ ਮੁੰਡੇ-ਕੁੜੀਆਂ ਇਕੱਠੇ ਰਹਿੰਦੇ ਸਨ। ਹਸਦੇ-ਖੇਡਦੇ, ਨਚਦੇ-ਗਾਉਂਦੇ। ਮਹੂਏ ਦੀ ਸ਼ਰਾਬ ਪੀਂਦੇ ਅਤੇ ਇਕ ਦੂਜੇ ਦੇ ਗਲ ਵਿਚ ਬਾਹਾਂ ਪਾ ਕੇ ਸੌਂ ਜਾਂਦੇ ਸਨ। ਕਦੀ ਕੋਈ ਕਿਸੇ ਨਾਲ, ਕਦੀ ਕੋਈ ਕਿਸੇ ਨਾਲ। ਗੁਗੋਲ ਵਿਚ ਰਹਿਣਾ ਸਾਂਝਿਆਂ ਹੋ ਕੇ ਰਹਿਣਾ ਸੀ। ਵਿਆਹੀਆਂ ਔਰਤਾਂ ਕੁਆਰੀਆਂ ਕੁੜੀਆਂ ਨੂੰ ਗੁਗੋਲ ਵਿਚ ਜਾਣ ਤੋਂ ਪਹਿਲਾਂ ਇਕ ਬੂਟੀ ਦੀਆਂ ਪੱਤੀਆਂ ਤਲੀਆਂ ਵਿਚ ਰਗੜ ਕੇ ਖਾਣ ਲਈ ਦਸ ਦਿੰਦੀਆਂ। ਇਸ ਨਾਲ ਹਮਲ ਠਹਿਰਣ ਦਾ ਡਰ ਨਹੀਂ ਸੀ ਰਹਿੰਦਾ।

ਗੁਗੋਲ ਦਾ ਰੌਲਾ, ਸ਼ੋਰ-ਸ਼ਰਾਬਾ ਪ੍ਰਭਾ ਨੂੰ ਪਸੰਦ ਨਹੀਂ ਸੀ ਆਇਆ। ਉਹ ਇਕ-ਦੋ ਦਿਨ ਉਥੇ ਰਹਿ ਕੇ ਘਰ ਆ ਗਈ ਸੀ। ਕਿਸੇ ਮੁੰਡੇ ਨੂੰ ਉਸ ਨੇ ਕੋਲ ਨਹੀਂ ਸੀ ਆਣ ਦਿਤਾ। ਮਾਤੋ ਪਰੇਸ਼ਾਨ ਹੋਇਆ ਸੀ। ਪਰ ਜੇ ਪ੍ਰਭਾ ਨੂੰ ਉਹ ਮਨਜ਼ੂਰ ਨਹੀਂ ਸੀ, ਤਾਂ ਇਹ ਕਿਉਂ? ਇਹ ਪੌੜੀਆਂ, ਇਹ ਪਲੰਘ, ਇਹ ਸਰਸਰਾਹਟ, ਇਹ ਛਨਛਨਾਹਟ, ਇਹ ਸਿਸਕੀਆਂ; ਇਹ ਭਾਰੇ ਸਾਹ। ਮਾਤੋ ਹੈਰਾਨ ਸੀ।

ਸਰਦਾਰ ਜਦੋਂ ਆਇਆ ਸੀ, ਉਹ ਜੰਗਲਾਤ ਦੇ ਮਹਿਕਮੇ ਵਿਚ ਓਵਰਸੀਅਰ ਬਣ ਕੇ ਆਇਆ ਸੀ। ਉੱਚਾ-ਲੰਮਾ ਜਵਾਨ। ਡਗ ਭਰਦਾ ਤਾਂ ਪੈਂਡੇ ਮੁੱਕ ਜਾਂਦੇ। ਪਹਾੜੀਆਂ ਅਤੇ ਵਾਦੀਆਂ ਉਸ ਦੇ ਕਦਮਾਂ ਹੇਠੋਂ ਲੰਘ ਜਾਂਦੀਆਂ। ਹਰ ਰੋਜ਼ ਉਹ ਚਾਕ ਨਾਲ ਦਰੱਖ਼ਤਾਂ ਉਤੇ ਉਹਨਾਂ ਦੇ ਕੱਟੇ ਜਾਣ ਦੀ ਪਰਵਾਨਗੀ ਬਾਬਤ ਨਿਸ਼ਾਨ ਲਾਉਂਦਾ। ਹਰ ਸ਼ਾਮ ਕੱਟੇ ਗਏ ਦਰੱਖ਼ਤਾ ਦੀ ਗਿਣਤੀ ਕਰਦਾ। ਫੀਤੇ ਨਾਲ ਉਹਨਾਂ ਦੀ ਗੁਲਾਈ ਮਾਪਦਾ ਅਤੇ ਛੋਟੇ ਕੱਟੇ ਦਰੱਖ਼ਤਾਂ ਦਾ ਜੁਰਮਾਨਾ ਕਰਦਾ। ਨਵੇਂ ਦਰੱਖ਼ਤ ਲੁਆਉਂਦਾ। ਉਸ ਕੋਲੋਂ ਕੁੜੀਆਂ ਲੰਘਦੀਆਂ। ਤੇੜ ਸਿਰਫ਼ ਇਕ ਛੋਟਾ ਜਿਹਾ ਕਪੜਾ ਹੁੰਦਾ ਅਤੇ ਛਾਤੀਆਂ ਨੰਗੀਆਂ। ਉਹ ਹੱਸ ਕੇ ਮੂੰਹ ਭੁਆ ਲੈਂਦਾ। ਉਹ ਹੈਰਾਨ ਹੋਈਆਂ ਮਸ਼ਕਰੀਆਂ ਕਰਦੀਆਂ ਲੰਘ ਜਾਂਦੀਆਂ।



ਉਦੋਂ ਉਹ ਓਵਰਸੀਅਰ ਸੀ। ਹੁਣ ਉਹ ਆਪ ਠੇਕੇਦਾਰ ਸੀ।

ਮਾਤੋ ਉਸ ਕੋਲ ਆਉਣ ਤੋਂ ਪਹਿਲਾਂ ਇਕ ਮਿਸ਼ਨਰੀ ਕੋਲ ਨੌਕਰ ਸੀ। ਉਸ ਕਰਾਸ ਬਣਾਉਣਾ ਵੀ ਸਿਖ ਲਿਆ ਸੀ। ਗੋਡਿਆਂ ਭਾਰ ਹੋ ਕੇ ਪ੍ਰਾਰਥਨਾ ਕਰਨਾ ਵੀ।

ਕਈ ਸਾਲ ਪਹਿਲਾਂ ਸਰਦਾਰ ਨੇ ਪੁਛਿਆ ਸੀ, 'ਮਾਤੋ, ਤੁਹਾਡੇ ਦੇਸ ਦੀਆਂ ਕੁੜੀਆਂ ਆਮ ਤੌਰ ਉਤੇ ਛੋਟੇ ਅਤੇ ਭਰਵੇ ਕੱਦ-ਕਾਠ ਦੀਆਂ ਸਾਂਵਲੀਆਂ ਹਨ। ਪਰ ਇਹ ਲੰਮੇ ਕੱਦ, ਨੀਲੀਆਂ ਅੱਖਾਂ ਅਤੇ ਛੋਟੀਆਂ-ਛੋਟੀਆਂ ਛਾਤੀਆਂ ਵਾਲੀਆਂ ਗੋਰੀਆਂ ਕਿਵੇਂ ਆ ਗਈਆਂ।''

ਮਾਤੋ ਨੇ ਦਸਿਆ, ''ਇਹਨਾਂ ਜੰਗਲਾਂ ਵਿਚ ਸ਼ੇਰ, ਹਿਰਨ, ਸੂਰ, ਮੋਰ ਅਤੇ ਤਿੱਤਰਾਂ ਦਾ ਸ਼ਿਕਾਰ ਕਰਨ ਆਏ ਗੋਰੇ ਅਫ਼ਸਰਾਂ ਅਤੇ ਰੱਬ ਦੇ ਰਾਹ ਪਾਣ ਆਏ ਮਿਸ਼ਨਰੀਆਂ ਦਾ ਪਾਇਆ ਬੀ ਕਦੀ ਕਦੀ ਫੁੱਟ ਪੈਂਦਾ ਹੈ। ਮਾਂ-ਪਿਓ ਭਾਵੇਂ ਆਮ ਲੋਕਾਂ ਜਿਹੇ ਹੋਣ।''

ਉਦੋਂ ਸਰਦਾਰ ਜੈਨੇਟਿਕਸ ਦੇ ਇਸ ਕਰਤਬ ਦੀ ਸ਼ਲਾਘਾ ਕਰਨੋਂ ਨਹੀਂ ਸੀ ਰਹਿ ਸਕਿਆ। ਹੁਣ ਉਹ ਆਪ ਨਿਤ ਪਿਉਂਦ ਲਾਉਂਦਾ ਸੀ।

ਛੋਟਾ ਜਿਹਾ ਇਹ ਕਬਾਇਲੀ ਪਿੰਡ ਪਹਾੜੀਆਂ ਨਾਲ ਘਿਰੀ ਇਕ ਘਾਟੀ ਵਿਚ ਸੀ। ਚਾਰੇ ਪਾਸੇ ਚੱਕ ਦੇ ਜੰਗਲ ਸਨ। ਵਿਚ ਇਮਾਰਤੀ ਲਕੜੀ ਦੇ ਦਰੱਖ਼ਤ ਵੀ ਸਨ। ਹੁਣੇ ਹੁਣੇ ਅਮ੍ਰੀਕਨ ਐਲਮ ਲਾਏ ਜਾਣ ਦੀ ਯੋਜਨਾ ਵੀ ਸ਼ੁਰੂ ਕੀਤੀ ਗਈ ਸੀ। ਕਈ ਤਰ੍ਹਾਂ ਦੇ ਝਾੜ, ਮਹੂਏ ਦੇ ਦਰੱਖ਼ਤ, ਦਰੱਖ਼ਤਾਂ ਉਤੇ ਚੜ੍ਹੀਆਂ ਵੇਲਾਂ — ਦਿਨੇ ਵੀ ਨ੍ਹੇਰਾ ਰਹਿੰਦਾ। ਹਰ ਤਰ੍ਹਾਂ ਦੇ ਜੰਗਲੀ ਜਾਨਵਰ-ਦਰਿੰਦੇ, ਚਰਿੰਦੇ ਅਤੇ ਪਰਿੰਦੇ ਇਸ ਜੰਗਲ ਵਿਚ ਵਾਸ ਕਰਦੇ ਸਨ। ਇਹ ਜੰਗਲ ਹੁਣ ਰੱਖ ਬਣਾ ਦਿਤੇ ਗਏ ਸਨ ਅਤੇ ਸ਼ਿਕਾਰ ਖੇਡਣਾ ਜਾਂ ਫਾਹੀਆਂ ਲਾਣੀਆਂ ਜੁਰਮ ਕਰਾਰ ਦੇ ਦਿਤੀਆਂ ਗਈਆਂ ਸਨ। ਇਸ ਪਿੰਡ ਦੇ ਕੋਲ ਇਕ ਛੋਟੀ ਜਿਹੀ ਪਹਾੜੀ ਨਦੀ ਵਗਦੀ ਸੀ। ਇਥੇ ਆ ਕੇ ਇਹ ਪੱਧਰੀ ਜ਼ਮੀਨ ਉਤੇ ਨਿਕਲਦੀ ਸੀ। ਅਗਾਂਹ-ਪਿਛਾਂਹ ਦੋਵਾਂ ਪਾਸਿਆਂ ਉਤੇ ਉਚੇ ਕੰਢੇ ਸਨ। ਨਾ ਪਾਣੀ ਭਰਿਆ ਜਾ ਸਕਦਾ ਸੀ, ਨਾ ਉੜ ਕੇ ਪੀਤਾ ਜਾ ਸਕਦਾ ਸੀ। ਗੋਲ ਪੱਥਰਾਂ ਉਤੇ ਪੈਰ ਰਖ ਕੇ ਸੁੱਕੇ ਪੈਰੀਂ ਨਦੀ ਨੂੰ ਪਾਰ ਕਰਨ ਦਾ ਵਸੀਲਾ ਸੀ। ਇਥੋਂ ਹੀ ਰਾਹ ਘਣੇ ਜੰਗਲ ਵਲ ਜਾਂਦਾ ਸੀ। ਪਿੰਡ ਵਾਲੇ ਪਾਸੇ ਸਰਦਾਰ ਦੀ ਛੋਟੀ ਜਿਹੀ ਕਾਟੇਜ ਸੀ। ਹੇਠਾਂ ਮਾਲ-ਗੁਦਾਮ, ਪੌੜੀ ਹੇਠ ਮਾਤੋ ਦਾ ਟਿਕਾਣਾ। ਉਪਰ ਇਕ ਬਰਾਂਡਾ, ਇਕ ਕਮਰਾ, ਛੋਟੀ ਜਿਹੀ ਰਸੋਈ ਅਤੇ ਛੋਟਾ ਜਿਹਾ ਗ਼ੁਸਲਖ਼ਾਨਾ।

ਸਰਦਾਰ ਮੀਟ, ਮੱਛੀ ਜਾਂ ਜੈਮ ਦੇ ਖ਼ਾਲੀ ਡਬਿਆਂ ਨੂੰ ਪਿਛੇ ਸੁਟ ਦੇਂਦਾ ਸੀ। ਰਾਤੀਂ ਕੁੱਤੇ, ਗਿੱਦੜ ਤੇ ਕਦੀ ਕਦੀ ਜੰਗਲੀ ਸੂਰ ਆ ਜਾਂਦੇ। ਡੱਬਿਆਂ ਨੂੰ ਸੁੰਘਦਿਆਂ-ਚਟਦਿਆਂ ਖੜਕਾਉਂਦੇ। ਮਾਤੋ ਉਠ ਕੇ ਕੋਈ ਸੋਟੀ, ਕੋਈ ਪੱਥਰ ਉਹਨਾਂ ਵਲ ਵਗਾਹ ਮਾਰਦਾ। ਉਹ ਦੌੜ ਜਾਂਦੇ। ਇਸ ਤਰ੍ਹਾਂ ਸਰਦਾਰ ਦੀ ਨੀਂਦ ਖ਼ਰਾਬ ਹੋਣ ਤੋਂ ਬਚੀ ਰਹਿੰਦੀ।

ਅੱਜ ਮਾਤੋ ਉਦਾਸ ਸੀ। ਉਸ ਅਫ਼ੀਮ ਦੀ ਇਕ ਹੋਰ ਗੋਲੀ ਆਪਣੇ ਦੰਦਾਂ ਵਿਚ ਦੱਬ ਲਈ। ਛੇਤੀ ਹੀ ਅਸਰ ਹੋ ਗਿਆ। ਉਸ ਉਤੇ ਨੀਂਦ ਭਾਰੂ ਹੋ ਗਈ। ਅੱਧੀ ਰਾਤ ਡੱਬਿਆਂ ਦੇ ਖੜਾਕ ਨੇ ਸਰਦਾਰ ਨੂੰ ਵਿਲਾਸੀ ਨੀਂਦ ਤੋਂ ਜਗਾ ਦਿਤਾ। ਉਹ ਉਠਿਆ। ਬਾਥਰੂਮ ਗਿਆ। ਆ ਕੇ ਪਾਣੀ ਦਾ ਗਲਾਸ ਪੀਤਾ। ਨੀਂਦ ਸੀ ਕਿ ਇਕ ਵਾਰ ਗਈ ਫਿਰ ਆ ਹੀ ਨਹੀਂ ਸੀ ਰਹੀ। ਸਿਰ ਫਟਣ ਲਗ ਪਿਆ। ਉਸ ਮਾਤੋ ਨੂੰ ਆਵਾਜ਼ ਮਾਰੀ। ਮਾਤੋ ਦੇ ਨਾ ਆਉਣ ਉਤੇ ਉਸ ਅਲਮਾਰੀ ਵਿਚੋਂ ਬੰਦੂਕ ਕੱਢੀ। ਮੇਜ਼ ਉਤੇ ਪਈ ਟਾਰਚ ਚੁਕੀ ਅਤੇ ਖਿੜਕੀ ਕੋਲ ਆ ਗਿਆ। ਉਸ ਟਾਰਚ ਮਾਰੀ

ਅਤੇ ਉਸੇ ਪਲ ਗੋਲੀ ਚਲਾ ਦਿਤੀ। ਖ਼ੁਮਾਰੀਆਂ ਅੱਖਾਂ ਨੂੰ ਭੂਰੀ ਗਰਦਨ ਤਾਂ ਦਿਸ ਪਈ, ਪਰ ਨਾ ਚਿੱਟੀ ਪਿੱਠ ਨਜ਼ਰ ਆਈ ਨਾ ਹਿਲਦੀ ਪੂਛ।

ਇਕ ਪਲ ਲਈ ਸਾਰਾ ਜੰਗਲ ਜਾਗ ਪਿਆ। ਪੰਛੀਆਂ ਨੇ ਪਰ ਫੜਫੜਾਏ। ਕਾਵਾਂ ਦੇ ਰੌਲੇ, ਚਿੜੀਆਂ ਦੀ ਚਿਚਲਾਹਟ ਅਤੇ ਮੋਰਾਂ ਦੀ ਲੰਮੀ ਹੁਆਂਕ ਨਾਲ ਜੰਗਲ ਥਰਕ ਉਠਿਆ। ਦੂਰ ਕਿਸੇ ਸ਼ੇਰ ਦੀ ਉਸ ਦੇ ਸ਼ਿਕਾਰ ਦੇ ਜਾਗ ਕੇ ਭਜ ਜਾਣ ਉਤੇ ਗ਼ੁਸੇ ਭਰੀ ਗਰਜ ਉਭਰੀ।

ਮਾਤੋ ਦੀ ਜਾਗ ਖੁਲ੍ਹ ਗਈ। ਉਸ ਦੋਂਹ ਪਾਸੀਂ ਟੋਹਿਆ। ਕੁਹਾੜੀ ਪਈ ਸੀ। ਮੋਤੀ ਗ਼ਾਇਬ। ਉਸ ਹੋਲੇ ਜਿਹੇ ਸੀਟੀ ਮਾਰੀ — ਮੋਤੀ ਨਹੀਂ ਆਇਆ। ਉਸ ਨੇ ਆਵਾਜ਼ ਮਾਰੀ — ਮੋਤੀ ਫਿਰ ਵੀ ਨਾ ਆਇਆ। ਮਾਤੋ ਨੂੰ ਘਬਰਾਹਟ ਜਿਹੀ ਮਹਿਸੂਸ ਹੋਈ। ਉਹ ਉਠ ਕੇ ਨਦੀ ਤਕ ਗਿਆ। ਅੱਧੀ ਪਾਣੀ ਵਿਚ — ਅੱਧੀ ਬਾਹਰ ਮੋਤੀ ਦੀ ਲਾਸ਼ ਪਈ ਸੀ। ਉਸ ਹੱਥ ਮੋਤੀ ਦੀ ਛਾਤੀ ਉਤੇ ਰਖਿਆ। ਗਰਮ ਖ਼ੂਨ ਠੰਢੇ ਪਾਣੀ ਵਿਚ ਅਜੇ ਵੀ ਘੁਲ ਰਿਹਾ ਸੀ।

ਸਵੇਰੇ ਕੰਮ ਪੁੱਛਣ ਆਏ ਮੁਨਸ਼ੀ ਅਤੇ ਮਜ਼ਦੂਰਾਂ ਨੂੰ ਕੰਮ ਦੱਸਣ ਲਈ ਸਰਦਾਰ ਦੇਰ ਤਕ ਹੇਠਾਂ ਨਾ ਆਇਆ।

ਮਾਤੋ ਗ਼ਾਇਬ ਸੀ। ਉਸ ਦੀ ਪੱਕੇ ਲੋਹੇ ਦੇ ਛੱਟੇ ਜਿਹੇ ਫਲ ਵਾਲੀ ਹੱਥ ਡੇਢ ਹੱਥ ਲੰਮੇ ਦਸਤੇ ਵਾਲੀ ਕੁਹਾੜੀ ਮੋਤੀ ਦੀ ਲਾਸ਼ ਕੋਲ ਪਾਣੀ ਵਿਚ ਪਈ ਸੀ।

---


Jagjit Singh

THE SIKH REVOLUTION

A book tracing the logical development of the Sikh movement, that made the solution of political problem an integral part of its programme......

A book of absorbing interest to all students of Indian history about a movement that was qualitatively different from all other Indian religious movements......

An analytical study, well authenticated

Hardbound, Pages 300, Price : Rs. 110/-

Order your copy to SEDH, A-42, Defence Colony, New Delhi-24.


---

ਨੋਟ : ਡਾਇਰੈਕਟਰ, ਸਿਖਿਆ ਵਿਭਾਗ, ਪੰਜਾਬ ਦੀ ਚਿੱਠੀ ਨੰ: 3/63-72 ਐ: ਮਿਤੀ ਪੰ: 21.7.73 ਅਨੁਸਾਰ ਸੇਧ ਕਾਲਜਾਂ ਦੀਆਂ ਲਾਇਬ੍ਰੇਰੀਆਂ ਲਈ ਮੰਨਜ਼ੂਰ ਹੈ।

---

## ਰਿਆਇਤ ਦਾ ਐਲਾਨ

ਸੇਧ ਦਾ ਦੋ ਸਾਲ ਦਾ ਇਕੱਠਾ ਚੰਦਾ (40 ਰੁਪੈ) ਭੇਜਣ ਵਾਲੇ ਪਹਿਲੇ 50 ਪਾਠਕਾਂ ਨੂੰ ਕਿਸ਼ਨ ਸਿੰਘ ਦੀ ਪੁਸਤਕ ਗੁਰਬਾਣੀ ਦਾ ਸੱਚ (ਮੁੱਲ : 15 ਰੁਪੈ) ਤੋਹਫ਼ੇ ਵਜੋਂ ਮੁਫ਼ਤ ਭੇਜੀ ਜਾਵੇਗੀ। ਡਾਕ ਖ਼ਰਚ ਸਾਡਾ ਹੋਵੇਗਾ।

—ਅਦਾਰਾ ਸੇਧ



# ਪੰਜਾਬ ਦੀ ਵਿਦਿਆਰਥੀ ਲਹਿਰ : ਇਕ ਵਿਸ਼ਲੇਸ਼ਣ, ਇਕ ਦ੍ਰਿਸ਼ਟੀਕੋਣ !

ਤਾਰਾ ਸਿੰਘ ਸੰਧੂ

ਸੇਧ ਦੇ ਦਸੰਬਰ ਤੇ ਮਾਰਚ ਅੰਕਾਂ ਵਿਚ ਪੰਜਾਬ ਦੀ ਵਿਦਿਆਰਥੀ ਲਹਿਰ ਬਾਰੇ ਚਰਚਾ ਹੋਈ ਹੈ। ਇਹਨਾਂ ਚਰਚਾਕਾਰੀਆਂ ਤੋਂ ਇਲਾਵਾ ਦਸੰਬਰ ਅੰਕ ਵਿਚ ਸੇਧ ਦੇ ਸੰਪਾਦਕ ਨੇ ਬਹਿਸ ਦਾ ਠੀਕ ਰੁਖ਼ ਨਿਰਧਾਰਤ ਕਰਨ ਲਈ ਕੁਝ ਠੋਸ ਤੇ ਨਿਗਰ ਨੁਕਤੇ ਪੇਸ਼ ਕੀਤੇ ਸਨ, ਜਿਨ੍ਹਾਂ ਦੀ ਰੌਸ਼ਨੀ ਵਿਚ ਅੱਜ ਤਿੱਖੀ ਬਹਿਸ, ਦਰੁਸਤ ਰੀਵੀਊ, ਵਿਗਿਆਨਕ ਵਿਸ਼ਲੇਸ਼ਣ ਕਰਨ ਦੀ ਲੋੜ ਹੈ, ਤਾਂ ਜੋ ਲਹਿਰ, ਇਸ ਵਿਚ ਵਿਚਰ ਰਹੀਆਂ ਜਥੇਬੰਦੀਆਂ, ਗ਼ੈਰ-ਜਥੇਬੰਦਕ ਵਿਦਿਆਰਥੀ ਵਰਗ ਤੇ ਆਮ ਲੋਕ ਇਸ ਦੇ ਲੱਛਣ, ਸੁਭਾਅ ਤੇ ਸਾਰ, ਰਵਾਇਤਾਂ ਤੇ ਲਹਿਰ ਵਲੋਂ ਅਪਣਾਏ ਜਾ ਰਹੇ ਰੁਖ਼ ਦੀ ਦਿਸ਼ਾ ਆਦਿ ਤੋਂ ਚੇਤੰਨ ਹੋ ਸਕਣ। ਦੋਨਾਂ ਅੰਕਾਂ ਦੇ ਲੇਖਕਾਂ ਨੂੰ ਸੇਧ ਵਿਚ ਚਰਚਾ ਕਰਨ ਦੀ ਪਹਿਲ ਕਦਮੀ ਲਈ ਵਧਾਈ ! ਪਰੰਤੂ ਇਹਨਾਂ ਵਲੋਂ ਪੇਸ਼ ਧਾਰਨਾਵਾਂ, ਕੱਢੇ ਸਿੱਟੇ ਇਕ-ਪਾਸੜ, ਉਲਾਰ ਤੇ ਅੰਤਰਮੁਖੀ ਹੋਣ ਕਰ ਕੇ ਇਹਨਾਂ ਨੂੰ ਬੁਨਿਆਦੀ ਮਸਲੇ ਤੋਂ ਕੋਹਾਂ ਦੂਰ ਲੈ ਗਏ। ਜਿਥੇ ਰੁਮਾਣਾ ਦਾ ਵਿਸ਼ਲੇਸ਼ਣ ਅੰਤਰਮੁਖੀ, ਨਿਰਾਸ਼ਾ ਦੀ ਮਾਨਸਿਕਤਾ ਵਿਚੋਂ ਨਿਕਲਿਆ ਹੈ, ਉਥੇ ਪਟਵਾਰੀ ਹੱਦ ਤਕ ਉਲਾਰ, ਇਕ-ਪਾਸੜ ਤੇ ਨਿਕ-ਬੁਰਜੂਆ ਇਨਕਲਾਬੀ ਰੋਮਾਂਚਕਾਰੀ ਦਾ ਸ਼ਿਕਾਰ ਹੋਇਆ। ਸਮੁੱਚੀ ਲਹਿਰ ਵਿਚ ਕੋਈ ਕਮਜ਼ੋਰੀ ਦੇਖੇ ਬਿਨਾਂ "ਸਭ ਕੁਝ ਹੀ ਚੰਗਾ ਹੈ" ਦੇ ਆਦਰਸ਼ਵਾਦੀ ਆਧਾਰ ਵਲ ਪੂਰੀ ਤਰ੍ਹਾਂ ਝੁਕਿਆ ਹੈ।

ਰੁਮਾਣਾ ਅਨੁਸਾਰ ਪੰਜਾਬ ਦੀ ਵਿਦਿਆਰਥੀ ਲਹਿਰ 'ਚੇਤੰਨ ਨਹੀਂ', ਇਸ ਦੀ ਲਪੇਟ ਵਿਚ ਸਿਰਫ਼ 'ਪੰਜ ਫੀ ਸਦੀ' ਵਿਦਿਆਰਥੀ ਹਨ ਤੇ ਬਾਕੀ 95 ਫੀ ਸਦੀ ਵਿਦਿਆਰਥੀਆਂ 'ਤੇ ਬੁਰਜੂਆ ਸਭਿਆਚਾਰ ਹਾਵੀ ਹੈ। ਉਹਨਾਂ ਆਪਣੇ ਵਲੋਂ ਕੱਢੇ ਗ਼ਲਤ ਸਿੱਟਿਆਂ ਦੀ ਪੁਸ਼ਟੀ ਲਈ ਉਦਾਹਰਣਾਂ ਵੀ ਗ਼ਲਤ ਹੀ ਵਰਤੀਆਂ ਜੋ ਸੁਭਾਵਿਕ ਹੀ ਨਹੀਂ, ਲਾਜ਼ਮੀ ਸੀ। ਲਹਿਰ ਦੀ ਚੇਤੰਨਤਾ ਦੀ 'ਰੁਮਾਣਾ ਕਸਵੱਟੀ' ਇਸ ਬੁਨਿਆਦ 'ਤੇ ਆਧਾਰਤ ਹੈ ਕਿ ਰੰਧਾਵਾ ਤੇ ਰੂੜ ਸਿੰਘ ਕਤਲ ਵੇਲੇ ਸਾਰੀਆਂ ਖੱਬੇ ਪੱਖੀ ਜਥੇਬੰਦੀਆਂ ਸਾਂਝੇ ਐਕਸ਼ਨ ਨਹੀਂ ਕਰ ਸਕੀਆਂ ਤੇ ਦੋਵੇਂ ਇਹਨਾਂ ਨੂੰ "ਸ਼ਰੀਕਾਂ ਦਾ ਕਤਲ" ਸਮਝਦੀਆਂ ਰਹੀਆਂ, ਜਾਂ 5 ਫੀ ਸਦੀ ਵਿਦਿਆਰਥੀ ਹੀ ਮੰਗਾਂ ਮੰਨਵਾ ਲੈਂਦੇ ਹਨ, ਬਾਕੀ 95 ਫੀ ਸਦੀ ਇਹਨਾਂ ਦੁਆਰਾ ਮੰਗਵਾਈਆਂ ਮੰਗਾਂ ਨੂੰ ਹੱਥ 'ਤੇ ਹੱਥ ਧਰ ਕੇ ਆਰਾਮ ਨਾਲ ਹੰਢਾਉਂਦੇ ਹਨ, ਜਾਂ ਇਹ ਜਥੇਬੰਦੀਆਂ ਗੰਭੀਰ ਫੁਟ ਦਾ ਸ਼ਿਕਾਰ ਹਨ ਜਾਂ ਵਿਦਿਆਰਥੀ

ਕੌਂਸਲ ਦੀਆਂ ਚੋਣਾਂ ਵਿਚ ਹਿੱਸਾ ਲੈਂਦੇ ਹਨ ਤੇ ਬਾਈਕਾਟ ਨਹੀਂ ਕਰਦੇ ਜਾਂ ਬੁਰਜੁਆ ਪ੍ਰਬੰਧ ਵਿਚ ਰਹਿਣ ਦੇ ਬਾਵਜੂਦ ਸਮੁੱਚੇ ਵਿਦਿਆਰਥੀ ਇਨਕਲਾਬੀ ਖਾਸੇ ਵਾਲੇ ਕਿਉਂ ਨਹੀਂ, ਜਾਂ ਮੋਗਾ ਗੋਲੀ ਕਾਂਡ ਦੇ ਜ਼ੁਮੇਵਾਰ ਦੋਸ਼ੀਆਂ ਨੂੰ ਬਿਨਾਂ ਮੁਕੱਦਮਾ ਚਲਾਏ (ਅਜੋਕੇ ਬੁਰਜੁਆ ਪਾਰਲੀਮਾਨੀ ਢਾਂਚੇ ਵਿਚ) ਲੋਕਾਂ ਸਾਹਮਣੇ 'ਲੋਕ ਕਚਹਿਰੀ' ਵਿਚ ਗੋਲੀ ਮਾਰਨ ਵਿਚ ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਨਾਕਾਮਯਾਬ ਰਹੀ ਹੈ (ਤੇ ਇਸੇ ਲਈ 'ਗ਼ਦਾਰੀ' ਦਾ ਸਰਟੀਫਿਕੇਟ ਵੀ ਰੁਮਾਣਾ ਯੂਨੀਵਰਸਟੀ 'ਚੋਂ ਦੇ ਦਿੰਦੇ ਹਨ)। ਇਹਨਾਂ ਕਾਰਨਾਂ ਕਰ ਕੇ ਹੀ ਪੰਜਾਬ ਦੀ ਵਿਦਿਆਰਥੀ ਲਹਿਰ ਨੂੰ ਚੇਤੰਨਤਾ ਤੋਂ ਕੋਰੀ ਹੋਣ ਦਾ ਫਤਵਾ ਦਿੰਦੇ ਅੱਤ ਦਾ ਨਿਰਾਸ਼ ਤੇ ਬੀਮਾਰ ਸਿੱਟਾ ਕੱਢਦੇ ਹਨ ਕਿ "ਹਕੀਕਤ ਵਿਚ ਪੰਜਾਬ ਦੀ ਵਿਦਿਆਰਥੀ ਲਹਿਰ ਤੋਂ ਕੋਈ ਆਸ ਨਹੀਂ ਰਖੀ ਜਾ ਸਕਦੀ।" ਪਰੰਤੂ ਆਪਣੇ ਵਲੋਂ ਗਰਦਾਨੀਆਂ ਬੀਮਾਰੀਆਂ ਦੇ ਕਾਰਨ ਜਾਣਨ ਜਾਂ ਦੱਸਣ ਦੀ, ਕੋਈ ਹੱਲ ਲਭਣ ਦੀ ਉਹਨਾਂ ਕੋਈ ਕੋਸ਼ਿਸ਼ ਨਹੀਂ ਕੀਤੀ।

ਲਹਿਰ ਦੀ ਚੇਤੰਨਤਾ : ਪੰਜਾਬ ਦੀ ਵਿਦਿਆਰਥੀ ਲਹਿਰ ਦੀ ਚੇਤੰਨਤਾ ਵਿਕਸਤ ਹੈ ਜਾਂ ਅਵਿਕਸਤ ਹੈ, ਇਸ ਦਾ ਪਤਾ ਸਾਨੂੰ ਲਹਿਰ ਦੇ ਵਿਰਸੇ, ਇਸ ਦੀਆਂ ਰਵਾਇਤਾਂ, ਇਸ ਦੇ ਭਾਰੂ ਵਿਚਾਰਧਾਰਕ ਪ੍ਰਭਾਵ ਆਦਿ ਜਾਣ ਕੇ ਹੀ ਲਗ ਸਕਦਾ ਹੈ। ਪੰਜਾਬ ਦੇ ਜਨ-ਜੀਵਨ ਵਿਚ ਖੱਬੇ ਪੱਖੀ ਪਾਰਟੀਆਂ ਦੀ ਚੰਗੀ ਪੁਜ਼ੀਸ਼ਨ ਤੋਂ ਇਲਾਵਾ ਬੁਰਜੁਆ ਪਾਰਟੀਆਂ (ਅਕਾਲੀ, ਕਾਂਗਰਸੀ, ਜਨਸੰਘ) ਵੀ ਆਪਣਾ ਵੱਖ ਵੱਖ ਜਮਾਤਾਂ/ਵਰਗਾਂ ਵਿਚ ਤਕੜਾ ਪ੍ਰਭਾਵ ਰਖਦੀਆਂ ਹਨ। ਜਿਸ ਤਰ੍ਹਾਂ ਅਕਾਲੀ ਪਾਰਟੀ ਦਾ ਮੁਖ ਤੌਰ 'ਤੇ ਆਧਾਰ ਪੇਂਡੂ ਮਧ-ਸ਼੍ਰੇਣੀ, ਦਰਮਿਆਨੀ/ਧਨੀ ਕਿਸਾਨੀ ਵਿਚ ਹੈ ਤੇ ਕਾਂਗਰਸ ਮੋਟੇ ਤੌਰ 'ਤੇ ਸ਼ਹਿਰੀ ਮੱਧ-ਸ਼੍ਰੇਣੀ, ਖੇਤ-ਮਜ਼ਦੂਰਾਂ ਵਿਚ ਅਸਰ ਰਖਦੀ ਹੈ ਤੇ ਜਨਸੰਘ ਸ਼ਹਿਰੀ ਮੱਧ-ਸ਼੍ਰੇਣੀ ਤੇ ਵਪਾਰੀ ਤਬਕੇ ਵਿਚ ਅਸਰ-ਅੰਦਾਜ਼ ਹੈ। ਸਮੁੱਚੇ ਪੰਜਾਬ ਦੇ ਵਿਦਿਅਕ ਅਦਾਰਿਆਂ ਦਾ ਸਰਵੇਖਣ ਕਰਨ ਤੋਂ ਬਾਅਦ ਪੂਰੀ ਭਾਂਤ ਸਪਸ਼ਟ ਹੋ ਸਕਦਾ ਹੈ ਕਿ ਪੰਜਾਬ ਵਿਚ ਵਿਦਿਆਰਥੀਆਂ ਦੀ ਭਾਰੂ ਗਿਣਤੀ ਕਿਸ ਜਮਾਤ/ਵਰਗ 'ਚੋਂ ਆਉਂਦੀ ਹੈ। ਫਿਰ ਵੀ ਯੂਨੀਵਰਸਟੀਆਂ ਦੇ ਕੁਝ ਕਾਲਜਾਂ ਦੇ ਰਿਕਾਰਡਾਂ ਨੂੰ ਦੇਖਣ ਤੋਂ ਮੋਟੀ ਜਿਹੀ ਤਸਵੀਰ ਸਾਹਮਣੇ ਆਈ ਹੈ, ਜਿਸ ਤੋਂ ਹਕੀਕਤ ਦੇ ਨੇੜੇ ਹੋਣ ਲਈ ਰਾਹ ਖੁਲ੍ਹਦਾ ਹੈ।

ਪੰਜਾਬ ਦੇ ਵਿਦਿਆਰਥੀ ਸ਼ਹਿਰੀ ਮਧ-ਸ਼੍ਰੇਣੀ, ਪੇਂਡੂ ਮਧ-ਸ਼੍ਰੇਣੀ, ਧਨੀ ਕਿਸਾਨੀ, ਦਰਮਿਆਨੀ ਕਿਸਾਨੀ ਵਿਚੋਂ ਮੁਖ ਤੌਰ 'ਤੇ ਆਉਂਦੇ ਹਨ। ਸਨਅਤੀ ਮਜ਼ਦੂਰ, ਖੇਤ-ਮਜ਼ਦੂਰ, ਅੱਤ ਪਛੜੇਵੇਂ ਦੇ ਸ਼ਿਕਾਰ ਪੇਂਡੂ ਲੋਕਾਂ ਦੇ ਪੁਤਰ, ਧੀਆਂ ਘਟ ਗਿਣਤੀ ਵਿਚ ਹੀ ਆਉਂਦੇ ਹਨ ਤੇ ਸਾਡੀ ਸਮਾਜਿਕ ਆਰਥਿਕ ਹਾਲਤ ਵਿਚ ਇਹ ਵੀ ਮੈਟ੍ਰਿਕ ਜਾਂ ਹਾਇਰ ਸੈਕੰਡਰੀ ਤਕ ਹੀ। ਇਹਨਾਂ ਬੱਚਿਆਂ ਦੀ ਗਿਣਤੀ ਅਗਲੇਰੀ ਵਿਦਿਆ ਲਈ ਉਂਗਲਾਂ 'ਤੇ ਗਿਣੀ ਜਾਣ ਵਾਲੀ ਰਹਿ ਜਾਂਦੀ ਹੈ। ਤੇ ਵਿਦਿਅਕ ਸੰਸਥਾਵਾਂ ਦੀ ਵਿਦਿਆ ਦੇ ਸੁਭਾਅ ਅਨੁਸਾਰ ਹੋਰ ਵੰਡ ਹੋ ਜਾਂਦੀ ਹੈ ਤੇ ਇਹ ਵਿਦਿਆਰਥੀ ਇਕ ਸਾਲਾ ਜਾਂ ਦੋ ਸਾਲਾ ਕੋਰਸਾ ਵਿਚ ਦਾਖ਼ਲਾ ਲੈ ਕੇ, ਰੋਟੀ ਰੋਜ਼ੀ ਦੀ ਸਮੱਸਿਆ ਨੂੰ ਫੌਰੀ ਹੱਲ ਕਰਨ ਲਈ ਪ੍ਰੋਫੈਸ਼ਨਲ ਕਾਲਜਾਂ ਵਲ ਵਧ ਝੁਕਦੇ ਹਨ। ਜਿਨ੍ਹਾਂ ਜਮਾਤਾਂ/ਵਰਗਾਂ 'ਚੋਂ ਵਿਦਿਆਰਥੀ ਭਾਰੀ ਗਿਣਤੀ ਵਿਚ ਵਿਦਿਅਕ ਸੰਸਥਾਵਾਂ ਵਿਚ ਆਉਂਦੇ ਹਨ, ਇਹਨਾਂ ਜਮਾਤਾਂ/ਵਰਗਾਂ ਵਿਚ ਇਹਨਾਂ ਬੁਰਜੁਆ ਪਾਰਟੀਆਂ ਦਾ ਵੀ ਤਕੜਾ ਅਸਰ ਹੈ, ਤੇ ਪੰਜਾਬ ਦੀ ਵਿਦਿਆਰਥੀ ਲਹਿਰ ਵਿਚ ਇਹਨਾਂ ਬੁਰਜੁਆ ਪਾਰਟੀਆਂ ਦੀਆਂ ਵਿਚਾਰਧਾਰਕ ਸਿਆਸੀ ਪੁਜ਼ੀਸ਼ਨਾਂ ਦਾ ਪ੍ਰਗਟਾਅ ਹੋਣਾ ਜ਼ਰੂਰੀ ਹੈ ਅਤੇ ਖ਼ਾਸ ਕਰ ਉਸ ਸਮੇਂ ਇਹ ਪ੍ਰਗਟਾ ਸਿੱਧਾ, ਸਪਸ਼ਟ ਤੇ ਪਛਾਣਨਯੋਗ ਹੋਵੇਗਾ, ਜਦੋਂ ਚੇਤੰਨਤਾ



ਵਿਕਸਤ ਨਾ ਹੋਈ ਹੋਵੇ; ਲਹਿਰ ਖਿੰਡਰੀ, ਵਿਖਰੀ, ਕਮਜ਼ੋਰ ਤੇ ਗ਼ੈਰ-ਜਥੇਬੰਦ ਹੋਵੇ, ਤੇ ਲਹਿਰ ਵਿਚ ਇਹਨਾਂ ਬੁਰਜੁਆ ਪਾਰਟੀਆਂ ਦੀਆਂ ਸਿਆਸੀ ਪੁਜ਼ੀਸ਼ਨਾਂ ਦੇ ਅਨੁਕੂਲ ਵਗਣ ਲਈ ਜ਼ਰਖ਼ੇਜ਼ ਭੋਂ ਹੋਵੇ।

ਪਰੰਤੂ ਪੰਜਾਬ ਦੀ ਵਿਦਿਆਰਥੀ ਲਹਿਰ ਦਾ ਸਮੁੱਚਾ ਵਿਸ਼ਲੇਸ਼ਣ ਕਰਨ, ਘੋਖਣ, ਪਰਖਣ ਤੋਂ ਸਾਨੂੰ ਸਪਸ਼ਟ ਸਮਝ ਆਉਂਦੀ ਹੈ ਕਿ ਪੰਜਾਬ ਦੀ ਵਿਦਿਆਰਥੀ ਲਹਿਰ 'ਤੇ ਇਹਨਾਂ ਪਾਰਟੀਆਂ ਦਾ ਕੋਈ ਫ਼ੈਸਲਾਕੁਨ ਜਾਂ ਤਕੜਾ ਪ੍ਰਭਾਵ ਕਿਧਰੇ ਨਹੀਂ ਦਿਸਦਾ ਤੇ ਨਾ ਹੀ ਇਹਨਾਂ ਪਾਰਟੀਆਂ ਦੀ ਵਿਚਾਰਧਾਰਕ ਸਿਆਸੀ ਪੁਜ਼ੀਸ਼ਨਾਂ ਲਈ ਕਿਧਰੇ ਕੋਈ ਨਿਸਚਤ ਥਾਂ ਨਜ਼ਰ ਆਉਂਦੀ ਹੈ। ਇਸ ਦਾ ਨੰਗਾ ਚਿੱਟਾ ਸਬੂਤ ਇਸ ਤੋਂ ਵਧ ਕੀ ਹੋ ਸਕਦਾ ਹੈ ਕਿ ਅਕਾਲੀ ਪਾਰਟੀ ਦੀ ਜਥੇਬੰਦੀ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਤਿੰਨ ਦਹਾਕਿਆਂ ਦੀ ਲੰਮੇਰੀ ਉਮਰ ਵਿਚ ਸਿਰ ਤੋੜ ਕੋਸ਼ਿਸ਼ਾਂ ਦੇ ਬਾਵਜੂਦ ਗੁਰਦਵਾਰਿਆਂ 'ਚੋਂ ਬਾਹਰ ਨਹੀਂ ਨਿਕਲ ਸਕੀ ਤੇ ਜਨਸੰਘ ਦੀ ਪਿਛਲਗ ਅਖਿਲ ਭਾਰਤੀਯ ਵਿਦਿਆਰਥੀ ਪ੍ਰੀਸ਼ਦ ਸੂਰਜ ਚੜ੍ਹਨ ਤੋਂ ਪਹਿਲਾਂ ਪਹਿਲਾਂ ਚੰਦ ਸ਼ਹਿਰਾਂ ਵਿਚ ਲਗਦੀਆ ਆਰ. ਐਸ. ਐਸ. ਦੀਆਂ ਸ਼ਾਖ਼ਾਂ ਵਿਚ ਡਾਂਗਾ ਸਾਂਭਣ ਤੋਂ ਅਗੇ ਅਜੇ ਪੈਰ ਨਹੀਂ ਰਖ ਸਕੀ। ਜੈ ਪ੍ਰਕਾਸ਼ ਨਰਾਇਣ ਦੇ "ਯੂਥ ਪਾਵਰ" ਤੇ ਸੰਜੇ ਗਾਂਧੀ ਦੇ 'ਯੁਵਾ ਸ਼ਕਤੀ' ਤੇ 'ਪੀੜ੍ਹੀ ਦੇ ਪਾੜ' ਦੇ ਨਾਹਰੇ ਵੀ ਪੰਜਾਬ ਦੀ ਵਿਦਿਆਰਥੀ ਲਹਿਰ 'ਤੇ ਕੋਈ ਅਸਰ ਨਹੀਂ ਪਾ ਸਕੇ। ਨਾ ਵਕਤੀ ਨਾ ਸਦੀਵੀ! ਇਸੇ ਤਰ੍ਹਾਂ 'ਹਿੰਦੂ ਰਾਸ਼ਟਰ' "ਅਸੀਂ ਪੰਜਾਬੀ" (ਅਨੰਦ ਮਾਰਗ) ਤੇ 'ਪਾਕਿਸਤਾਨ' ਵਰਗੇ ਨਾਹਰੇ ਕਿਧਰੇ ਅਸਰ-ਅੰਦਾਜ਼ ਨਹੀਂ ਹੋਏ। ਕੀ ਇਹ ਸਾਰਾ ਕੁਝ ਅਚਾਨਕ ਜਾਂ ਸਬੱਬੀਂ ਵਾਪਰਦਾ ਰਿਹਾ ਹੈ ਜਾਂ ਇਸ ਵਰਤਾਰੇ ਦੇ ਕੋਈ ਵਿਗਿਆਨਕ ਕਾਰਨ ਹਨ ? ਬੁਰਜੁਆ ਪਾਰਟੀਆਂ ਦੇ ਆਧਾਰ ਵਿਚੋਂ ਭਾਰੀ ਗਿਣਤੀ ਵਿਚ ਵਿਦਿਆਰਥੀਆਂ ਦਾ ਆਉਣਾ, ਪਰ ਲਹਿਰ ਵਿਚ ਇਹਨਾਂ ਪਾਰਟੀਆਂ ਦੀ ਥਾਂ ਖੱਬੇ ਪੱਖੀ ਲਹਿਰ ਦਾ ਅਸਰ ਭਾਰੂ ਹੋਣ ਦਾ ਕੀ ਕੋਈ ਕਾਰਨ ਹੈ ਜਾਂ ਰੁਮਾਣਾ ਸਾਹਿਬ ਅਨੁਸਾਰ ਪੰਜਾਬ ਦੀ ਵਿਦਿਆਰਥੀ ਲਹਿਰ ਨੂੰ "ਨੈਣਾਂ ਦੇਵੀ" ਤੋਂ ਵਰ ਤੇ ਬੁਰਜੁਆ ਪਾਰਟੀਆਂ ਨੂੰ ਸਰਾਪ ਮਿਲਿਆ ਹੋਇਆ ਹੈ ? ਕੀ ਸਮੁੱਚੀ ਲਹਿਰ ਵਿਚ ਫਿਰਕੂ ਤੇ ਪਿਛਾਖੜੀ ਨਾਹਰਿਆਂ ਲਈ ਕੋਈ ਪੈਰ ਧਰਨ ਜੋਗਾ ਵੀ ਥਾਂ ਦਾ ਨਾ ਮਿਲਣਾ ਲਹਿਰ ਦੀ ਪਰਪੱਕ ਚੇਤਨਤਾ ਦਾ ਪ੍ਰਤੀਕ ਨਹੀਂ ? ਆਪਣੇ ਵਿਚਾਰਧਾਰਕ, ਸਿਆਸੀ ਆਧਾਰ ਤੋਂ ਕਾਫ਼ੀ ਹੱਦ ਤਕ ਬਾਗ਼ੀ ਹੋ ਕੇ, ਪਿਛੋਕੜ ਨੂੰ ਤਿਆਗ ਕੇ ਲਹਿਰ ਦੀ ਦਿਸ਼ਾ ਦੇ ਅਨੁਕੂਲ ਵਿਦਿਆਰਥੀ ਵਗਦੇ ਹਨ—ਇਹ ਤਥ ਇਹਨਾਂ ਦੀ ਚੇਤੰਨਤਾ ਦੀ ਕਸਵੱਟੀ ਨਹੀਂ ਮਿਥਦਾ ?

ਚੇਤੰਨਤਾ ਦਾ ਆਧਾਰ ਤੇ ਵਿਰਸਾ . ਪੰਜਾਬ ਦੀ ਵਿਦਿਆਰਥੀ ਲਹਿਰ ਦੀ ਚੇਤੰਨਤਾ ਕੋਈ ਇਕ ਦਹਾਕੇ ਦੀ ਪੈਦਾਵਾਰ ਨਹੀਂ, ਸਗੋਂ ਲਹਿਰ ਦੇ ਵਿਰਸੇ ਨੂੰ ਫਰੋਲਣ ਤੋਂ ਸਾਨੂੰ ਸਪਸ਼ਟ ਹੁੰਦਾ ਹੈ ਕਿ ਲਹਿਰ ਦੇ ਗਰਭ ਵਿਚ ਸਾਮਰਾਜ-ਵਿਰੋਧ, ਮਾਰਕਸਵਾਦੀ-ਲੈਨਿਨਵਾਦੀ ਵਿਚਾਰਧਾਰਾ ਦਾ ਤਿੱਖਾ ਪ੍ਰਭਾਵ, ਧਰਮ-ਨਿਰਪੇਖਤਾ, ਸਰਮਾਏਦਾਰੀ ਪ੍ਰਬੰਧ ਪ੍ਰਤੀ ਤਿਖੀ ਨਫਰਤ, ਸਮਾਜਵਾਦ, ਅਮਨ ਤੇ ਪ੍ਰਗਤੀ ਦੇ ਨਿਸ਼ਾਨਿਆਂ ਵਿਚ ਦ੍ਰਿੜ ਵਿਸ਼ਵਾਸ ਤੇ ਫਾਸ਼ੀ-ਵਿਰੋਧੀ ਰੁਝਾਨ ਦੇ ਬੀਜ ਮੁਢਲੇ ਦਿਨਾਂ ਤੋਂ ਹੀ ਪਏ ਹੋਏ ਹਨ। ਖੱਬੇ ਪੱਖੀ ਲਹਿਰ ਦੀ ਮੁਢਲੇ ਦਿਨ ਤੋਂ ਹੀ ਥਾਪਨਾ, ਕੌਮੀ ਆਜ਼ਾਦੀ ਦੀ ਤਹਿਰੀਕ ਦਾ ਸਰਵ-ਵਿਆਪੀ ਜ਼ਬਰਦਸਤ ਉਭਾਰ ਤੇ ਲੋਕ ਲਹਿਰਾਂ ਨਾਲ ਨੇੜਤਾ ਦਾ ਰਿਸ਼ਤਾ ਆਦਿ...ਇਸ ਆਧਾਰ ਸ਼ਿਲਾ 'ਤੇ ਪੰਜਾਬ ਦੀ ਵਿਦਿਆਰਥੀ ਲਹਿਰ ਨੇ ਸ਼ਾਨਦਾਰ ਰਵਾਇਤਾਂ ਸਿਰਜੀਆਂ ਹਨ। ਲਹਿਰ ਦੀਆਂ ਇਹਨਾਂ 'ਸ਼ਾਨਦਾਰ ਰਵਾਇਤਾਂ' ਦਾ ਸਿਰਜਣਾ ਕਿਸੇ 'ਸਟੇਟ',

'ਵਿਦਿਅਕ ਪ੍ਰਬੰਧ' ਜਾਂ ਇਸ ਦੇ ਕਿਸੇ ਅੰਗ ਵਜੋਂ ਜਾਂ 'ਬੁਰਜੂਆ ਪਾਰਟੀਆਂ' ਦੀ ਇੱਛਾ ਜਾਂ ਸੁਹਿਰਦਤਾ 'ਚੋਂ ਨਹੀਂ ਜਨਮੀ, ਸਗੋਂ ਖੱਬੇ ਪੱਖੀ ਲਹਿਰ, ਅਕਤੂਬਰ ਇਨਕਲਾਬ, ਸਮਾਜਵਾਦੀ ਪ੍ਰਬੰਧ ਦੀ ਉਸਾਰੀ, ਕੌਮੀ ਮੁਕਤੀ ਲਹਿਰਾਂ, ਲੋਕ-ਹਿਤਾਂ ਨਾਲ ਪ੍ਰਨਾਇਆ ਵਿਦਿਅਕ ਖੇਤਰ ਵਿਚ ਬੁਧੀਜੀਵੀ ਤਬਕੇ ਦਾ ਹਿੱਸਾ, ਪੰਜਾਬ ਵਿਚ ਉਠੀਆਂ ਲਹਿਰਾਂ, ਮਾਰਕਸਵਾਦੀ ਵਿਚਾਰਾਂ ਦੇ, ਸੈਕੂਲਰ ਰਵਾਇਤਾਂ ਦੇ ਤਰਜਮਾਨ ਪਰਚੇ, ਪ੍ਰਗਤੀਸ਼ੀਲ ਸਾਹਿਤ ਦਾ ਪ੍ਰਭਾਵ ਆਦਿ ਕਿੰਨਾ ਕੁਝ ਦਾ ਅਹਿਮ ਰੋਲ ਹੈ । ਜਿਸ ਕਰ ਕੇ ਪੰਜਾਬ ਦੀ ਵਿਦਿਆਰਥੀ ਲਹਿਰ ਮੁਖ ਤੌਰ 'ਤੇ ਮੁਢਲੇ ਦਿਨ ਤੋਂ ਹੀ ਠੀਕ ਸੇਧੇ ਤੁਰਦੀ ਗਈ, ਭਾਵੇਂ ਵਕਤੀ ਤੌਰ 'ਤੇ ਕਮਜ਼ੋਰੀਆਂ, ਨਾਕਾਮੀਆਂ ਆਈਆਂ, ਪਰੰਤੂ ਮੋਟੇ ਤੌਰ 'ਤੇ ਇਸ ਜ਼ਬਰਦਸਤ ਆਧਾਰ ਨੇ ਗਡੀ ਨੂੰ ਪਟੜੀਉਂ ਨਹੀਂ ਲਹਿਣ ਦਿਤਾ ।

ਵਿਕਸਤ ਚੇਤੰਨਤਾ ਤੋਂ ਭੈਭੀਤ ਬੁਰਜੂਆ-ਹਿਤਾਂ ਦੇ ਪਾਲਕ, ਪਿਛਾਖੜੀ ਇਸ ਦੀ ਚੇਤੰਨਤਾ ਨੂੰ ਭੰਨਣ, ਖੋਰਨ, ਲਹਿਰ ਨੂੰ ਟੋਟੇ ਟੋਟੇ ਕਰਨ ਲਈ ਆਏ ਦਿਨ ਨਵੇਂ ਸ਼ੋਸ਼ੇ ਘੜਦੇ ਤੇ ਛੱਡਦੇ ਹਨ (ਜਿਵੇਂ ਇਹਨਾਂ ਦਿਨਾਂ ਵਿਚ ਪੰਜਾਬ ਵਿਚ ਰਿਜ਼ਰਵੇਸ਼ਨ ਵਿਰੋਧੀ ਗੁਜਰਾਤ ਵਰਗੀ ਲਹਿਰ ਖੜੀ ਕਰਨ ਦੀਆਂ ਸਿਰਤੋੜ ਕੋਸ਼ਿਸ਼ਾਂ ਹੋ ਰਹੀਆਂ ਹਨ) ਤੇ ਬੁਨਿਆਦੀ ਸਮੱਸਿਆਵਾਂ ਤੋਂ ਧਿਆਨ ਪਰੇ ਲੈ ਜਾਣ ਲਈ ਇਹ 'ਪਿਛਾਖੜੀ ਲਹਿਰ' ਚਲਾਉਣ ਲਈ ਅੱਡੀ ਚੋਟੀ ਦਾ ਜ਼ੋਰ ਲਗਾ ਰਹੇ ਹਨ । ਪਿਛਾਖੜ ਸਚਮੁਚ ਹੀ ਅਜ ਪੰਜਾਬ ਦੀਆਂ ਬਰੂਹਾਂ 'ਤੇ ਗੰਭੀਰ ਚੈਲਿੰਜ ਲੈ ਕੇ ਖੜਾ ਹੈ । ਇਹ ਵਿਕਸਤ ਚੇਤੰਨਤਾ ਹੀ ਹੈ ਜਿਸ ਨੂੰ ਤੋੜਨ ਲਈ ਤਰ੍ਹਾਂ ਤਰ੍ਹਾਂ ਦੇ ਹੱਥ ਕੰਡੇ ਵਰਤੇ ਜਾ ਰਹੇ ਹਨ । ਪਰੰਤੂ ਲਹਿਰ ਦੀਆਂ ਰਵਾਇਤਾਂ ਤੇ ਵਿਰਸੇ ਨੂੰ ਧਿਆਨ ਵਿਚ ਰਖਦਿਆਂ ਇਹ ਭਵਿਖਬਾਣੀ ਕੀਤੀ ਜਾ ਸਕਦੀ ਹੈ ਕਿ ਇਹ ਵੀ ਵਕਤੀ ਵਰਤਾਰਾ ਹੀ ਸਾਬਤ ਹੋਵੇਗਾ ।

ਮਾਰਕਸ ਏਂਗਲਜ਼ ਨੇ ਸਾਹਿਤ ਅਤੇ ਕਲਾ ਵਿਚ ਜ਼ਿਕਰ ਕੀਤਾ ਹੈ ਕਿ ''ਪਦਾਰਥਕ ਜੀਵਨ ਦੀ ਉਤਪਾਦਨ-ਪ੍ਰਨਾਲੀ ਆਮ ਰੂਪ ਵਿਚ ਸਮਾਜਕ, ਰਾਜਨੀਤਕ, ਅਤੇ ਬੌਧਿਕ ਜੀਵਨ ਦੇ ਅਮਲ ਨੂੰ ਨਿਸਚਤ ਕਰਦੀ ਹੈ । ਇਹ ਮਨੁੱਖਾਂ ਦੀ ਚੇਤੰਨਤਾ ਨਹੀਂ ਜਿਹੜੀ ਉਹਨਾਂ ਦੀ ਹੋਂਦ ਨਿਸਚਤ ਕਰਦੀ ਹੈ, ਸਗੋਂ ਇਸ ਦੇ ਉਲਟ ਉਹਨਾਂ ਦੀ ਸਮਾਜਕ ਹੋਂਦ ਹੈ ਜਿਹੜੀ ਉਹਨਾਂ ਦੀ ਚੇਤੰਨਤਾ ਨੂੰ ਨਿਸਚਤ ਕਰਦੀ ਹੈ'' (ਪੰਨਾ 47) ਜੇ ਸਮਾਜਿਕ, ਆਰਥਿਕ ਪ੍ਰਬੰਧ ਬੁਰਜੂਆ ਹੈ ਤਾਂ ਇਸ ਦਾ ਅਸਰ ਸਮੁੱਚੇ ਵਿਦਿਆਰਥੀਆਂ 'ਤੇ ਵੀ ਹੁੰਦਾ ਹੈ । ਇਹ ਨਹੀਂ ਕਿ ਨੀਂਹ ਤਾਂ ਬੁਰਜੂਆ ਹੋਵੇ ਤੇ ਇਸ 'ਤੇ ਉਸਾਰਿਆ ਪਰ-ਉਸਾਰ ਇਨਕਲਾਬੀ ਹੋਵੇ, ਇਹ ਸੰਭਵ ਨਹੀਂ । ਸਗੋਂ ਪੈਦਾਵਾਰੀ ਸਾਧਨਾਂ 'ਤੇ ਮਜ਼ਦੂਰ ਜਮਾਤ ਦੇ ਕਬਜ਼ੇ (ਇਨਕਲਾਬ) ਤੋਂ ਬਾਅਦ ਵੀ ਸਭਿਆਚਾਰਕ ਖੇਤਰ ਵਿਚੋਂ ਬੁਰਜੂਆ ਜਗੀਰੂ ਪ੍ਰਵਿਰਤੀਆਂ ਦੀ ਰਹਿੰਦ ਖੂੰਹਦ ਖਿਲਾਫ ਬੇਕਿਰਕ, ਸਮਝੌਤਾ-ਰਹਿਤ ਜਦੋ-ਜਹਿਦ ਕਰਨੀ ਪੈਂਦੀ ਹੈ (ਜਿਵੇਂ ਸਮਾਜਵਾਦੀ ਦੇਸ਼ਾਂ ਵਿਚ ਹੋ ਰਹੀ ਉਸਾਰੀ ਦੇ ਇਨਕਲਾਬੀ ਤਜਰਬੇ ਤੋਂ ਵੀ ਸਪਸ਼ਟ ਹੈ) ਇਸੇ ਲਈ ਲਹਿਰ ਵਿਚ ਵਿਚਰ ਰਹੀਆਂ ਜਥੇਬੰਦੀਆਂ ਤੇ ਆਮ ਵਿਦਿਆਰਥੀਆਂ ਵਿਚ ਇਸ ਦਾ ਅਸਰ ਦੇਖਿਆ ਜਾ ਸਕਦਾ ਹੈ। ਇਸ ਤੋਂ ਕੋਈ ਮੁਨਕਰ ਨਹੀਂ ਹੋ ਸਕਦਾ । ਪਰੰਤੂ ਪੰਜਾਬ ਦੀ ਵਿਦਿਆਰਥੀ ਲਹਿਰ ਮੁਕਾਬਲਤਨ ਕਾਫੀ ਹੱਦ ਤਕ ਇਸ ਬੁਰਜੂਆ-ਸਭਿਆਚਾਰ ਦੇ ਮੁਕੰਮਲ ਗ਼ਲਬੇ ਤੋਂ ਬਚੀ ਹੈ ਤੇ ਸਭਿਆਚਾਰਕ ਫਰੰਟ 'ਤੇ ਬੁਰਜੂਆ-ਸਭਿਆਚਾਰ ਦੇ ਖਿਲਾਫ ਲਗਾਤਾਰ ਜਦੋ-ਜਹਿਦ ਹੁੰਦੀ ਆਈ ਤੇ ਹੋ ਰਹੀ ਹੈ ।

ਰੁਮਾਣਾ ਇਹਨਾਂ ਹਕੀਕਤਾਂ ਨੂੰ ਪਛਾਣਨ ਤੋਂ ਅਸਮਰਥ ਹੈ, ਇਸੇ ਲਈ ਵਿਦਿਆਰਥੀਆਂ ਦੇ ਇਕ ਹਿੱਸੇ ਦੀਆਂ ਰੁਚੀਆਂ, ਆਦਤਾਂ ਤੇ ਬੀਮਾਰੀਆਂ ਨੂੰ ਜਨਰਲਾਈਜ਼ ਕਰ ਕੇ ਸਮੁੱਚੇ ਵਿਦਿਆਰਥੀਆਂ



'ਤੇ, ਇਥੋਂ ਤੱਕ ਕਿ ਲਹਿਰ 'ਤੇ ਢਕੌਣ ਦੀਆਂ ਕੋਸ਼ਿਸ਼ਾਂ ਕਰ ਰਿਹਾ ਹੈ । ਇੰਜ ਕਰਨਾ ਗਲਤ ਸਮਝ ਤੇ ਬੀਮਾਰ ਸਮਝ ਦਾ ਸਿੱਟਾ ਹੈ । ਇਸੇ ਤਰ੍ਹਾਂ ਹੀ ਮੋਗਾ ਗੋਲੀ ਕਾਂਡ ਦਾ ਜ਼ਿਕਰ ਕਰਦਿਆਂ ਰੁਮਾਣਾ ਤੇ ਪਟਵਾਰੀ ਏ. ਆਈ. ਐਸ. ਐਫ ਨੂੰ ਗਲਤ ਸਾਬਤ ਕਰਨ ਲਈ ਸਾਹੋਸਾਹ ਹੋਏ ਹਨ । ਰੁਮਾਣਾ ਨੂੰ ਸ਼ਿਕਵਾ ਹੈ ਕਿ ਮੋਗਾ ਗੋਲੀ ਕਾਂਡ ਦੇ ਜ਼ੁੰਮੇਵਾਰ ਦੋਸ਼ੀਆਂ ਨੂੰ ''ਲੋਕਾਂ ਸਾਹਮਣੇ ਨੰਗੀ ਚਿੱਟੀ ਗੋਲੀ ਨਹੀਂ ਮਰਵਾਈ'' ਜਾ ਸਕੀ, ਇਸ ਲਈ ਏ. ਆਈ. ਐਸ. ਐਫ. ਗਦਾਰ ਹੈ । ਰੁਮਾਣਾ ਸਾਹਿਬ ਦੀ ਇਹ ਕਲਪਨਾ ਹਿੰਦੋਸਤਾਨ ਵਿਚ ਇਨਕਲਾਬ ਆਉਣ ਤੋਂ ਬਾਅਦ ਤਾਂ ਖੁਸ਼ਗਵਾਰ ਹ ਸਕਦੀ ਹੈ ਪਰ ਲੋਕਾਂ ਦੀ ਚੇਤੰਨਤਾ, ਹਾਲਾਤਾਂ ਦੀ ਪੱਧਰ ਕੀ ਇਸ ਗੱਲ ਦੀ ਇਜਾਜ਼ਤ ਦਿੰਦੀ ਹੈ ਕਿ ਬਿਨਾਂ ਮੁਕੱਦਮਾ ਚਲਾਏ ਅਜੋਕੇ ਬੁਰਜੂਆ ਪਾਰਲੀਮਾਨੀ ਢਾਂਚੇ ਵਿਚ ਕਿਸੇ ਵਿਅਕਤੀ ਨੂੰ ਗੋਲੀ ਮਾਰੀ ਜਾਵੇ ? ਅਜਿਹੀਆਂ ਲੋਕ-ਕਚਹਿਰੀਆਂ ਇਨਕਲਾਬੀ ਪ੍ਰਸਿਥਤੀਆਂ ਦੇ ਭਾਰੂ ਹੋਣ ਜਾਂ ਇਨਕਲ ਬ ਹੋਣ ਦੀ ਅਵਸਥਾ ਵਿਚ ਤਾਂ ਠੀਕ ਹੋ ਸਕਦੀਆਂ ਹਨ । ਜੇ ਲੋਕ-ਚੇਤੰਨਤਾ ਦਾ ਅਜਿਹਾ ਅੰਗ ਨਾ ਹੁੰਦਾ ਤਾਂ ਅਜੇ ਥੋੜੀ ਦੇਰ ਪਹਿਲਾਂ ਹੀ ਨਕਸਲੀ ਇਹਨਾਂ ਲੋਕ ਕਚਹਿਰੀਆਂ ਨੂੰ ਅਮਲੀ ਪੱਧਰ 'ਤੇ ਦੇਖ ਚੁਕੇ ਹਨ ਤੇ ਇਹਨਾਂ ਸਿੱਟਿਆਂ ਤੋਂ ਅਜੇ ਤੱਕ ਕੰਨਾਂ ਤੋਂ ਹੱਥ ਨਹੀਂ ਚੁਕ ਸਕੇ ।

ਰੰਧਾਵਾ ਦਾ ਕਤਲ ਕੇਸ ਵੀ 'ਲੋਕ-ਕਚਹਿਰੀ' ਦੀ ਥਾਂ ਲੁਧਿਆਣੇ ਦੀ ਅਦਾਲਤ ਵਿਚ ਚਲਾਉਣਾ ਹੀ ਮੁਨਾਸਿਬ ਸਮਝਿਆ ਗਿਆ । ਮੋਗਾ ਗੋਲੀ ਕਾਂਡ ਦੇ ਘੋਲ ਦੀ ਸਿਖਰ 'ਤੇ ਪੀ. ਐਸ. ਯੂ ਦਾ 'ਪੰਜਾਬ ਬੰਦ' ਅਚਾਨਕ ਵਾਪਸ ਲੈਣਾ, ਸਾਰੇ ਘੋਲ ਦੌਰਾਨ ਇਕ ਵੀ ਮੰਗ ਨਾ ਮੰਨਵਾ ਸਕਣਾ, ਮੰਤਰੀਆਂ ਦੀ ਕਾਰਾਂ ਵਿਚ ਹੂਟੇ ਲੈਣੇ, ਕੈਰੋਂ ਕਿਸਾਨ ਘਰਾਂ ਦੀ ਪਨਾਹ ਲੈਣਾ ਘੋਲ ਨਾਲ ਗਦਾਰੀ ਹੁੰਦਾ ਕਿ ਠੀਕ ਹਾਲਤਾਂ ਦਾ, ਠੀਕ ਸਮੇਂ ਵਿਸ਼ਲੇਸ਼ਣ ਕਰ ਕੇ ਘੋਲ ਨੂੰ ਠੀਕ ਦਿਸ਼ਾ ਦੇਣ ਲਈ ਬਾਮੌਕਾ ਮੋੜਾ ਦੇਣਾ ਤੇ ਉਹ ਵੀ ਮੰਗਾਂ ਮੰਨਵਾ ਕੇ (ਸਿਨੇਮਾ ਦਾ ਲਾਇਸੈਂਸ ਕੈਂਸਲ, ਗੁੰਡਿਆਂ ਦੀ ਗ੍ਰਿਫ਼ਤਾਰੀ ਤੇ ਮੂੰਹ ਕਾਲਾ, ਸਾਰੇ ਗ੍ਰਿਫਤਾਰ ਵਿਦਿਆਰਥੀ ਤੇ ਲੋਕ ਰਿਹਾ ਕਰਨਾ, ਅਦਾਲਤੀ ਜਾਂਚ ਦਾ ਹੁਕਮ, ਡੀ. ਐਸ. ਪੀ. ਥਾਨੇਦਾਰ ਤੇ ਕੁਝ ਸਿਪਾਹੀ ਮੁਅਤਲ, ਐਸ. ਐਸ. ਪੀ. ਤੇ ਡੀ. ਸੀ ਦੀ ਤਬਦੀਲੀ ਆਦਿ, ਤੇ ਆਧਾਰਿਤ ਸਮਝੌਤਾ ਠੀਕ ਸਮੇਂ 'ਤ ਕੀਤਾ ? ਜੇ ਫੇਰ ਵੀ ਰੁਮਾਣਾ ਤੇ ਪਟਵਾਰੀ ਦੋਨੋਂ ਮੰਨਦੇ ਹਨ ਕਿ ਘੋਲ ਪੀ. ਐਸ. ਯੂ. ਦੀ ਅਗਵਾਈ ਵਿਚ ਸੀ ਤਾਂ ਇਸ ਦਾ ਅੰਤ ਕਿਹੜੀ ਮੰਗ ਮੰਨਵਾ ਕੇ ਹੋਇਆ ? ਕੋਈ ਇਕ ਮੰਗ ਗਿਣਾ ਦੇਣ । ਘੋਲ ਦੀਆਂ ਠੀਕ ਪ੍ਰਸਿਥਤੀਆਂ ਦਾ ਵਿਸ਼ਲੇਸ਼ਣ ਨਾ ਕਰਨ ਕਰ ਕੇ ਇਹ ''ਹਵਾ ਵਿਚੇ ਤਲਵਾਰਾ'' ਮਾਰਦੇ ਰਹ ਤੇ ਸਿੱਟਾ ਉਲਟ ਹੀ ਨਿਕਲਿਆ !!

ਰੰਧਾਵਾ ਤੇ ਰੂੜ ਸਿੰਘ ਕਤਲ ਬਾਰੇ : ਇਸੇ ਤਰ੍ਹਾਂ ਹੀ ਦੋਨਾਂ ਲੇਖਕਾਂ ਨ ਰੰਧਾਵਾ ਤੇ ਰੂੜ ਸਿੰਘ ਦੇ ਕਤਲਾਂ ਬਾਰੇ ਵੀ ਅਜਿਹੀ ਹੀ ਘਟੀਆ ਸਮਝ ਦਾ ਵਿਖਾਲਾ ਕੀਤਾ ਹੈ । ਰੂੜ ਸਿੰਘ ਦੇ ਕਤਲ ਤੋਂ ਫੌਰਨ ਬਾਅਦ ਏ. ਆਈ. ਐਸ. ਐਫ. ਤੇ ਐਸ. ਐਫ. ਆਈ ਨੇ ਤੁਰੰਤ ਸਾਂਝੀ ਐਕਸ਼ਨ ਕਮੇਟੀ ਬਣਾਈ, ਦੂਸਰੀਆਂ ਜਥੇਬੰਦੀਆਂ ਨੂੰ ਸਾਂਝੇ ਐਕਸ਼ਨ ਲਈ ਸੱਦਾ ਦਿਤਾ ਤੇ ਸਾਂਝਾ ਘੋਲ ਲੜਿਆ । ਰੁਮਾਣਾ ਸਾਹਿਬ ਉਹਨਾਂ ਅਖਬਾਰਾਂ ਵਿਚੋਂ ਹੀ ਇਹਨਾਂ ਸਾਂਝੇ ਐਕਸ਼ਨਾਂ ਦੀਆਂ ਖ਼ਬਰਾਂ ਪੜ੍ਹ ਲੈਣ ਜਿੰਨਾਂ 'ਤੇ ਉਹਨਾਂ ਨੂੰ ਕਾਫੀ ਮਾਣ ਹੈ ਜਾਂ ਐਸ. ਐਫ. ਆਈ ਤੋਂ ਪੁਛ ਕੇ ਦੱਸ ਦੇਣ । ਪੀ. ਐਸ. ਯੂ ਪੁਰਾਣੀ ਆਦਤ ਮੁਤਾਬਿਕ ਸਾਂਝੇ ਐਕਸ਼ਨ ਵਿਚ ਸ਼ਾਮਲ ਨਹੀਂ ਹੋਈ, ਭਾਵੇਂ ਮਲਵੀਂ ਜੀਭ ਨਾਲ ਵਿਦਿਆਰਥੀਆਂ ਦੇ ਦਬਾਅ ਥੱਲੇ ਆ ਕੇ ਇਹਨਾਂ ਨੂੰ ਕਤਲਾਂ ਦੀ ਨਿੰਦਾ ਕਰਨੀ

ਪਈ। ਪਰੰਤੂ 'ਹਲਕੀ ਫੁਲਕੀ' ਨਿੰਦਾ ਕਰਦਾ ਵੀ 'ਮਾਲੀ ਧੜਾ' ਆਪਣਾ "ਪੁਲਸੀ ਫਾਰਮੂਲਾ" ਵਰਤਦਾ ਰਿਹਾ, ਜਿਸ ਅਨੁਸਾਰ ਰੂੜ ਸਿੰਘ ਦੇ ਕਾਤਲ ਤੇ ਐਸ. ਐਫ. ਆਈ ਦੋ ਬਰਾਬਰ ਦੀਆਂ ਧਿਰਾਂ ਸਨ, ਦੋਨਾਂ ਵਿਚ ਦੁਸ਼ਮਣੀ ਸੀ, ਇਸ ਲਈ ਕਤਲ ਹੋ ਗਿਆ। ਇਹਨਾਂ ਦੀ ਬਦਦਿਆਨਤੀ ਖੁਦ ਪਟਵਾਰੀ ਦੇ ਲੇਖ ਵਿਚੋਂ ਵੀ ਝਲਕਦੀ ਹੈ, ਜਦੋਂ ਉਹ "ਕਹਿੰਦਾ ਹੈ ਕਿ" ਰੂੜ ਸਿੰਘ ਦੇ ਕਤਲ ਵੇਲੇ ਵੀ ਪੀ. ਐਸ. ਯੂ. ਨੇ ਆਪਣੇ ਸੂਬਾ ਕਮੇਟੀ ਮੈਂਬਰਾਂ ਦੀ ਇਕ ਟੀਮ ਰਾਹੀਂ ਇਸ ਘਟਨਾ ਦੀ ਪੜਤਾਲ ਕੀਤੀ ਅਤੇ ਇਸ ਕਤਲ ਦੀ ਜ਼ੋਰਦਾਰ ਸ਼ਬਦਾਂ ਵਿਚ ਨਿਖੇਧੀ ਕੀਤੀ।......ਚਾਹੇ ਵਿਰੋਧੀ ਧਿਰ ਨੇ ਰੂੜ ਸਿੰਘ ਦਾ ਕਤਲ ਕਰ ਦਿਤਾ ਸੀ ਪਰ ਇਸ ਦੁਖਦਾਈ ਘਟਨਾ ਨੂੰ ਇਹ ਰੁਖ ਦੇਣ ਲਈ ਦੋਨੋਂ ਧਿਰਾਂ ਇਕੋ ਜਿਹੀਆਂ ਜੁੰਮੇਵਾਰ ਸਨ। ਫਰਕ ਸਿਰਫ ਐਨਾ ਸੀ ਕਿ ਵਿਰੋਧੀ ਧਿਰ ਪਹਿਲ ਕਰ ਗਈ ਸੀ, ਉਂਝ ਇਹੋ ਕੁਝ ਐਸ. ਐਫ. ਆਈ ਕਰ ਸਕਦੀ ਸੀ ਜਿਵੇਂ ਕਿ ਇਸੇ ਘਟਨਾ ਵਿਚ ਐਸ. ਐਫ. ਆਈ ਨੇ ਦੂਸਰੀ ਧਿਰ ਦੀ ਪਹਿਲਾਂ ਕੁੱਟਮਾਰ ਕੀਤੀ ਸੀ ਤੇ ਅੰਮ੍ਰਿਤਸਰ ਵਿਚ ਐਸ. ਐਫ. ਆਈ ਨੇ ਇਕ ਵਿਦਿਆਰਥੀ ਦਾ ਕਤਲ ਵੀ ਕੀਤਾ ਸੀ।" ਉਸ ਮਕਾਰ ਔਰਤ ਵਾਂਗ ਪੇਸ਼ ਕੀਤੇ ਪਟਵਾਰੀ ਦੇ ਪੱਖ ਦੇ ਵਾਰੇ ਵਾਰੇ ਜਾਈਏ, ਜਿਹੜੀ ਗੁਆਂਢੀਆਂ ਦੇ ਮੁੰਡੇ ਦੇ ਸਾਕ ਵਿਚ ਭਾਨੀ ਵੀ ਮਾਰ ਜਾਂਦੀ ਹੈ ਪਰ ਕੁੜੀ ਵਾਲਿਆਂ ਨੂੰ ਪਤਾ ਤੱਕ ਨਹੀਂ ਲਗਣ ਦਿੰਦੀ। ਪਟਵਾਰੀ ਦੱਸਣਗੇ ਕਿ 'ਗੁੰਡੇ' ਤੇ ਇਕ 'ਜੁੰਮੇਵਾਰ ਜਥੇਬੰਦੀ' ਨੂੰ ਇਕੋ ਪਲੜੇ ਵਿਚ ਰੱਖਿਆ ਜਾ ਸਕਦਾ ਜਦੋਂ ਮਸਲੇ ਬਾਰੇ ਪਹੁੰਚ ਦੋਨਾਂ ਦੀ ਵੱਖਰੀ ਹੋਵੇ ? ਜੇ ਕਤਲ ਆਪਣੀ ਸ਼ਰੀਕੇ-ਬਾਜ਼ੀ ਦਾ ਹੀ ਸਿੱਟਾ ਸੀ ਤਾਂ ਤੁਹਾਨੂੰ ਤੁਹਾਡੇ 'ਜਾਂਚ ਕਮਿਸ਼ਨ' ਰਾਹੀਂ ਸਾਰਾ ਹੀਜ ਪਿਆਜ ਸਾਹਮਣੇ ਆਉਣ 'ਤੇ ਵੀ ਕੇਵਲ ਕਤਲ ਦੀ (ਤੁਹਾਡੇ ਸ਼ਬਦਾਂ ਵਿਚ ਹੀ) "ਜ਼ੋਰਦਾਰ ਸ਼ਬਦਾਂ ਵਿਚ ਨਿਖੇਧੀ" ਦਾ ਕੀ ਅਰਥ ਸੀ ? ਜਾਂ ਇਸ ਸਾਰੇ ਕੁਝ ਨੂੰ ਪੰਜਾਬ ਦੇ ਵਿਦਿਆਰਥੀਆਂ ਸਾਹਮਣੇ ਲਿਆਉਣ ਤੋਂ ਕਿਉਂ ਗੁਰੇਜ਼ ਕੀਤਾ ਗਿਆ ?

ਤੁਹਾਡੀ ਯਾਦਦਾਸ਼ਤ ਤਾਂ ਜ਼ਰੂਰ ਕੰਮ ਦੇਵੇਗੀ ਕਿ ਰੰਧਾਵਾ ਦੇ ਕਤਲ ਤੋਂ ਪਹਿਲਾਂ ਵਿਰੋਧੀ ਧਿਰ ਦੇ ਆਗੂ ਬੇਅੰਤ ਸਿੰਘ ਨੂੰ ਤੁਸੀਂ ਰਾਤੀਂ ਚੁਕ ਕੇ ਕੁਟਮਾਰ ਕੀਤੀ, ਮੂੰਹ ਵਿਚ ਪਿਸ਼ਾਬ ਕੀਤਾ ਤੇ ਤਰ੍ਹਾਂ ਤਰ੍ਹਾਂ ਜ਼ਲੀਲ ਕੀਤਾ ਸੀ, ਤੇ ਅਜਿਹੀਆਂ ਘਟਨਾਵਾਂ ਇਕੱਲੀ ਐਗਰੀਕਲਚਰ ਯੂਨੀਵਰਸਟੀ ਵਿਚ ਹੀ ਅਨੇਕਾਂ ਵਾਰ ਹੋਈਆਂ। ਤਾਂ ਤੁਹਾਡੇ ਇਸ "ਪੁਲਸੀ ਫਾਰਮੂਲੇ" ਅਨੁਸਾਰ 'ਰੰਧਾਵਾ ਕਤਲ' ਵੀ ਆਪਸੀ ਸ਼ਰੀਕੇਬਾਜ਼ੀ ਦਾ ਸਿੱਟਾ ਨਹੀਂ ਜਾਂ ਇਸ ਵਿਚ ਪੀ. ਐਸ. ਯੂ ਦਾ ਦਾਅ ਫਬਦਾ ਤਾਂ ਕੀ ਉਹਨਾਂ ਦੀ ਪਹਿਲ ਕਰਨ ਤੋਂ ਪਹਿਲਾਂ ਪਹਿਲਾਂ ਇਹ ਨਹੀਂ ਸੀ ਕਰ ਸਕਦੇ। ਜਦੋਂ ਕਿ 'ਰੰਧਾਵਾ ਕਤਲ' ਨੂੰ ਕਿਸੇ ਜਥੇਬੰਦੀ ਨੇ ਅਜਿਹੇ 'ਪੁਲਸੀ ਫਾਰਮੂਲੇ' ਤੋਂ ਨਹੀਂ ਲਿਆ, ਸਗੋਂ ਅਜਿਹੇ ਵਰਤਾਰੇ ਨੂੰ ਲਹਿਰ ਲਈ ਨੁਕਸਾਨਦੇਹ ਸਮਝ ਕੇ ਪੰਜਾਬ ਦੀ ਹਰ ਜਥੇਬੰਦੀ ਨੇ ਇਸ ਦੀ ਪੁਰਜ਼ੋਰ ਨਿੰਦਾ ਕੀਤੀ ਤੇ ਸੂਬੇ ਪੱਧਰ 'ਤੇ ਸਾਂਝਾ ਐਕਸ਼ਨ ਕਰਨ ਦੀ ਮਾਲੀ ਗਰੁਪ ਨੂੰ ਅਪੀਲ ਕੀਤੀ। ਪਰੰਤੂ ਇਹ ਆਪਣੀ ਏਕਤਾ-ਵਿਰੋਧੀ ਲਾਇਨ 'ਤੇ ਅੜੇ ਰਹੇ ਤੇ ਇਥੋਂ ਤਕ ਅੜੇ ਰਹੇ ਕਿ ਪੀ. ਐਸ. ਯੂ. ਦੇ ਬਾਕੀ ਗਰੁਪ ਜੋ ਸਾਂਝਾ ਐਕਸ਼ਨ ਕਰਨਾ ਚਾਹੁੰਦੇ ਸਨ, ਨਾਲ ਵੀ ਸਾਂਝੀ ਕਮੇਟੀ ਬਣਾਉਣ ਜਾਂ ਐਕਸ਼ਨ ਕਰਨ ਤੋਂ ਉਹਨਾਂ ਗੁਰੇਜ਼ ਕੀਤਾ। ਇਹਨਾਂ ਦੇ 'ਏਕਤਾ ਵਿਰੋਧੀ' ਸਟੈਂਡ ਨੂੰ ਦੇਖਦਿਆਂ ਏ. ਆਈ. ਐਸ. ਐਫ. ਅਤੇ ਐਸ. ਐਫ. ਆਈ ਤੇ ਪੀ. ਐਸ. ਯੂ. ਦੇ ਬਿਕਰ ਗਰੁਪ ਨੇ ਸਾਂਝੀ ਕੋਆਰਡੀਨੇਸ਼ਨ ਕਮੇਟੀ ਦੇ ਝੰਡੇ ਥੱਲੇ ਇਕੱਠੇ ਹੋ ਕੇ ਵੀ ਤੇ ਆਪਣੇ ਆਪਣੇ ਪਲੇਟਫਾਰਮ ਤੋਂ ਵੀ ਇਸ ਘੋਲ ਵਿਚ ਡੱਟਵਾਂ ਹਿੱਸਾ ਪਾਇਆ ਜਿਸ ਦਾ ਚੰਗਾ ਸਿੱਟਾ ਨਿਕਲਿਆ। ਪਰ ਇਸ



ਗਲ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ ਕਿ ਜੇਕਰ ਘੱਟੋ ਘੱਟ ਖੱਬੇਪੱਖੀ ਜਥੇਬੰਦੀਆਂ ਇਸ ਘਟਨਾ 'ਤੇ ਸਾਂਝਾ ਪਲੇਟਫਾਰਮ ਉਸਾਰਦੀਆਂ ਤਾਂ ਪੰਜਾਬ ਵਿਚ ਬੇਮਿਸਾਲ ਉਭਾਰ ਪੈਦਾ ਕੀਤਾ ਜਾ ਸਕਦਾ ਸੀ, ਪਰ ਇਸ ਲਈ ਜੁੰਮੇਵਾਰ ਏਕਤਾ-ਚਾਹੁੰਦੀਆਂ ਦੂਸਰੀਆਂ ਜਥੇਬੰਦੀਆਂ ਨਹੀਂ, ਖ਼ੁਦ ਮਾਲੀ ਧੜਾ ਆਪ ਹੈ। ਦੂਸਰੀ ਗਲ : ਮਾਲੀ ਗਰੁਪ ਕਾਤਲਾਂ ਦੀ ਗ੍ਰਿਫ਼ਤਾਰੀ ਤੋਂ ਬਾਅਦ ਵੀ ਸਾਰਾ ਸ਼ੈਸਨ 'ਰੰਧਾਵਾ ਕਤਲ' ਦੁਵਾਲੇ ਹੀ ਲੰਘਾਉਣਾ ਚਾਹੁੰਦਾ ਸੀ ਤੇ ਉਸ ਨੂੰ 'ਮਸੀਹਾ' ਬਣਾਉਣ ਲਈ ਤਰਲੋ ਮੱਛੀ ਸੀ। ਪਰੰਤੂ ਤਿੰਨਾਂ ਜਥੇਬੰਦੀਆਂ ਦੀ ਸਾਂਝੀ ਕੋਆਰਡੀਨੇਸ਼ਨ ਕਮੇਟੀ ਨੇ ਦੂਸਰੀਆਂ ਦਰਪੇਸ਼ ਗੰਭੀਰ ਸਮੱਸਿਆਵਾਂ 'ਤੇ ਲੜਾਇ ਜਾਰੀ ਰੱਖੀ, ਪਰੰਤੂ ਮਾਲੀ ਗਰੁਪ 'ਇਕੋ ਮੰਗ' ਤੇ ਤੁਰਦਾ ਰਿਹਾ, ਇਸ ਲਈ ਅਦਾਲਤ ਵਿਚ ਕੇਸ ਹੋਣ, ਕਾਤਲਾਂ ਦੀ ਗ੍ਰਿਫ਼ਤਾਰੀ ਹੋਣ 'ਤੇ ਇਸ ਉਭਾਰ ਨੇ ਘਟਣਾ ਲਾਜ਼ਮੀ ਸੀ, ਕਿਉਂਕਿ ਇਸ ਦੇ ਉਠਣ ਦੇ ਆਪਣੇ ਕਨੂੰਨ ਹਨ। ਕੇਵਲ ਕਿਸੇ ਜਥੇਬੰਦੀ ਦੀ ਮਨ-ਇਛਾ ਇਸ ਨੂੰ ਕਾਇਮ ਨਹੀਂ ਰਖ ਸਕਦੀ। ਦੂਸਰਾ ਪੀ. ਐਸ. ਯੂ ਮਾਲੀ ਗਰੁਪ ਦੀ ਇਸ ਸਮਝ ਨੂੰ ਵਿਦਿਆਰਥੀਆਂ ਤੇ ਜਥੇਬੰਦੀਆਂ ਨੇ ਰੱਦ ਕੀਤਾ, ਜਿਸ ਅਨੁਸਾਰ ਉਹ 'ਰੰਧਾਵਾ' ਨੂੰ ਸ਼ਹੀਦੇ ਆਜ਼ਮ ਭਗਤ ਸਿੰਘ ਦਾ ਰੁਤਬਾ ਦੇਣ, ਉਸ ਦੇ ਬਰਾਬਰ ਦਾ ਸ਼ਹੀਦ ਬਣਾਉਣ ਦੀਆਂ ਵਿੰਗੀਆਂ ਟੇਢੀਆਂ ਚਾਲਾਂ ਚਲ ਰਹੇ ਸਨ।

ਸਟੂਡੈਂਟਸ ਕੌਂਸਲ ਦੀਆਂ ਚੋਣਾਂ ਸਬੰਧੀ : ਚੋਣਾਂ ਵਿਚ ਹਿੱਸਾ ਲੈਣ ਜਾਂ ਬਾਈਕਾਟ ਦਾ ਜ਼ਿਕਰ ਦੋਨਾਂ ਲੇਖਾਂ ਵਿਚ ਉਭਰ ਕੇ ਸਾਹਮਣੇ ਆਇਆ ਹੈ। ਦੋਵਾਂ ਲੇਖਕਾਂ ਨੇ 'ਚੋਣਾਂ ਵਿਚ ਹਿੱਸਾ ਲੈਣ' ਨੂੰ ਵਿਦਿਆਰਥੀਆਂ ਦੀ ਨਿਗੂਣੀ ਚੇਤੰਨਤਾ ਬਣਾ ਕੇ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਸ ਸੱਚ ਨੂੰ ਪਰੰਤੂ ਦੋਵੇਂ ਲੇਖਕ ਹੀ ਛੁਪਾ ਨਹੀਂ ਸਕੇ (ਬਾਵਜੂਦ ਕੋਸ਼ਿਸ਼ਾਂ ਦੇ) ਕਿ 'ਬਾਈਕਾਟ' ਦੇ ਨਾਹਰੇ ਦਾ ਹਸ਼ਰ ਵੀ ਪੰਜਾਬ ਵਿਚ ਨਕਸਲੀਆਂ ਦੇ ਬਾਈਕਾਟ ਦੇ ਨਾਹਰੇ ਵਾਲਾ ਹੀ ਹੋਇਆ ਹੈ। ਭਾਵੇਂ ਪਟਵਾਰੀ ਨੇ ਕੁਝ ਕੁ ਕਾਲਜਾਂ ਵਿਚ, ਉਹ ਵੀ ਮੁੱਖ ਤੌਰ 'ਤੇ ਆਈ. ਟੀ. ਆਈ ਤੇ ਉਹ ਵੀ ਮਾਲਵੇ ਦੇ ਹੀ ਇਕ ਹਿੱਸੇ ਦੇ ਕਾਲਜਾਂ ਵਿਚ, ਬਾਈਕਾਟ ਸਫਲ ਹੋਣ ਦਾ ਦਾਹਵਾ ਕੀਤਾ ਜੋ ਖੂਬਸੂਰਤ ਗੱਪ ਤੋਂ ਵੱਧ ਕੁਝ ਨਹੀਂ। ਪੰਜਾਬ ਦਾ ਬੱਚਾ ਬੱਚਾ ਜਾਣਦਾ ਹੈ ਕਿ ਆਈ. ਟੀ. ਆਈ ਸੰਸਥਾਵਾਂ ਵਿਚ ਚੋਣਾਂ ਦੂਜੀ ਸੰਸਾਰ ਜੰਗ ਵੇਲੇ ਤੋਂ ਹੀ ਨਹੀਂ ਹੁੰਦੀਆਂ, ਕਦੀ ਕਦੀ ਟਾਂਵੀ ਟਾਂਵੀ ਆਈ. ਟੀ. ਆਈ ਵਿਚ ਐਸੋਸੀਏਸ਼ਨ ਬਣ ਜਾਂਦੀ ਹੈ, ਜਿਸ ਦਾ ਨਾ ਕੋਈ ਵਿਧਾਨ, ਨਾ ਬਕਾਇਦਾ ਕੋਈ ਨਿਯਮ ਹੈ। ਤੇ ਪਟਵਾਰੀ ਚੁਸਤੀ ਨਾਲ ਇਹਨਾਂ ਸੰਸਥਾਵਾਂ ਵਿਚ ਚੋਣ ਦੀ ਵਿਵਸਥਾ ਨੂੰ 'ਬਾਈਕਾਟ' ਵਿਚ ਬਦਲ ਕੇ "ਚੀਚੀ ਨੂੰ ਖੂਨ ਲਾ ਕੇ" ਸ਼ਹੀਦ ਬਣਨ ਵਰਗੀ ਖੁਸ਼ਫਹਿਮੀ ਦਾ ਸ਼ਿਕਾਰ ਹੈ। ਪਰੰਤੂ ਬਾਈਕਾਟ ਦੀ ਲਿਸਟ ਜਾਰੀ ਕਰਨ ਵੇਲੇ ਉਹਨਾਂ ਕਾਲਜਾਂ ਦਾ ਹੀ ਜ਼ਿਕਰ ਕੀਤਾ ਹੈ, ਜਿਥੇ ਪੀ.ਐਸ.ਯੂ ਘੱਟ ਵੱਧ ਹੈ, ਪਰੰਤੂ ਪੰਜਾਬ ਦੇ ਬਾਕੀ ਜ਼ਿਲ੍ਹਿਆਂ ਦੇ ਕਾਲਜਾਂ ਦਾ ਨਾਂ ਲੈਣ ਤੋਂ ਸ਼ਰਮਾ ਗਿਆ ਜਾਪਦਾ ਹੈ, ਕਿਉਂਕਿ ਉਸ ਨੂੰ ਪਤਾ ਹੈ ਕਿ ਬਾਕੀ ਕਾਲਜਾਂ 'ਚ ਤਾਂ ਪੀ. ਐਸ. ਯੂ ਦਾ ਇਕ ਵੀ ਟੱਟਰੂ ਨਹੀਂ, ਤੇ ਇਹਨਾਂ ਵਿਚ ਚੋਣਾਂ ਵੀ ਨਹੀਂ ਹੋਈਆਂ। ਫਿਰ ਪੱਗੜੀ ਪੀ. ਐਸ. ਯੂ ਦੇ ਕਿਵੇ ਬੰਨ੍ਹਾਂਗੇ ?

ਪੰਜਾਬ ਵਿਚ ਸਟੂਡੈਂਟਸ ਕੌਂਸਲਾਂ ਬਣਾਉਣ ਦੀ ਮੰਗ 1967 ਤੋਂ ਪਹਿਲਾਂ ਭਖਦੀ ਮੰਗ ਬਣ ਕੇ ਉਭਰੀ। ਇਸ ਨੂੰ ਮੰਨਵਾਉਣ ਲਈ ਏ. ਆਈ. ਐਸ. ਐਫ ਦੀ ਅਗਵਾਈ ਹੇਠ ਅਨੇਕਾਂ ਘੋਲ ਲੜੇ ਗਏ ਤੇ ਕੁਰਬਾਨੀਆਂ ਦੇ ਕੇ ਪੰਜਾਬ ਦੇ ਵਿਦਿਆਰਥੀਆਂ ਨੇ ਅੰਤ ਇਹ ਮੰਗ ਮੰਨਵਾ ਲਈ। ਇਸ ਮੰਗ ਲਈ ਉਥੇ ਲੜਾਕੂ ਘੋਲਾਂ ਅੱਗੇ ਸਰਕਾਰ ਨੂੰ ਇਹ ਮੰਗ ਤਾਂ ਮੰਨਣੀ ਪਈ, ਪਰ

ਇਸ ਦੇ ਅਧਿਕਾਰ-ਖੇਤਰ ਨੂੰ ਸੀਮਤ ਕਰਨ, ਇਸ ਨੂੰ ਵਿਦਿਆਰਥੀ ਪਲੈਟਫਾਰਮ ਬਣਨ ਤੋਂ ਰੋਕਣ ਲਈ ਹੱਥਕੰਡੇ ਵਰਤੀਦੇ ਰਹੇ। ਪਰੰਤੂ ਪੰਜਾਬ ਦੇ ਵਿਦਿਆਰਥੀ ਇਹਨਾਂ ਹੱਥ ਕੰਡਿਆਂ ਖਿਲਾਫ ਬੇਕਿਰਕ ਜਦੋ-ਜਹਿਦ ਕਰਦੇ, ਮੋਟੇ ਤੌਰ 'ਤੇ ਇਹਨਾਂ ਨੂੰ 'ਵਿਦਿਆਰਥੀ ਪਲੈਟਫਾਰਮ' ਬਣਾ ਕੇ ਵਰਤਦੇ ਰਹੇ ਅਤੇ ਇਸ ਚੋਣ ਪੈਟਰਨ ਨੂੰ ਹੋਰ ਜਮਹੂਰੀ ਬਣਾਉਣ ਲਈ ਜਦੋ-ਜਹਿਦ ਕਰਦੇ ਰਹੇ। ਅਸਿੱਧੀ ਚੋਣ-ਪ੍ਰਣਾਲੀ ਤੋਂ ਅੱਗੇ ਜਾ ਕੇ ਇਸ ਦੇ ਜਮਹੂਰੀਕਰਨ ਲਈ, ਸਿੱਧੀ ਚੋਣ ਪ੍ਰਣਾਲੀ ਦੀ ਮੰਗ ਏ. ਆਈ. ਐਸ. ਐਫ ਨੇ ਪੰਜਾਬ ਵਿਚ ਉਡਾਈ ਤਾਂ ਅਧਿਕਾਰੀ ਪਿੱਟ ਉਠੇ ਤੇ ਪਹਿਲੇ ਦਿਨ ਤੋਂ ਹੀ ਉਹਨਾਂ ਇਸ ਦਾ ਵਿਰੋਧ ਕਰਨਾ ਆਪਣਾ 'ਧਰਮ' ਤੇ ਹਿਤ ਸਮਝਿਆ। ਪੰਜਾਬ ਯੂਨੀਵਰਸਟੀ ਵਿਚ ਇਕ ਮਹੀਨੇ ਦੀ ਜਦੋ-ਜਹਿਦ, ਪੰਜਾਬੀ ਯੂਨੀਵਰਸਿਟੀ ਵਿਚ ਲੰਮੀ ਲੜਾਈ ਏ.ਆਈ ਐਸ.ਐਫ ਦੀ ਅਗਵਾਈ ਵਿਚ ਲੜੀ ਗਈ। ਅਧਿਕਾਰੀਆਂ ਨੇ ਇਸ ਮੰਗ ਤੋਂ ਖਹਿੜਾ ਛੁਡਾਉਣ ਲਈ ਬਹੁਤ ਅੜਿਚਨਾਂ ਪਾਈਆਂ। ਪਰ ਘੋਲ ਤੇਜ਼ ਹੁੰਦਾ ਗਿਆ ਤੇ ਅੰਤ ਰਿਫਰੈਂਡਮ ਦੀ ਢੁੱਚਰ ਅਧਿਕਾਰੀਆਂ ਡਾਹ ਦਿਤੀ। ਜੇਤੂ ਇਸ ਵਿਚ ਵੀ ਵਿਦਿਆਰਥੀ ਹੀ ਹੋਏ। ਪੰਜਾਬੀ ਯੂਨੀਵਰਸਟੀ 'ਚ ਅਧਿਕਾਰੀਆਂ ਦੀ ਇਸ ਮੰਗ ਪ੍ਰਤੀ ਨਫਰਤ ਉਸ ਸਮੇਂ ਨੰਗੀ ਹੋ ਗਈ, ਜਦੋਂ ਵਾਈਸ ਚਾਂਸਲਰ ਦੇ ਇਸ਼ਾਰੇ 'ਤੇ ਸਤ ਕਾਲਜਾਂ ਦੇ ਪ੍ਰਿੰਸੀਪਲਾਂ ਨੇ ਮੀਟਿੰਗ ਕਰ ਕੇ ਇਸ ਮੰਗ ਨੂੰ ਮੁਕੰਮਲ ਤੌਰ 'ਤੇ ਰੱਦ ਕੀਤਾ ਤੇ ਯੂਨੀਵਰਸਟੀ ਅਧਿਕਾਰੀਆਂ ਨੂੰ ਇਹ ਮੰਗ ਨਾ ਮੰਨਣ ਦੀ ਸਿਫ਼ਾਰਸ਼ ਕੀਤੀ। ਪ੍ਰੰਤੂ ਹਦ ਘੋਲ ਕਰਦੇ ਵਿਦਿਆਰਥੀਆਂ ਦੇ ਕਦਮ ਨਾ ਰੁਕੇ ਤਾਂ ਇਹਨਾਂ ਅਧਿਕਾਰੀਆਂ ਆਖਰੀ ਫੁਟ-ਪਾਊ ਲੂੰਬੜਚਾਲ ਚਲਣੀ ਚਾਹੀ ਤੇ ਵਿਦਿਆਰਥੀਆਂ ਵਿਚੋਂ ਹੀ ਵਿਰੋਧ ਖੜਾ ਕਰਨ ਦਾ ਚਾਰਾ ਕੀਤਾ। ਪੰਜਾਬ ਦੀ ਇਕੋ ਇਕ ਜਥੇਬੰਦੀ ਪੀ.ਐਸ.ਯੂ. ਮਾਲੀ ਗਰੁਪ ਨੇ ਇਹਨਾਂ ਪ੍ਰਿੰਸੀਪਲਾਂ ਦੇ ਸਮੇਤ ਅਚਾਨਕ ਇਸ ਮੰਗ ਦਾ ਵਿਰੋਧ ਕਰਨਾ ਸ਼ੁਰੂ ਕੀਤਾ, 'ਜਮਹੂਰੀਕਰਨ ਕਿ ਕੇਂਦਰੀਕਰਨ' ਨਾਂ ਦਾ ਪੋਸਟਰ ਕੱਢ ਕੇ ਪ੍ਰਿੰਸੀਪਲਾਂ ਤੇ ਅਧਿਕਾਰੀਆਂ ਦੀ ਆਵਾਜ਼ ਵਿਚ ਆਵਾਜ਼ ਮਿਲਾਈ, ਰੈਲੀਆਂ ਕੀਤੀਆਂ, ਪਰ ਕੁਝ ਨਾ ਬਣਿਆ ਤੇ ਇਹ ਮੰਗ ਮੰਨੀ ਗਈ।

ਇਕ ਹਫਤੇ ਬਾਅਦ ਹੀ ਪੀ. ਐਸ. ਯੂ ਮਾਲੀ ਗਰੁਪ ਨੇ ਇਸ 'ਕੇਂਦਰੀਕਰਨ' ਵਾਲੇ ਚੋਣ ਪੈਟਰਨ ਵਿਚ ਹੀ ਸੂਬਾ ਕਮੇਟੀ ਦਾ ਮੈਂਬਰ ਦਰੋਪਤੀ ਬਣਾ ਕੇ ਦਾਆ 'ਤੇ ਲਾ ਦਿਤਾ। ਤੇ ਕੈਂਪਸ ਤੋਂ ਬਾਹਰ ਮਹਿੰਦਰਾ ਕਾਲਜ, ਖਾਲਸਾ ਕਾਲਜ, ਸਟੇਟ ਕਾਲਜ, ਮੋਦੀ ਕਾਲਜ ਪਟਿਆਲਾ ਵਿਚ ਸਿੱਧੇ ਤੌਰ 'ਤੇ, ਬਾਕੀ ਮਾਲਵੇ ਦੇ ਕੁਝ ਕਾਲਜਾਂ ਵਿਚ ਅਸਿੱਧੇ ਤੌਰ 'ਤੇ ਇਸੇ ਚੋਣ ਪੈਟਰਨ ਵਿਚ ਹੀ ਚੋਣ-ਅਖਾੜੇ ਵਿਚ ਕੁਦੇ। ਤੇ ਬਾਕੀ ਦੇ ਕਾਲਜਾਂ ਵਿਚ ਆਪਣਾ 'ਬਾਈਕਾਟ' ਦਾ ਨਾਹਰਾ ਬੁਲੰਦ ਰਖਿਆ। ਵਿਦਿਆਰਥੀਆਂ ਨੇ ਪਰੰਤੂ ਇਸ ਨਾਹਰੇ ਦਾ ਹਾਲ ਵੀ 'ਮੇਲੇ ਵਿਚ ਚੱਕੀਰਾਹੇ' ਵਾਲਾ ਕਰ ਦਿਤਾ। ਹੁਣ ਗੁਰੂ ਨਾਨਕ ਦੇਵ ਯੂਨੀਵਰਸਟੀ ਵਿਚ ਵੀ ਇਹ ਪੈਟਰਨ ਏ. ਆਈ. ਐਸ. ਐਫ. ਨੇ ਲਾਗੂ ਕਰਵਾਇਆ ਜੋ ਭਾਵੇਂ ਸਮੁੱਚੇ ਤੌਰ 'ਤੇ ਪੂਰਨ ਠੀਕ ਨਹੀਂ ਪਰ ਅਗਲੇਰਾ ਕਦਮ ਜ਼ਰੂਰ ਹੈ।

ਪਟਵਾਰੀ ਵੀ ਇਸ ਸਬੰਧੀ ਹੀ ਆਪਣੀ ਜਥੇਬੰਦੀ ਵਾਂਗ ਉਲਝਿਆ ਉਘ ਦੀਆਂ ਪਤਾਲ ਮਾਰ ਰਿਹਾ ਹੈ, ਜਦੋਂ ਸਪਸ਼ਟੀਕਰਨ ਦਿੰਦਾ ਲਿਖਦਾ ਹੈ ਕਿ "ਪੀ. ਐਸ. ਯੂ. ਇਹਨਾਂ ਚੋਣਾਂ ਦਾ ਬਾਈਕਾਟ ਸਿਰਫ ਬਾਈਕਾਟ ਕਰਨ ਸਦਕਾ ਹੀ ਨਹੀਂ ਕਰਦੀ ਸਗੋਂ ਇਸ ਲਈ ਕਰਦੀ ਹੈ ਕਿਉਂਕਿ ਸਰਕਾਰੀ ਅਦਾਰੇ ਵਿਦਿਆਰਥੀਆਂ ਦੀ ਜਮਹੂਰੀ ਇੱਛਾ ਦੇ ਜ਼ਖ਼ੀਰੇ ਬਣਨ ਦੀ ਥਾਂ ਅਧਿਕਾਰੀਆਂ ਦੇ ਕਠਪੁਤਲੀ ਅਦਾਰੇ ਹੁੰਦੇ ਹਨ ਅਤੇ ਇਹਨਾਂ ਦੀ ਇਛਾ ਵਿਰੁਧ ਕੁਝ ਨਹੀਂ ਕਰ ਸਕਦੇ। ਪੰਜਾਬੀ ਯੂਨੀਵਰਸਟੀ ਵਿਚ ਚੋਣਾਂ ਵਿਚ ਹਿੱਸਾ ਲੈਣ ਦਾ ਪੀ. ਐਸ. ਯੂ ਦਾ ਫੈਸਲਾ ਇਸ



ਕਰਕੇ ਹੀ ਹੈ ਕਿ ਉਥੇ ਦਫਤਰੀ ਯੂਨੀਅਨ ਮੁਕਾਬਲਤਨ ਵੱਧ ਅਜ਼ਾਦਆਨਾਂ ਤੌਰ ਤੇ ਫੈਸਲੇ ਲੈਂਦੀ ਰਹੀ ਹੈ ਤੇ ਆਮ ਕਰਕੇ ਇਸ ਦਾ ਰੋਲ ਵਿਦਿਆਰਥੀ-ਪੱਖੀ ਰਿਹਾ ਹੈ। ਇਸ ਤੋਂ ਬਿਨਾਂ ਯੂਨੀਵਰਸਟੀ ਦੀਆਂ ਵਿਸ਼ੇਸ਼ ਹਾਲਤਾਂ ਵੀ ਇਸ ਵਿਚ ਰੋਲ ਅਦਾ ਕਰਦੀਆਂ ਹਨ।" ਚੰਗਾ ਹੁੰਦਾ ਜੇ ਪਟਵਾਰੀ ਸਾਹਿਬ ਥੋੜਾ ਜਿਹਾ ਕਸ਼ਟ ਹੋਰ ਸਫ਼ੇ ਕਾਲੇ ਕਰਨ ਦਾ ਸਹਿ ਕੇ ਇਹਨਾਂ ਵਿਸ਼ੇਸ ਹਾਲਤਾਂ ਦੀ ਵਜ਼ਾਹਤ ਕਰ ਦਿੰਦੇ। ਕੀ ਕੈਂਪਸ ਦੇ ਸਟੂਡੈਂਟਸ ਦੀ ਚੇਤੰਨਤਾ ਦੂਜੇ ਵਿਦਿਅਕ ਅਦਾਰਿਆਂ ਨਾਲੋਂ ਵੱਖਰੀ, ਵਿਲੱਖਣ ਤੇ ਵਿਸ਼ੇਸ਼ ਹੈ, ਜਾਂ ਵੱਧ ਵਿਕਸਤ ਹੈ, ਜਾਂ ਇਥੋਂ ਦੇ ਅਧਿਕਾਰੀ ਕਾਲਜਾਂ ਦੇ ਅਧਿਕਾਰੀਆਂ ਨਾਲੋਂ ਵੱਧ ਵਿਦਿਆਰਥੀ-ਪੱਖੀ ਸੁਭਾ ਰਖਦੇ ਹਨ? ਜ਼ਰਾ ਦੱਸਣ ਦੀ ਖੇਚਲ ਕਰਨਾ ਕਿਉਂਕਿ ਅਜਿਹੇ ਵਿਦਿਆਰਥੀ-ਪੱਖੀ ਅਧਿਕਾਰੀ ਲੱਭਣ ਵਿਚ ਤੁਹਾਡੀ ਖੁਰਦਬੀਨ ਬਹੁਤ ਤੇਜ਼ ਹੈ (ਜਿਵੇਂ ਲੇਖ ਵਿਚ ਵੀ ਤੁਸੀਂ ਆਪਣੀ ਤੇ ਤੀਹ ਸਟੂਡੈਂਟਸ ਭੱਟੀ ਤੇ ਹੋਰ ਪ੍ਰਿਸੀਪਲਾਂ ਦੀ ਝੋਲੀ ਚੁਕਣ ਦੀ ਕੋਸ਼ਿਸ਼ ਕੀਤੀ ਹੈ) ਜਿਸ ਕਾਲਜ ਦੇ ਪ੍ਰਿੰਸੀਪਲ (ਸੰਗਰੂਰ ਕਾਲਜ) ਨੇ ਸੌਂਹ ਖਾਂ ਰੱਖੀ ਸੀ ਕਿ ਮੈਂ 150 ਵਿਦਿਆਰਥੀ ਦਾ ਭਵਿੱਖ ਤਬਾਹ ਕਰਨਾ, ਜੋ ਵਿਦਿਅਕ ਅਦਾਰੇ ਦਾ ਅਧਿਕਾਰੀ ਹੋ ਕੇ ਪੁਲਸੀਆਂ ਵਾਂਗ ਪਸਤੌਲ ਪਹਿਨ ਕੇ ਕਾਲਜ ਆਉਂਦਾ, ਜਿਸ ਦੀਆਂ ਵਿਦਿਆਰਥੀ-ਦੋਖੀ ਨੀਤੀਆਂ ਖਿਲਾਫ ਇਸ ਸ਼ੈਸਨ ਵਿਚ ਸਾਰੇ ਪੰਜਾਬ ਦੇ ਪ੍ਰਿੰਸੀਪਲਾਂ ਤੋਂ ਕਈ ਗੁਣਾ ਵੱਧ ਸੰਗਰੂਰ ਦੇ ਵਿਦਿਆਰਥੀ ਲੜੇ, ਜੇਲ੍ਹੀਂ ਗਏ, ਜੋ ਉਹ ਪ੍ਰਿੰਸੀਪਲ ਪੀ. ਐਸ. ਯੂ. ਦੇ ਆਗੂਆਂ ਨੂੰ ਪਟਵਾਰੀ ਅਨੁਸਾਰ "ਕਾਲਜ ਵਿਚ ਵੱਧ ਸਾਲ ਲਉਣ ਦੇ ਸੱਦੇ" ਦਿੰਦਾ ਤੇ ਵਿਦਿਆਰਥੀ ਲਾਮਬੰਦੀ ਨੂੰ "ਵਿਗੜਿਆ ਮਾਹੌਲ" ਕਹਿ ਕੇ ਪੀ. ਐਸ. ਯੂ ਦੀ ਸਹਾਇਤਾ ਨਾਲ ਸੁਧਾਰਨ ਦਾ ਦਾਹਵਾ ਕਰਦਾ, ਜਿਸ ਦਾਹਵੇ 'ਤੇ ਪੀ. ਐਸ. ਯੂ. ਨੂੰ ਵੀ ਖੁਦ ਮਾਣ ਮਹਿਸੂਸ ਹੁੰਦਾ ਹੈ, ਤਾਂ ਦਾਲ ਵਿਚ ਕਿਧਰੇ ਕਾਲਾ ਜ਼ਰੂਰ ਹੈ। ਤੇ ਸੰਗਰੂਰ ਘੋਲ ਦੌਰਾਨ ਪੀ. ਐਸ. ਯੂ. ਤੇ ਏ. ਆਈ. ਐਸ. ਐਫ ਤੇ ਐਸ. ਐਫ. ਆਈ ਵਲੋਂ ਭਰ ਜੋਬਨ 'ਤੇ ਗਏ ਘੋਲ ਵਿਚ ਗਦਾਰੀ ਕਰਨ ਦਾ ਇਲਜ਼ਾਮ ਹੁਣ ਸਮਝ ਆਉਂਦਾ ਹੈ ਕਿ ਇਹਦੀ ਜੜ੍ਹ ਕਿਥੇ ਸੀ। ਖੈਰ ਅਜਿਹਾ ਯਰਾਨਾ ਹੀ ਦੂਸਰਿਆਂ ਨਾਲ ਹੈ। ਜਾਂ ਪੀ. ਐਸ. ਯੂ. ਦੀ 'ਚੋਣ ਕਸਵੱਟੀ' ਵਿਚ ਕੈਂਪਸ ਦਾ ਚੋਣ-ਪੈਟਰਨ ਵੱਧ ਜਮਹੂਰੀ ਇੱਛਾ ਦਾ ਜ਼ਖੀਰਾ ਹੈ? ਜਾਂ ਸਬੱਬੀਂ ਕੈਂਪਸ ਵਿਚ ਆਗੂ ਹੀ ਵਿਦਿਆਰਥੀ-ਪੱਖੀ ਚੁਣੇ ਜਾਂਦੇ ਰਹੇ ਹਨ?

ਜਿਥੋਂ ਤੱਕ ਚੋਣ-ਪੈਟਰਨ ਦਾ ਸੁਆਲ ਹੈ, ਇਸ ਕੈਂਪਸ ਸਮੇਤ ਯੂਨੀਵਰਸਟੀ ਸਬੰਧਤ ਸਾਰੇ ਅਦਾਰਿਆਂ ਲਈ ਸਿੰਡੀਕੇਟ ਵਲੋਂ ਪਾਸ ਇਕੋ ਨਿਯਮ ਲਾਗੂ ਹੁੰਦਾ ਹੈ। ਕੈਂਪਸ ਅਧਿਕਾਰੀ ਜੇ ਵਿਦਿਆਰਥੀ-ਹਿਤੈਸ਼ੀ ਹਨ ਤਾਂ ਇਹ ਅਧਿਕਾਰੀ ਹੀ ਮੁਖ ਤੌਰ 'ਤੇ 'ਵਿਦਿਅਕ ਨੀਤੀ' ਸਟੇਟ ਦੀ ਮਦਦ ਨਾਲ ਘੜਦੇ ਹਨ, ਕਾਲਜਾਂ ਵਿਚ ਤਾਂ ਸਿਰਫ ਇਹ 'ਵਫ਼ਾਦਾਰੀ' ਨਾਲ ਲਾਗੂ ਹੀ ਕੀਤੀ ਜਾਂਦੀ ਹੈ ਜਿਥੋਂ ਤਕ ਵਿਦਿਆਰਥੀ-ਪੱਖੀ ਆਗੂ ਦਾ ਕਾਬਜ਼ ਹੋਣ ਦਾ ਪ੍ਰਸ਼ਨ ਹੈ, ਚੋਣਾਂ ਵਿਚ ਬਾਈਕਾਟ ਜਾਂ ਹਿੱਸਾ ਲੈਣ ਦਾ ਫੈਸਲਾ ਤਾਂ 'ਜਿੱਤ' 'ਹਾਰ' ਤੋਂ ਕਾਫੀ ਦੇਰ ਪਹਿਲਾਂ ਹੁੰਦਾ ਤੇ 'ਵਿਦਿਆਰਥੀ ਵਿਰੋਧੀ' ਜਾਂ 'ਵਿਦਿਆਰਥੀ ਪੱਖੀ' ਖਾਸੇ ਦੀ ਸਮਝ ਜਿੱਤ ਤੋਂ ਬਾਅਦ ਕੀਤੇ ਕੰਮ ਤੋਂ, ਅਮਲ 'ਚੋਂ ਪੈਂਦੀ ਹੈ। ਜਾਂ ਕੀ ਪੀ. ਐਸ. ਯੂ ਨੂੰ ਕਿਧਰੇ ਦੋ ਮਹੀਨੇ ਪਹਿਲਾਂ ਹੀ ਇਲਹਾਮ ਤਾਂ ਨਹੀਂ ਹੋ ਜਾਂਦਾ ਕਿ ਇਸ ਵਾਰੀ ਵਿਦਿਆਰਥੀ-ਪੱਖੀ ਹੀ ਜਿੱਤਣਗੇ। ਪਟਵਾਰੀ ਦੇ ਸ਼ਬਦਾਂ ਵਿਚ "ਇਹ ਆਜ਼ਾਦਾਨਾ ਤੌਰ 'ਤੇ ਫੈਸਲੇ ਲੈਂਦੀ ਰਹੀ ਹੈ ਤੇ ਰੋਲ ਵਿਦਿਆਰਥੀ-ਪੱਖੀ ਰਿਹਾ ਹੈ। ਜੇ ਕੈਂਪਸ ਦੇ ਇਸ 'ਪਲੈਟਫਾਰਮ' ਨੂੰ ਵਿਦਿਆਰਥੀ-ਪੱਖੀ ਰੋਲ ਅਦਾ ਕਰਨ ਵਲ ਧਕਿਆ ਜਾ ਸਕਦਾ ਤਾਂ ਪੰਜਾਬ ਦੇ ਦੂਸਰੇ ਕਾਲਜਾਂ ਵਿਚ ਜਿਥੇ ਖੱਬੇ ਪੱਖੀ ਜਥੇਬੰਦੀਆਂ ਕੈਂਪਸ ਤੋਂ ਵੀ ਕਿਤੇ ਵੱਧ ਮਜ਼ਬੂਤ ਹਨ,

ਅਜਿਹਾ ਕਿਉਂ ਨਹੀਂ ਹੋ ਸਕਦਾ ? ਤੇ ਇਸ ਗਲ 'ਚੋਂ ਇਹ ਵੀ ਸ਼ਪਸ਼ਟ ਹੈ ਕਿ ਇਸ ਪਲੈਟਫਾਰਮ ਨੂੰ ਵਿਦਿਆਰਥੀ ਹਿਤਾਂ ਲਈ ਵਰਤਣ ਦੀਆਂ ਸੰਭਾਵਨਾਵਾਂ ਹਨ, ਫੇਰ ਇਸ ਤੋਂ ਪਿੱਠ ਮੋੜਨਾ ਵਿਦਿਆਰਥੀ-ਪੱਖੀ ਕਦਮ ਹੈ ਜਾਂ ਅਧਿਕਾਰੀ-ਪੱਖੀ ? ਅਸੂਲ ਦੀ ਪੱਧਰ 'ਤੇ ਪੀ. ਐਸ. ਯੂ ਵਲੋਂ ਅਪਣਾਏ ਇਸ ਬਾਈਕਾਟ ਦੇ ਨਾਹਰੇ ਤੇ ਇਸ ਦੇ ਅਮਲ ਵਿਚ ਲਾਗੂ ਹੋਣ 'ਤੇ ਕਠੋਰ ਹਕੀਕਤਾਂ 'ਚੋਂ ਨਿਕਲੇ ਭਿਆਨਕ ਸਿੱਟਿਆਂ ਵਿਚ ਪਾੜਾ ਹੋਣ ਕਰਕੇ, ਪੀ. ਐਸ. ਯੂ ਤੇ ਪਟਵਾਰੀ ਸਾਹਿਬ ਅਚੇਤ ਤੌਰ 'ਤੇ ਇਸ ਦੇ ਅਮਲੀ ਸਿੱਟਿਆਂ ਤੋਂ ਅਸਰਦਾਰ ਹੋਏ ਹਨ। ਪਰੰਤੂ ਸੁਚੇਤ ਪੱਧਰ 'ਤੇ ਆਪਣੀ ਘਸੀ, ਪਿੱਟੀ ਤੇ ਹਕੀਕਤ-ਵਿਰੋਧੀ ਨੀਤੀ ਦੇ ਪੂਰਨ ਵਫਾਦਾਰ ਹੋਣ ਕਰਕੇ ਆਪਣੀ ਧਾਰਨਾ ਵਿਚ ਵੀ ਦੁਫੇੜ ਹੋਏ ਪਏ ਹਨ। ਅਮਲ ਤੇ ਥਿਊਰੀ ਦੀ ਸੁਮੇਲਤਾ ਦੀ ਥਾਂ ਵਿਰੋਧ ਹੋਰ ਕਿੰਨਾ ਕੁ ਚਿਰ ਪਾਣੀ ਦੇ ਵਹਿਣ ਦੇ ਉਲਟ ਧਾਰਾ ਵਿਚ ਤਰਨ ਦੀ ਖੁਸ਼ ਫਹਿਮੀ ਵਿਚ ਜੀਉਣ ਦੇਵੇਗਾ ? ਜਾਂ ਅਮਲ ਦੇ ਇਹਨਾਂ ਸਿੱਟਿਆਂ ਨੂੰ ਮੰਨਣ ਤੇ ਸਮਝਣ ਦੀ ਥਾਂ ਉਹ "ਅਰਦਾਸਾ ਸੋਧ ਕੇ ਪਿੱਛਾ ਦੇਖਣਾ ਸਿੱਖ ਦਾ ਧਰਮ ਨਹੀਂ" ਦੀ ਥੀਊਰੀ ਨੂੰ ਅਮਲੀ ਜਾਮਾ ਪਹਿਣਾ ਰਹੇ ਹਨ ?

ਜੇ ਸਰਕਾਰੀ ਅਦਾਰੇ ਜਮਹੂਰੀ ਇੱਛਾ ਦੇ ਜ਼ਖ਼ੀਰੇ ਨਹੀਂ (ਜਿਹੜੇ ਜਮਾਤੀ ਰਾਜ ਵਿਚ ਪੂਰੀ ਤਰ੍ਹਾਂ ਸੰਭਵ ਵੀ ਨਹੀਂ ਹੁੰਦੀ) ਤਾਂ ਕੀ ਲੜਾਈ ਇਹਨਾਂ ਤੋਂ ਪਾਸਾ ਵੱਟ ਕੇ ਲੰਘਣ ਦੀ ਹੈ ਜਾਂ ਇਹਨਾਂ ਨੂੰ ਜਮਹੂਰੀ ਬਣਾਉਣ ਵੱਲ ਧੱਕਣ ਦੀ ? ਕੀ ਪੀ.ਐਸ.ਯੂ ਨੇ ਆਪਣੇ ਜਨਮ ਤੋਂ ਲੈ ਕੇ ਅੱਜ ਤੱਕ ਕਿਸੇ ਮੈਮੋਰੰਡਮ, ਇਸ਼ਤਿਹਾਰ ਵਿਚ ਇਹਨਾਂ ਨੂੰ ਜਮਹੂਰੀ ਇੱਛਾ ਦੇ ਜ਼ਖ਼ੀਰੇ ਬਣਾਉਣ ਦੀ ਮੰਗ ਪਾਈ ? ਜਾਂ ਅੱਜ ਤੱਕ ਇਸ ਮੰਗ 'ਤੇ ਕਿਸੇ ਕੀਤੀ ਜਦੋ-ਜਹਿਦ ਦਾ ਹਵਾਲਾ ਦੇ ਸਕਦੇ ਹੋ ? ਸਗੋਂ ਇਸਦੇ ਉਲਟ ਵਿਦਿ-ਆਰਥੀ ਲਹਿਰ ਦੇ ਅਨੇਕਾਂ ਕੁਰਬਾਨੀਆਂ ਤੇ ਘੋਲਾਂ ਨਾਲ ਪ੍ਰਾਪਤ ਕੀਤੇ ਇਹਨਾਂ ਚੋਣਾਂ ਦੇ ਹੱਕ ਨੂੰ "ਮੁਕੰਮਲ ਰੱਦ" ਕਰਨ ਦੀ ਪਿਛਾਖੜੀ ਰਾਹ 'ਤੇ ਤੁਰਦੇ ਰਹੇ। ਇਸੇ ਲਈ ਬਾਈਕਾਟ ਦੇ ਨਾਹਰੇ ਦਾ ਹਸ਼ਰ ਤੇਜ਼ ਹਵਾ ਵਿਚ ਰੂੰ ਦੇ ਫੰਬਿਆਂ ਵਾਲਾ ਹੋਇਆ ਹੈ, ਜੋ ਪੰਜਾਬ ਦੀ ਵਿਦਿਆਰਥੀ ਲਹਿਰ ਦਾ ਪਰੱਪਕ ਚੇਤੰਨਤਾ ਦਾ ਪ੍ਰਤੀਕ ਹੈ। ਕੀ ਸਟੇਟ ਦੇ ਦੂਸਰੇ ਪ੍ਰਸ਼ਾਸਨਕਾਰੀ ਅਦਾਰੇ ਜਮਹੂਰੀ ਇੱਛਾ ਦੇ ਜ਼ਖ਼ੀਰੇ ਹਨ, ਜਿਨ੍ਹਾਂ ਵਿਚ ਪੀ.ਐਸ ਯੂ ਨਿਤਾ-ਪ੍ਰਤੀ ਜੀਵਨ ਵਿਚ ਹਿੱਸਾ ਲੈਂਦੀ ਹੈ (ਜਿਵੇਂ ਰੰਧਾਵਾ ਕਤਲ ਕੇਸ ਅਦਾਲਤ ਵਿਚ ਚਲਾਉਣਾ, ਜਿਸਨੇ ਵੀਹ ਸਾਲਾਂ ਦੀ ਸਜ਼ਾ ਦੋਸ਼ੀਆਂ ਨੂੰ ਦਿਤੀ ਹੈ)। ਜ਼ਿੰਦਗੀ ਦੇ ਇੰਨੇ ਲੰਬੇ ਅਰਸੇ ਵਿਚ ਵੀ ਖਲਾਅ ਵਿਚ ਤ੍ਰਿਸ਼ੰਕੂ ਵਾਂਗ ਲਟਕਦੇ ਨਾਹਰੇ ਦੀ ਹਾਲਤ ਤੇ ਹਕੀਕਤ ਤੋਂ ਮੁਨਕਰ ਹੋਣਾ ਕਿਸੇ ਜਥੇਬੰਦੀ ਦੀ ਤੁਹਾਡੇ ਸ਼ਬਦਾਂ ਵਿਚ 'ਸੂਝ' ਤੇ 'ਪਰਪੱਕਤਾ' ਦੀ ਨਿਸ਼ਾਨੀ ਹੈ ਪਰ ਪਟਵਾਰੀ ਸਾਹਿਬ, ਹਕੀਕਤਾਂ ਇਤਨੀਆਂ ਮੁਲਾਇਮ ਤੇ ਨਿਗੂਣੀਆਂ ਨਹੀਂ ਹੁੰਦੀਆਂ, ਜਿਹੜੀਆਂ ਪਾਣੀ ਦੀ ਉਲਟ ਧਾਰਾ ਵਿਚ ਤਰਨ ਵਾਲਿਆਂ ਨੂੰ "ਕੂਕਿਆਂ ਦੇ ਡੋਲ ਵਾਂਗੂ ਮਾਂਜੇ" ਤੋਂ ਬਿਨਾ ਲੰਘ ਜਾਣ ਦੇਣ।

**ਲਹਿਰ ਤੇ ਪ੍ਰਭਾਵ** : ਪੰਜਾਬ ਦੀ ਵਿਦਿਆਰਥੀ ਲਹਿਰ ਵੀ ਹਿੰਦੁਸਤਾਨ ਦੀ ਵਿਦਿਆਰਥੀ ਲਹਿਰ ਦਾ ਅਟੁਟ ਅੰਗ ਹੈ, ਜਿਹੜੀ ਤੀਹਵਿਆਂ ਵਿਚ ਸਾਮਰਾਜ ਦੇ ਖ਼ਿਲਾਫ਼ ਉਠੇ ਕੌਮ-ਵਿਆਪੀ ਜ਼ਬਰਦਸਤ ਜਨਤਕ ਪ੍ਰਭਾਵ ਵਿਚੋਂ ਜਨਮੀ। ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ ਦੇ ਨਾਂ ਥੱਲੇ ਇਸ ਵਿਚ ਦੇਸ਼ ਪੈਮਾਨੇ 'ਤੇ 'ਕੌਮੀ' ਤੇ 'ਜਮਹੂਰੀ' ਆਸ਼ਿਆਂ ਵਾਲੇ ਵਿਦਿਆਰਥੀ ਸ਼ਾਮਲ ਸਨ। ਦੇਸ਼-ਪੈਮਾਨੇ ਦੀ ਇਹ ਪਹਿਲੀ ਵਿਦਿਆਰਥੀ ਜਥੇਬੰਦੀ ਸੀ, ਜੋ ਅਕਤੂਬਰ ਇਨਕਲਾਬ ਦੇ ਸੰਸਾਰ-ਵਿਆਪੀ ਪ੍ਰਭਾਵ ਦੇ ਸਿੱਟੇ ਵਜੋਂ ਮਾਰਕਸਵਾਦ ਲੈਨਿਨਵਾਦ ਤੇ ਕੌਮੀ ਮੁਕਤੀ ਦੀਆਂ ਲਹਿਰਾਂ ਤੋਂ ਪ੍ਰਭਾਵਤ ਸੀ। ਇਸ ਤੋਂ ਪਹਿਲਾਂ ਭਗਤ ਸਿੰਘ ਦੀ ਅਗਵਾਈ ਵਾਲਾ ਨੌਜਵਾਨਾਂ ਦਾ ਕਾਫ਼ਲਾ ਵੀ



ਮਾਰਕਸਵਾਦ ਲੈਨਿਨਵਾਦ ਰਾਹੀਂ ਆਮਿਆਏ ਦਰਿਪੇਸ਼ ਮਸਲਿਆਂ ਦੇ ਹੱਲ ਦੇ ਅਸੂਲਾਂ ਨੂੰ ਸਮਝਣ ਵਿਚ ਸਫਲ ਹੋਇਆ ਸੀ। ਇਸ ਜਥੇਬੰਦੀ ਦੀ ਅਗਵਾਈ ਵਿਚ ਵਿਦਿਆਰਥੀਆਂ ਨੇ ਅਵਾਮੀ ਉਭਾਰ ਦੇ ਸਾਮਰਾਜ-ਵਿਰੋਧੀ ਪਿੜ ਵਿਚ ਅਹਿਮ ਰੋਲ ਅਦਾ ਕੀਤਾ। ਆਜ਼ਾਦੀ ਤੋਂ ਬਾਅਦ ਭਾਵੇਂ ਇਸ ਲਹਿਰ ਨੂੰ ਖਤਮ ਕਰਨ ਦੀਆਂ ਸ਼ਾਸਕਾਂ ਵਲੋਂ ਦਲੀਲਾਂ ਆਈਆਂ, ਪਰੰਤੂ ਇਹਨਾਂ ਪੰਦਰਾਂ ਸਾਲਾਂ ਵਿਚ ਉਸਰੀ (1936 ਤੋਂ ਲੈ ਕੇ) ਇਹ ਲਹਿਰ ਅੱਗੇ ਵਧੂ, ਸਮਾਜਵਾਦੀ ਰੁਖ਼ ਦੀ ਚੇਤਨਾ ਅਤੇ ਸੰਸਾਰ ਦੀ ਇਨਕਲਾਬੀ ਲਹਿਰ ਤੇ ਕੌਮ-ਵਿਆਪੀ ਲੋਕ-ਲਹਿਰਾਂ ਨਾਲ ਪੈਦਾ ਹੋਏ ਨੇੜਲੇ ਰਿਸ਼ਤੇ ਕਾਰਨ ਵਧੇਰੇ ਵਿਕਸਤ ਹੁੰਦੀ ਅੱਗੇ ਵਧਦੀ ਰਹੀ।

ਇਸ ਨੇ ਕੌਮਾਂਤਰੀ ਭਾਈਚਾਰਾ ਸਥਾਪਤ ਕਰਨ ਲਈ ਅਤੇ ਖਾਸ ਕਰ ਕੌਮੀ ਮੁਕਤੀ ਲਹਿਰ ਦੇ ਵਿਦਿਆਰਥੀਆਂ ਨਾਲ ਆਪਣਾ ਨੇੜਲਾ ਰਿਸ਼ਤਾ ਕਾਇਮ ਕਰਨ ਕਰ ਕੇ ਸੰਸਾਰ ਪੈਮਾਨੇ 'ਤੇ ਸਾਮਰਾਜ-ਵਿਰੋਧ ਦੀ ਤਿੱਖੀ ਹੋ ਰਹੀ ਲਹਿਰ ਦਾ ਸਰਗਰਮ ਅੰਗ ਬਣਨ ਲਈ ਇੰਟਰਨੈਸ਼ਨਲ ਯੂਨੀਅਨ ਆਫ ਸਟੂਡੈਂਟਸ ਅਤੇ ਵਰਲਡ ਫੈਡਰੇਸ਼ਨ ਆਫ ਡੈਮੋਕਰੇਟਿਕ ਯੂਥ ਦਾ ਮੈਂਬਰ ਬਣਨ ਦਾ ਮਾਣ ਹਾਸਲ ਕੀਤਾ। ਜਿਸ ਦੇ ਸਿੱਟੇ ਵਜੋਂ ਹਿੰਦੁਸਤਾਨ ਦੀ ਵਿਦਿਆਰਥੀ ਲਹਿਰ ਨੇ ਅਮਰੀਕੀ ਸਾਮਰਾਜ ਤੇ ਇਸ ਦੇ ਹਮਜੋਲੀਆਂ ਦੇ ਖਿਲਾਫ ਚਲੇ ਲਾਤੀਨੀ ਅਮਰੀਕਾ, ਦੱਖਣੀ ਅਫਰੀਕਾ ਤੇ ਏਸ਼ੀਆ ਦੇ ਖਿਤੇ ਵਿਚ ਕੌਮੀ ਮੁਕਤੀ ਸੰਘਰਸ਼ਾਂ ਦਾ ਡਟ ਕੇ ਸਮਰਥਨ ਦਿਤਾ। ਦੱਖਣੀ ਅਫਰੀਕਾ ਦੀਆਂ ਨਸਲਵਾਦ ਵਿਰੋਧੀ ਲਹਿਰਾਂ, ਏਸ਼ੀਆ ਵਿਚ ਵੀਅਤਨਾਮ, ਕੰਮਪੂਚੀਆ, ਬੰਗਲਾ ਦੇਸ਼ ਦੀਆਂ ਆਜ਼ਾਦੀ ਲਹਿਰਾਂ, ਫਲਸਤੀਨੀ ਸੰਗਰਾਮ ਤੇ ਅਫਗਾਨਿਸਤਾਨ ਦੇ ਇਨਕਲਾਬ ਦੀ ਹਿਮਾਇਤ ਕੀਤੀ। ਇਹਨਾਂ ਦੇਸ਼ਾਂ ਦੇ ਡੈਲੀਗੇਸ਼ਨਾਂ ਨੂੰ ਭਾਰਤ ਸੱਦ ਕੇ ਮੀਟਿੰਗਾਂ, ਰੈਲੀਆਂ, ਪਬਲਿਕ ਜਲਸੇ, ਨੁਮਾਇਸ਼ਾਂ, ਸੈਮੀਨਾਰਾਂ, ਪ੍ਰੈਸ-ਕਾਨਫਰੰਸਾਂ ਤੇ ਹੋਰ ਸਾਧਨਾਂ ਰਾਹੀਂ ਇਹਨਾਂ ਕੌਮੀ ਮੁਕਤੀ ਲਹਿਰਾਂ ਤੇ ਇਨਕਲਾਬੀ ਲਹਿਰਾਂ ਤੋਂ ਆਪਣੇ ਵਿਦਿਆਰਥੀਆਂ ਤੇ ਲੋਕਾਂ ਨੂੰ ਚੇਤੰਨ ਕੀਤਾ। ਅਤੇ ਦੇਸ਼ ਦੀ ਵਿਦਿਆਰਥੀ ਲਹਿਰ ਨੂੰ 'ਖੂਹ ਦਾ ਡੱਡੂ' ਨਾ ਬਣਾ ਕੇ ਕੌਮਾਂਤਰੀ ਸਾਮਰਾਜ-ਵਿਰੋਧੀ ਲਹਿਰ ਵਿਚ ਸਰਗਰਮ ਕਰ ਕੇ ਚੇਤੰਨ ਕੀਤਾ ਅਤੇ ਪੰਜਾਬ ਦੀ ਵਿਦਿਆਰਥੀ ਲਹਿਰ ਨੇ ਹਮੇਸ਼ਾਂ ਹੀ ਇਹਨਾਂ ਸਰਗਰਮੀਆਂ ਵਿਚ ਵਧ ਚੜ੍ਹ ਕੇ ਹਿੱਸਾ ਲਿਆ। ਅਤੇ ਸਾਮਰਾਜ-ਪੱਖੀਆਂ ਦੇ ਸਿੱਧੇ ਜਾਂ 'ਵਿੰਗੇ' ਮਨਸੂਬਿਆਂ ਨੂੰ ਹਮੇਸ਼ਾਂ ਹੀ ਨੰਗਾ ਕਰ ਕੇ ਉਚੀ ਚੇਤੰਨਤਾ ਦਾ ਸਬੂਤ ਦਿਤਾ।

ਸੰਪਾਦਕੀ ਟਿਪਣੀ : ਸੰਪਾਦਕੀ ਟਿਪਣੀ ਉਚੇ ਆਦਰਸ਼ਾਂ ਪਰ ਗਲਤ ਵਿਚਾਰਧਾਰਕ ਸਿਆਸੀ ਪੁਜ਼ੀਸ਼ਨਾਂ ਦੇ ਵਿਰੋਧ ਵਿਚੋਂ, ਲਾਜ਼ਮੀ ਸਿੱਟੇ ਦੇ ਤੌਰ 'ਤੇ ਪੰਜਾਬ ਦੀ ਵਿਦਿਆਰਥੀ ਲਹਿਰ ਦੇ ਇਕ ਹਿੱਸੇ, (ਜਿਸ ਨੇ ਆਪਣੀ ਬੁਨਿਆਦ ਬਚਗਾਨਾਂ ਸਿਆਸੀ ਮਾਹਰਕੇਬਾਜ਼ੀ 'ਤੇ ਰਖੀ) ਵਿਚੋਂ ਉਭਰੇ ਵਿਦਿਆਰਥੀ ਨੇਤਾਵਾਂ ਬਾਰੇ ਤਾਂ ਸੱਚ ਹੈ, ਪਰ ਸਾਮਰਾਜ-ਵਿਰੋਧੀ, ਫਾਸ਼ੀ-ਵਿਰੋਧੀ, ਸਮਾਜਵਾਦੀ ਵਿਚਾਰਾਂ ਨਾਲ ਲੈਸ, ਢੁਕਵੀਂ ਤੇ ਇਨਕਲਾਬੀ ਲਹਿਰ ਦੇ ਲੰਬੇ ਤਜਰਬੇ ਰਾਹੀਂ ਪਰਖੀ ਤੇ ਕਠੋਰ ਪ੍ਰਸਥਿਤੀਆਂ ਦੇ ਦਰੁਸਤ ਵਿਸ਼ਲੇਸ਼ਣ ਵਾਲੀ ਸਿਆਸਤ ਨਾਲ ਵਿਦਿਆਰਥੀ ਜਥੇਬੰਦੀ ਤੇ ਲਹਿਰ ਨੇ ਇਕ ਨਹੀਂ ਅਨੇਕਾਂ 'ਰੌਸ਼ਨ ਦਿਮਾਗ' ਘੁਲਾਟੀਏ ਤੇ 'ਜਥੇਬੰਦਕ' ਇਨਕਲਾਬੀ ਲਹਿਰ ਨੂੰ ਦਿਤੇ ਹਨ, ਜਿਹੜੇ ਦੇਸ਼ ਦੀ ਖੱਬੇ ਪੱਖੀ ਲਹਿਰ ਵਿਚ ਪੇਸ਼ਾਵਰ ਇਨਕਲਾਬੀ ਦੇ ਤੌਰ 'ਤੇ ਸਰਗਰਮ ਹਨ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਬੁਰਜੂਆ ਢਾਂਚੇ ਵਿਚ ਨਿਕ-ਬੁਰਜੂਆ ਮਾਨਸਿਕਤਾ, ਜਿਸ ਦੇ ਮੁਖ ਲੱਛਣ ਇਨਕਲਾਬੀ ਰੁਮਾਂਚਿਕਤਾ, ਕਾਹਲਾਪਣ, ਅਰਾਜਕਤਾ ਅਤੇ ਮਾਹਰਕੇਬਾਜ਼ੀ ਆਦਿ ਹੁੰਦੇ ਹਨ, ਸੰਕਟ ਦੇ ਡੂੰਘਾ ਹੋਣ ਨਾਲ ਵਧੇਰੇ ਤੋਂ ਵਧੇਰੇ ਗਿਣਤੀ ਵਿਚ ਲਹਿਰ ਵਿਚ ਕੁਦਦੇ ਹਨ ਅਤੇ

ਉਨ੍ਹਾਂ ਦਾ ਨਿਕ-ਬੁਰਜੁਆ ਇਨਕਲਾਬੀਵਾਦ ਦਾ ਬੁਖਾਰ ਕਠੋਰ ਤੇ ਯਥਾਰਥਕ ਪ੍ਰਸਥਿਤੀਆਂ ਨਾਲ ਟਕਰਾ ਕੇ ਜਲਦੀ ਹੀ ਲਹਿਣਾ ਸ਼ੁਰੂ ਹੋ ਜਾਂਦਾ ਹੈ। ਇਹ ਲਹਿਰਾਂ ਭਾਵੇਂ ਵਕਤੀ ਤੌਰ 'ਤੇ ਕਈ ਵਾਰ ਬੜੀ ਤੇਜ਼ੀ ਨਾਲ ਉਭਰਦੀਆਂ ਹਨ। ਸਰਮਾਏਦਾਰੀ ਇਹੋ ਜਿਹੇ ਨਿਕ-ਬੁਰਜੁਆ ਇਨਕਲਾਬੀਆਂ ਨੂੰ ਸਰਮਾਏਦਾਰੀ ਪ੍ਰਬੰਧ 'ਤੇ ਸੱਟ ਮਾਰਨ ਵਾਲੀ ਧਾਰ ਦੇ ਖ਼ਿਲਾਫ਼ ਖੜਾ ਕਰਨ ਲਈ ਸਰਮਾਏਦਾਰੀ ਪ੍ਰੈਸ ਅਤੇ ਹੋਰ ਵਸੀਲਿਆਂ ਰਾਹੀਂ ਇਹਨਾਂ ਨੇਤਾਵਾਂ ਨੂੰ ਉਭਾਰ ਕੇ ਪੇਸ਼ ਕਰਦੀ ਹੈ। ਜਿਵੇਂ 1968 'ਚ "ਫਰਾਂਸ ਵਿਚ ਵਿਦਿਆਰਥੀ ਹਲਚਲ" ਵਕਤ ਕੋਹਿਨ ਬੈਂਦਿਤ ਨੂੰ ਟੀ.ਵੀ. ਤੇ ਰੇਡੀਓ ਰਾਹੀਂ ਹਰਮਨ ਪਿਆਰਾ ਬਣਾਉਣ ਦੇ ਜਤਨ ਖ਼ੁਦ ਬੁਰਜੁਆ ਸਰਕਾਰਾਂ ਨੇ ਕੀਤੇ। ਅਤੇ ਇਸੇ ਤਰ੍ਹਾਂ ਇਨ੍ਹਾਂ ਦੇ ਹੋਰ ਸਿਧਾਂਤਕਾਰਾਂ ਨੂੰ ਪ੍ਰਚਾਰਨ ਲਈ ਵੀ ਉਨ੍ਹਾਂ ਡੂੰਘੀ ਦਿਲਚਸਪੀ ਲਈ। ਵਿਦਿਆਰਥੀ ਲਹਿਰ ਸੰਸਾਰ ਸਾਮਰਾਜ-ਵਿਰੁਧ ਇਕ ਅਹਿਮ ਅਨਸਰ ਵਜੋਂ ਉਭਰ ਕੇ ਸਾਹਮਣੇ ਆਈ; ਜਿਸ ਤੋਂ ਭੈਭੀਤ ਹੋ ਕੇ ਤੇ ਇਸ ਦੀ ਵਧ ਰਹੀ ਏਕਤਾ ਤੇ ਚੇਤੰਨਤਾ ਨੂੰ ਖੇਰੂ ਖੇਰੂ ਕਰਨ ਲਈ ਸੰਸਾਰ ਪੱਧਰ 'ਤੇ ਸਰਮਾਏਦਾਰੀ ਪ੍ਰਬੰਧ ਦੇ ਰਖਵਾਲਿਆਂ ਨੇ ਕਈ ਜਤਨ ਕੀਤੇ।

ਵਿਚਾਰਧਾਰਕ ਖੇਤਰ ਵਿਚ (ਜਿਸ ਖੇਤਰ ਵਿਚ ਵਿਦਿਆਰਥੀਆਂ ਪਰਤੀ ਤਕੜੀ ਦਿਲਚਸਪੀ ਲਈ ਜਾਂਦੀ ਹੈ) ਬੁਰਜਆ ਸਿਧਾਂਤਕਾਰਾਂ ਨੇ ਕਰੋੜਾਂ ਰੁਪਏ ਰੋੜ੍ਹ ਕੇ ਆਪਣੇ ਮੰਤਵਾਂ ਦੀ ਪੂਰਤੀ ਕਰਨੀ ਚਾਹੀ ਪਰ ਉਹ ਕੋਈ ਜ਼ਿਕਰਯੋਗ ਪ੍ਰਾਪਤੀ ਨਾ ਕਰ ਸਕੇ। ਇਸ ਦੇ ਰਾਹ ਵਿਚ ਅਗੇ ਵਧੂ ਲਹਿਰ ਦਾ ਸ਼ਕਤੀਸ਼ਾਲੀ ਹੋਣਾ ਬਹੁਤ ਵੱਡਾ ਅੜਿੱਕਾ ਸੀ। ਅੰਤਰਰਾਸ਼ਟਰੀ ਪੱਧਰ 'ਤੇ ਵੀ ਅਤੇ ਕੌਮੀ ਪੱਧਰ 'ਤੇ ਵੀ ਪੰਜਾਬ ਦੀ ਵਿਦਿਆਰਥੀ ਲਹਿਰ ਇਸ ਪ੍ਰਭਾਵ ਤੋਂ ਕਿਵੇਂ ਮੁਕਤ ਰਹਿ ਸਕਦੀ ਸੀ। ਪੰਜਾਬ ਵਿਚ 1967 ਤੋਂ ਪਹਿਲਾਂ ਤੇ ਕਮਿਊਨਿਸਟ ਲਹਿਰ ਦੀ ਫੁਟ ਤੋਂ ਬਾਅਦ ਵਿਦਿਆਰਥੀ ਲਹਿਰ ਇਕ-ਮੁਠ ਸੀ ਪਰ 1967 ਤੋਂ ਲੈ ਕੇ ਇਕੱਲੀ ਪੀ. ਐਸ. ਯੂ. ਦੇ ਹੀ ਛੇ ਟੋਟੇ ਹੋ ਗਏ। ਯਕੀਨਨ ਇਸ ਅੱਡੋਪਾਟੀ ਨੇ ਲਹਿਰ ਦੀ ਵਧਦੀ ਚੇਤਨਤਾ ਦੇ ਰਾਹ ਵਿਚ ਅਥਾਹ ਭਾਵੇਂ ਵਕਤੀ ਅੜਿਚਨਾਂ ਡਾਹੀਆਂ ਅਤੇ ਨਿਰਾਸ਼ਾ ਅਤੇ ਵਿਸ਼ਾਦ ਦੀ ਖੱਡ ਵਿਚ ਕੁਝ ਗਿਣਤੀ ਦੇ ਵਿਦਿਆਰਥੀਆਂ ਨੂੰ ਸੁਟਿਆ। ਇਸ ਫੁੱਟ ਨੇ ਪੰਜਾਬ ਦੀ ਵਿਦਿਆਰਥੀ ਲਹਿਰ ਵਿਚ ਭਿਆਨਕ ਬੀਮਾਰੀ ਨੂੰ ਜਨਮ ਦਿਤਾ। ਇਸ ਦੇ ਕਾਰਨਾਂ ਨੂੰ ਢੂੰਡਣ ਅਤੇ ਇਸ ਬੀਮਾਰੀ 'ਤੇ ਕਾਬੂ ਪਾਉਣ ਲਈ ਅੱਗੇ ਪਿਛੇ ਦੀ ਫੋਲਾਫਾਲੀ ਕਰਨਾ ਅਤਿਅੰਤ ਲੋੜੀਂਦਾ ਹੈ। ਸੱਠਵਿਆਂ ਦੇ ਸ਼ੁਰੂ ਤੋਂ ਇਹ ਅੰਤਰਰਾਸ਼ਟਰੀ ਵਰਤਾਰੇ ਦੇ ਤੌਰ 'ਤੇ ਉਭਰਿਆ ਹੈ। ਇਸ ਦਾ ਇਕ ਹੋਰ ਕਾਰਨ ਵਧੇਰੇ ਮਾਤਰਾ ਵਿਚ ਗ਼ੈਰ-ਪਰੋਲਤਾਰੀ ਜਮਾਤਾਂ ਦਾ 'ਸਥਾਪਤੀ' ਵਿਰੁਧ ਕੁਦਣਾ ਵੀ ਹੈ। ਰੋਸ ਦਾ ਮੂਲ ਤੱਤ ਅਤੇ ਪ੍ਰਗਟਾ ਵਖ ਵਖ ਜਮਾਤਾਂ ਆਪਣੀ ਆਪਣੀ ਜਮਾਤੀ ਚੇਤਨਤਾ ਅਨੁਸਾਰ ਵਖ ਵਖ ਢੰਗਾਂ ਨਾਲ ਕਰਦੀਆਂ ਹਨ। ਸਰਮ ਏਦਾਰੀ ਦੇ ਆਮ ਸੰਕਟ ਦੇ ਅਜੋਕੇ ਪੜਾਅ 'ਤੇ ਰੋਸ ਦਾ ਜਿਹੜਾ ਲਾਵਾ ਫੁਟਿਆ ਉਸ ਵਿਚ, ਅਰਾਜਕਤਾ, (ਕੋਈ ਵਿਚਾਰਧਾਰਾ ਨਹੀਂ), ਕੋਈ ਸਿਆਸਤ ਨਹੀਂ"), 'ਵਿਦਿਆਰਥੀ ਇਨਕਲਾਬ ਦਾ ਮੁਹਰਲਾ ਦਸਤਾ ਹਨ", "ਪੀੜ੍ਹੀਆਂ ਦਾ ਪਾੜਾ", "ਯੁਵਾ ਸ਼ਕਤੀ", "ਔਰਤ ਦੀ ਆਜ਼ਾਦੀ" ਦੇ ਅਨੇਕਾਂ ਨਾਹਰਿਆਂ ਹੇਠ ਰੋਸ-ਲਹਿਰ ਦੀਆਂ ਬੇਅੰਤ ਵਿਰੋਧਤਾਈਆਂ ਨੂੰ ਵਰਤ ਕੇ ਸੰਸਾਰ ਸਾਮਰਾਜ ਨੇ ਇਸ ਗ਼ੈਰ-ਜਥੇਬੰਦ ਲਹਿਰ ਨੂੰ ਕਮਿਊਨਿਸਟ ਵਿਰੋਧ ਦੀ ਪਟੜੀ ਚਾੜ੍ਹ ਆਪਣੀ ਖੱਲ ਬਚਾਉਣ ਲਈ ਸਾਰਾ ਤਾਣ ਲਾ ਦਿਤਾ।

ਉਪ੍ਰੋਕਤ ਚਰਚਾ ਤੋਂ ਭਲੀ ਭਾਂਤ ਪੰਜਾਬ ਦੀ ਵਿਦਿਆਰਥੀ ਲਹਿਰ ਵਿਚ ਪਾਏ ਜਾਂਦੇ ਰੁਝਾਨਾਂ, ਮੌਜੂਦਾ ਸਥਿਤੀ, ਭਵਿਖੀ ਸੰਭਾਵਨਾਵਾਂ ਬਾਰੇ ਸਿੱਟੇ ਕੱਢੇ ਜਾ ਸਕਦੇ ਹਨ। ਪਿਛਲੇ ਕੁਝ ਸਾਲਾਂ ਵਿਚ



ਏ.ਆਈ.ਐਸ.ਐਫ, ਐਸ.ਐਫ.ਆਈ, ਅਤੇ ਪੀ.ਐਸ.ਯੂ. ਦੇ ਇਕ ਗਰੁਪ ਨੇ ਕੁਝ ਸਾਂਝੇ ਐਕਸ਼ਨ ਕੀਤੇ ਅਤੇ ਏਕਤਾ ਉਸਾਰਨ ਵਲ ਨਿਗਰ ਕਦਮ ਚੁਕੇ ਜਿਨ੍ਹਾਂ ਨੂੰ ਵਿਦਿਆਰਥੀ ਵਰਗ ਵਿਚੋਂ ਤਕੜਾ ਹੁੰਗਾਰਾ ਮਿਲਿਆ। ਪ੍ਰੰਤੂ ਸਮੁਚੀਆਂ ਖੱਬੇ ਪੱਖੀ ਜਥੇਬੰਦੀਆਂ ਦੀ ਏਕਤਾ (ਘਟੋ ਘਟ ਪ੍ਰੋਗਰਾਮ 'ਤੇ) ਨਾ ਹੋਣ ਕਰ ਕੇ ਕੋਈ ਇਕ ਜਥੇਬੰਦੀ ਸਮੁੱਚੇ ਪੰਜਾਬ ਦੇ ਵਿਦਿਆਰਥੀਆਂ ਨੂੰ ਲਾਮਬੰਦ ਕਰਨ ਜਾਂ ਉਨ੍ਹਾਂ ਦੀ ਅਗਵਾਈ ਦਾ ਸਿਹਰਾ ਆਪਣੇ ਸਿਰ ਬੰਨ੍ਹਣ ਦੀ ਕੋਸ਼ਿਸ਼ ਕਰੇ ਤਾਂ ਇਹ ਧਰਤੀ 'ਤੇ ਨਹੀਂ, ਸਮੁੰਦਰ ਦੀਆਂ ਲਹਿਰਾਂ 'ਤੇ ਤੁਰਨ ਦਾ ਹਾਸੋਹੀਣਾ ਦਾਹਵਾ ਹੋਵੇਗਾ। ਇਨ੍ਹਾਂ ਖਬੇ ਪੱਖੀ ਜਥੇਬੰਦੀਆ ਦੀ ਏਕਤਾ ਪੰਜਾਬ ਦੇ 85 ਫੀ ਸਦੀ ਤੋਂ ਵੀ ਵਧ ਵਿਦਿਆਰਥੀਆਂ ਨੂੰ ਸਰਗਰਮੀ ਨਾਲ ਆਪਣੀ ਲਪੇਟ ਵਿਚ ਲੈਣ ਦੀ ਸਮਰਥਾ ਰਖਦੀ ਹੈ, ਪਰ ਇਸ ਅਮਲ ਦੀ ਏਕਤਾ ਨੂੰ ਉਸਾਰਨਾ ਕੋਈ ਏਨਾ ਸੌਖਾ ਕੰਮ ਨਹੀਂ। ਇਸ ਵਿਚ ਵਿਚਾਰਧਾਰਕ ਏਕਤਾ ਵੀ ਬਹੁਤ ਵਡਾ ਰੋਲਾ ਅਦਾ ਕਰਦੀ ਹੈ। ਉਲਟ ਵਿਚਾਰਧਾਰਕ ਪੁਜ਼ੀਸ਼ਨਾਂ ਵਾਲੇ ਕਾਰਕੁਨਾਂ ਨੂੰ ਏਕਤਾ ਵਾਲੇ ਵਿਚਾਰਧਾਰਕ ਨੁਕਤਿਆਂ ਨਾਲ ਇਕਮਿਕ ਰਖਣਾ ਸੰਭਵ ਨਹੀਂ ਸੀ। ਤਜਰਬੇ ਨੇ ਐਸ.ਐਫ.ਆਈ ਨੂੰ ਵੀ ਚੀਨ ਪ੍ਰਤੀ ਆਪਣਾ ਹੇਜ ਛਡ ਦੇਣ ਉਤੇ ਮਜਬੂਰ ਕਰ ਦਿਤਾ। ਵਖ ਵਖ ਵਿਦਿਆਰਥੀ ਜਥੇਬੰਦੀਆਂ ਦੇ ਇਕੱਠੇ ਹੋਣ ਲਈ ਰਾਹ ਖੁਲ੍ਹਿਆ ਹੈ ਜਿਸ ਨਾਲ ਇਹ ਸਾਂਝੀ ਏਕਤਾ ਦੀਆਂ ਕੁਝ ਨਿਗਰ ਪ੍ਰਾਪਤੀਆਂ ਵੀ ਹੋਈਆਂ ਹਨ ਜਿਵੇਂ ਬੱਸ ਕਿਰਾਇਆ ਅੰਦੋਲਨ ਵਿਚ ਦੋਵਾਂ ਜਥੇਬੰਦੀਆਂ ਦੀ ਸਾਂਝੀ ਏਕਤਾ ਦੇ ਬਲਬੋਤੇ ਪੰਜਾਬ ਦੀ ਵਿਦਿਆਰਥੀ ਲਹਿਰ ਨੇ 9-11-12 ਅਤੇ 14 ਨਵੰਬਰ ਦੇ ਬੇਮਿਸਾਲ ਐਕਸ਼ਨਾਂ ਨਾਲ ਸਰਕਾਰ ਦ ਗੋਡੇ ਟਿਕਾ ਕੇ ਵਿਦਿਆਰਥੀ 'ਤੇ ਵੀ ਵਧੇ ਕਿਰਾਇਆਂ ਦੇ ਲਾਗੂ ਹੋਣ ਨੀਤੀ ਨੂੰ ਵਾਪਸ ਲੈਣ ਲਈ ਮਜਬੂਰ ਕੀਤਾ ਹੈ। ਅਜ ਕੋਈ ਵੀ ਵਿਦਿਆਰਥੀ ਜਥੇਬੰਦੀ, ਵਿਦਿਆਰਥੀ ਵਰਗ, ਧਰਮ ਨਿਰਪੇਖ, ਸਾਮਰਾਜ-ਵਿਰੋਧੀ, ਜਮਹੂਰੀ ਖ਼ਾਹਿਸ਼ ਦੇ (ਜੋ ਲੰਮੇ ਘੋਲ ਦੌਰਾਨ ਇੰਨੀ ਮਜ਼ਬੂਤ ਹੋਈ ਹੈ) ਦੇ ਖ਼ਿਲਾਫ਼ ਜਾਣ ਦੀ ਜੁਰਅਤ ਨਹੀਂ ਕਰ ਸਕਦੀ। ਇਸੇ ਕਾਰਨ ਵਿਦਿਆਰਥੀ ਏਕਤਾ ਦਾ ਨਾਹਰਾ ਇੰਨੀ ਪ੍ਰਬਲਤਾ ਨਾਲ ਉਭਰ ਕੇ ਸਾਹਮਣੇ ਆਇਆ ਹੈ। ਇਹ ਨਾਹਰਾ ਭਵਿਖ ਵਿਚ ਸਮੂਰਤ ਵੀ ਹੋਵੇਗਾ।

---

Bhagwan Josh
COMMUNIST MOVEMENT IN PUNJAB (1926-47)
The only book of its kind on the subject...factual, analytical...at places showing brilliant insight into what-has been and what-could-have-been the communist movement in the Punjab and, for that matter, in India.
Hardbound, pages 220, price : Rs. 60
Order your copy to SEDH, A-42, Defence Colony, N. Delhi-24.

---

Send subscriptions & donations to :
* HARJIT DAUDHARIA
12, SPRING DALE, EARLEY
READING, BERKS,
ENGLAND
* Mr. G S. TIWANA
APT. NO.1201
60, STEVENSON Rd.
REXDALE (ONT)
CANADA

Price : Rs. 2.00 per copy
Subscription :
Annual (India) : Rs. 20
U.K.. U.S.A.. Canada : Rs. 100 (By air)
(Pakistan) : Rs. 40
Life membership : Rs. 200 (India)
Rs. 1,000 (Foreign)

"ਰਣਜੀਤ ਸਿੰਘ ਦੀ ਸਟੇਟ ਸਰਬਤ ਦੀ ਆਜ਼ਾਦੀ ਦੇ ਪੈਂਤੜੇ ਵਾਲਿਆਂ ਦੀ ਸਟੇਟ ਬਿਲਕੁਲ ਨਹੀਂ ਸੀ। ਉਹ ਸੌ ਫੀ ਸਦੀ ਫਿਊਡਲ ਸਟੇਟ ਸੀ।"

## ਸਿਖੀ ਵਿਚ ਸਟੇਟ ਦਾ ਮਸਲਾ–2

ਕਿਸ਼ਨ ਸਿੰਘ

ਸਿੱਖ ਲਹਿਰ ਦੇ ਇਤਿਹਾਸਕਾਰਾਂ ਨੇ ਇਸ ਲੇਖ ਦੇ ਪਹਿਲੇ ਭਾਗ ਵਿਚ ਦਸੀਆਂ ਗਈਆਂ ਗਲਤੀਆਂ ਤੋਂ ਇਲਾਵਾ ਦੋ ਹੋਰ ਗਲਤੀਆਂ ਕੀਤੀਆਂ ਹਨ।

ਪਹਿਲੀ ਇਹ ਕਿ ਉਹਨਾਂ ਨੇ ਗੁਰੂ ਨਾਨਕ ਤੋਂ ਲੈ ਕੇ ਰਣਜੀਤ ਸਿੰਘ ਤਕ ਲਹਿਰ ਨੂੰ ਇਕ ਬਣਾ ਧਰਿਆ ਹੈ ਅਤੇ ਇਸ ਤਰ੍ਹਾਂ ਰਣਜੀਤ ਸਿੰਘ ਤੇ ਉਸ ਦੀ ਸਟੇਟ ਨੂੰ ਗੁਰੂ ਸਾਹਿਬਾਨ ਦੀ ਚਲਾਈ ਲਹਿਰ ਦਾ ਸਿਖਰ ਇਸ ਗਲਤੀ ਦੇ ਅਧੀਨ ਉਹਨਾਂ ਰਣਜੀਤ ਸਿੰਘ ਦੀ ਸਟੇਟ ਨੂੰ ਹੀ ਸਿੱਖ ਸਟੇਟ ਬਣਾ ਤੋਰਿਆ ਹੈ। ਇਹ ਪੁਜ਼ੀਸ਼ਨ ਬਿਲਕੁਲ ਗਲਤ ਹੈ। ਅਸੀਂ ਇਹ ਤੱਥ ਬਾਰ ਬਾਰ ਸਪਸ਼ਟ ਕਰ ਚੁਕੇ ਹਾਂ ਕਿ ਗੁਰੂ ਸਾਹਿਬਾਨ ਦੀ ਅਗਵਾਈ ਹੇਠ ਲਹਿਰ ਫਿਊਡਲ ਨਿਜ਼ਾਮ ਤੇ ਉਸ ਦੀ ਸਟੇਟ ਦੇ ਵਿਰੁਧ, ਸਰਬਤ ਦੀ ਆਜ਼ਾਦੀ ਦੇ ਪੈਂਤੜੇ ਤੋਂ ਕਿਸਾਨਾਂ, ਕਾਰੀਗਰਾਂ, ਕੰਮੀਆਂ ਤੇ ਕਾਮਿਆਂ ਆਦਿ ਦੀ, ਬ੍ਰਾਹਮਣੀ ਸਮਾਜ ਦੇ ਸ਼ੂਦਰਾਂ ਆਦਿ ਦੀ ਇਨਕਲਾਬੀ ਲਹਿਰ ਸੀ। ਇਹ ਲਹਿਰ ਨਾ ਸਿਰਫ ਗੁਰੂ ਸਾਹਿਬਾਨ ਦੀ ਅਗਵਾਈ ਹੇਠ ਹੀ ਸਰਬਤ ਦੀ ਆਜ਼ਾਦੀ ਦੇ ਪੈਂਤੜੇ 'ਤੇ ਰਹੀ; ਬਲਕਿ ਗੁਰੂ ਸਾਹਿਬਾਨ ਦੇ ਮਗਰੋਂ ਵੀ ਤੱਤ ਖਾਲਸੇ ਨੇ ਕੋਈ ਅੱਧੀ ਸਦੀ ਤੋਂ ਉਪਰ ਸਰਬਤ ਦੀ ਆਜ਼ਾਦੀ ਦੇ ਪੈਂਤੜੇ ਤੋਂ ਉਹ ਗੁਰੀਲਾ ਜੰਗ ਕੀਤੀ ਜਿਸ ਦੀ ਮਿਸਾਲ ਹਿੰਦੁਸਤਾਨ ਦੀ ਹਜ਼ਾਰਾਂ ਸਾਲਾਂ ਦੀ ਲੰਮੀ ਤਾਰੀਖ ਵਿਚ ਹੋਰ ਕਿਧਰੇ ਨਹੀਂ ਮਿਲਦੀ। ਪਰ ਚੂੰਕਿ ਪਦਾਰਥਕ ਹਾਲਾਤ[1] ਸਰਬਤ ਦੀ ਆਜ਼ਾਦੀ ਵਾਲੇ ਨਿਜ਼ਾਮ ਨੂੰ ਰਾਹ ਦੇਣੋਂ ਅਸਮਰਥ ਸਨ, ਇਸ ਵਾਸਤੇ ਇਸ ਲਹਿਰ ਵਿਚ ਵਿਗਾੜ ਪੈਣਾ ਲਾਜ਼ਮੀ ਸੀ। ਅਤੇ ਇਸ ਦੇ ਅੰਦਰੋਂ ਵਿਗਾੜ ਪਿਆ। ਸਿਆਸੀ ਤਾਕਤ ਹੱਥ ਆਉਣ ਦੇ ਵੇਲੇ ਨੂੰ ਗੁਰੀਲਾ ਜਥੇ ਦਾ ਲੀਡਰ ਜੋ 'ਭਾਈ' ਸੀ, ਨਾਮ ਦੇ ਪੈਂਤੜੇ 'ਤੇ ਸੀ, ਸਰਦਾਰ ਬਣ ਬੈਠਾ। ਮਤਲਬ ਹੈ ਅਚੇਤ ਹੀ



ਸਰਬਤ ਦੀ ਆਜ਼ਾਦੀ ਦੇ ਪੈਂਤੜੇ ਨੂੰ ਤਿਆਗ ਕੇ ਫਿਊਡਲ ਪੈਂਤੜੇ ਦਾ ਹੋ ਖਲੋਤਾ। ਸਟੇਟ ਦੀ ਤਾਕਤ ਦੇ ਹੱਥ ਆਉਣ ਤਕ ਲਹਿਰ ਦਾ ਜਮਾਤੀ ਪੈਂਤੜਾ ਬਿਲਕੁਲ ਬਦਲ ਚੁਕਾ ਸੀ। ਗੁਰੂ ਸਾਹਿਬਾਨ ਦੀ ਚਲਾਈ ਲਹਿਰ ਦੇ ਅਸਲੇ ਦੀ ਮੁਕੰਮਲ ਨਗੇਸ਼ਨ ਹੋ ਚੁਕੀ ਸੀ। ਰਣਜੀਤ ਸਿੰਘ ਦੀ ਸਟੇਟ ਸਰਬਤ ਦੀ ਆਜ਼ਾਦੀ ਦੇ ਪੈਂਤੜੇ ਵਾਲਿਆਂ ਦੀ ਸਟੇਟ ਬਿਲਕੁਲ ਨਹੀਂ ਸੀ। ਉਹ ਸੌ ਫੀ ਸਦੀ ਫਿਊਡਲ ਸੀ। ਸਰਬਤ ਦੀ ਆਜ਼ਾਦੀ ਦੇ ਪੈਂਤੜੇ ਵਾਲਿਆਂ ਦੀ ਸਟੇਟ 'ਸੱਚਾ ਪਾਤਸ਼ਾਹ' ਸੀ, ਝੂਠੇ ਪਾਤਸ਼ਾਹ ਦੇ ਵਿਰੁਧ। ਜਿਹੜੇ ਇਤਿਹਾਸਕਾਰ ਲਹਿਰ ਵਿਚ ਪਏ, ਇਸ ਵਿਗਾੜ ਨੂੰ, ਜਮਾਤੀ ਪੈਂਤੜੇ ਦੀ ਹੋਈ ਉਲਟਾ ਪੁਲਟੀ ਨੂੰ ਨਹੀਂ ਸਮਝਦੇ, ਉਹ ਇਕ ਤਾਂ ਇਤਿਹਾਸ ਨੂੰ ਬਿਲਕੁਲ ਗਲਤ ਪੇਸ਼ ਕਰਦੇ ਹਨ ਅਤੇ ਦੂਸਰੇ ਗੁਰੂ ਸਾਹਿਬਾਨ ਦੀ ਚਲਾਈ ਲਹਿਰ ਤੇ ਤੱਤ ਖਾਲਸੇ ਦੀ ਕੀਤੀ ਗੁਰੀਲਾ ਜੰਗ, ਲੋਕ ਜੰਗ 'ਤੇ ਪਰਲੇ ਦਰਜੇ ਦਾ ਉਪੱਦਰ ਕਰਦੇ ਹਨ। ਸਿੱਖ ਲਹਿਰ ਚੂੰਕਿ ਸਰਬਤ ਦੀ ਆਜ਼ਾਦੀ ਦੇ ਪੈਂਤੜੇ ਤੋਂ ਇਨਕਲਾਬੀ ਲਹਿਰ ਸੀ, ਇਸ ਦਾ ਮਨੋਰਥ, ਇਸ ਦਾ ਅਸਲਾ ਹੀ ਚੂੰਕਿ ਜਮਾਤੀ ਸਮਾਜ ਤੇ ਉਸ ਦੀ ਸਟੇਟ ਨੂੰ ਖਤਮ ਕਰਨਾ ਸੀ, ਇਸ ਵਾਸਤੇ ਇਸ ਨੇ ਸਰਬਤ ਦੀ ਆਜ਼ਾਦੀ ਦੇ ਪੈਂਤੜੇ ਤੋਂ ਸਟੇਟ ਦਾ ਸੰਕਲਪ ਹੀ ਪੇਸ਼ ਨਹੀਂ ਕੀਤਾ, ਬਲਕਿ ਹਾਲਾਤ ਦੇ ਪ੍ਰਸੰਗ ਵਿਚ, ਲਹਿਰ ਦੀ ਸਟੇਜ ਦੇ ਅਨੁਸਾਰ ਆਪਣੀ ਸਟੇਟ ਦੇ ਸੰਕਲਪ ਦੀ, ਝੂਠੇ ਪਾਤਸ਼ਾਹ ਦੇ ਵਿਰੁਧ, 'ਸੱਚੇ ਪਾਤਸ਼ਾਹ' ਦੀ ਅਮਲ ਵਿਚ ਤਰਜਮਾਨੀ ਵੀ ਕੀਤੀ।

"ਸਟੇਟ ਦੀ ਕਿਸਮ ਇਕ ਚੀਜ਼ ਹੈ ਅਤੇ ਸਰਕਾਰ ਦਾ ਰੂਪ ਬਿਲਕੁਲ ਦੂਸਰੀ।"

ਦੂਜੀ ਗਲਤੀ : ਸਿੱਖੀ ਵਿਚ ਸਟੇਟ ਦੇ ਮਸਲੇ ਬਾਬਤ ਇਸ ਲਹਿਰ ਦੇ ਇਤਿਹਾਸਕਾਰ, ਇਸ ਮਸਲੇ ਦੇ ਜ਼ਾਹਿਰ 'ਤੇ ਹੀ ਬੈਠੇ ਰਹੇ ਹਨ, ਬਾਤਨ ਤਕ ਪਹੁੰਚੇ ਹੀ ਨਹੀਂ। ਮਾਰਕਸ ਨੇ ਕਿਹਾ ਸੀ, ਕਿ ਜੇ ਜ਼ਾਹਿਰ ਹੀ ਅਸਲੀਅਤ ਹੁੰਦਾ ਤਾਂ ਸਾਇੰਸ ਦੀ ਲੋੜ ਹੀ ਨਾ ਪੈਂਦੀ। ਸਾਡੇ ਇਤਿਹਾਸਕਾਰ ਸਰਕਾਰ ਦੇ ਰੂਪ ਦਵਾਲੇ ਹੀ ਘੁੰਮਦੇ ਰਹੇ ਹਨ; 'ਇਕ ਪੁਰਖੀ' ਕਿ 'ਪੰਜ ਕੌਂਸਲੀ', ਗੁਰਮਤਾ ਕਿ ਉਸ ਦੀ ਅਣਹੋਂਦ ਦੇ ਚੱਕਰ ਵਿਚ ਹੀ ਪਏ ਤੁਰੇ ਆਏ ਹਨ। ਉਹਨਾਂ ਸ਼ਾਇਦ ਇਹ ਸਮਝਿਆ ਹੀ ਨਹੀਂ ਕਿ ਸਟੇਟ ਦੀ ਕਿਸਮ ਇਕ ਚੀਜ਼ ਹੈ ਅਤੇ ਸਰਕਾਰ ਦਾ ਰੂਪ ਬਿਲਕੁਲ ਦੂਸਰੀ। ਮਸਲੇ ਨੂੰ ਸਹੀ ਸਮਝਣ ਵਾਸਤੇ ਬਾਤਨ ਤਕ ਜਾਣਾ ਜ਼ਰੂਰੀ ਹੈ। ਸਰਕਾਰ ਦੇ ਅਸਲੇ ਨੂੰ ਧੁਰ ਤਕ, ਸਹੀ ਸਮਝਣ ਵਾਸਤੇ ਉਸ ਦੇ ਰੂਪ ਨੂੰ ਵੇਖਣਾ ਹੀ ਕਾਫੀ ਨਹੀਂ। ਪਹਿਲਾਂ ਇਹ ਸਮਝਣਾ ਲਾਜ਼ਮੀ ਹੈ ਕਿ ਸਟੇਟ ਦਾ ਅਸਲਾ, ਉਸ ਦਾ ਜਮਾਤੀ ਜੁੱਸਾ; ਉਸ ਦੀ ਕਿਸਮ ਕੀ ਹੈ ? ਸਟੇਟ ਦੀ ਕਿਸਮ ਨੂੰ, ਉਸ ਦੇ ਜਮਾਤੀ ਜੁੱਸੇ ਨੂੰ ਸਮਝਣ ਵਾਸਤੇ ਨਿਜ਼ਾਮ ਨੂੰ ਸਮਝਣਾ ਲਾਜ਼ਮੀ ਹੈ। ਸਟੇਟ ਹਮੇਸ਼ਾਂ ਨਿਜ਼ਾਮ ਦੀ ਹੁੰਦੀ ਹੈ, ਉਸ ਦੀ ਕਿਸਮ, ਉਸ ਦਾ ਜਮਾਤੀ ਜੁੱਸਾ ਹਮੇਸ਼ਾਂ ਨਿਜ਼ਾਮ ਮਗਰ ਜਾਂਦਾ ਹੈ, ਨਿਜ਼ਾਮ ਵਾਲਾ ਹੁੰਦਾ ਹੈ। ਨਿਜ਼ਾਮ ਨੂੰ ਸਮਝਿਆਂ ਬਗੈਰ ਸਰਕਾਰ ਦੇ ਰੂਪ ਦਾ ਜ਼ਿਕਰ ਕਰਨ ਨਾਲ ਗਲ ਕਿਸੇ ਪਾਸੇ ਵੀ ਨਹੀਂ ਲਗਦੀ। ਸਿਰਫ ਪੜ੍ਹਨ, ਸੁਣਨ ਵਾਲਿਆਂ ਦੀਆਂ ਅੱਖਾਂ ਵਿਚ ਘੱਟਾ ਜ਼ਰੂਰ ਪੈ ਜਾਂਦਾ ਹੈ। ਸਮਾਜ ਵਿਚ ਜਮਾਤੀ ਅੰਗ ਦੇ ਪੈਦਾ ਹੋਣ ਨਾਲ ਸਟੇਟ ਵਜੂਦ ਵਿਚ ਆਈ ਅਤੇ ਸਮਾਜ ਵਿਚੋਂ, ਸੰਸਾਰ ਵਿਚੋਂ ਇਸ ਦੇ

ਖਤਮ ਹੋਣ ਨਾਲ ਇਹ ਅਲੋਪ ਹੋ ਜਾਵੇਗੀ।

ਸਮਾਜ ਦੀ ਇਤਿਹਾਸਕ ਉਸਾਰੀ ਵਿਚ ਜਮਾਤੀ ਨਿਜ਼ਾਮ ਚਾਰ ਹੀ ਕਿਸਮ ਦੇ ਹੋਏ ਹਨ। ਮੋਟੇ ਤੌਰ 'ਤੇ, ਉਹਨਾਂ ਦੇ ਅਨੁਸਾਰੀ ਸਟੇਟਾਂ ਵੀ ਚਾਰ ਹੀ ਕਿਸਮ ਦੀਆਂ ਵਜੂਦ ਵਿਚ ਆਈਆਂ ਹਨ। ਗੁਲਾਮਦਾਰੀ ਵਿਚ ਸਟੇਟ ਗੁਲਾਮਾਂ ਦੇ ਮਾਲਕਾਂ ਦੀ ਗੁਲਾਮਾਂ ਉਤੇ ਡਿਕਟੇਟਰਸ਼ਿਪ ਸੀ। ਫਿਊਡਲ ਨਿਜ਼ਾਮ ਵਿਚ ਸਟੇਟ ਦੀ ਕਿਸਮ ਫਿਊਡਲ ਸੀ; ਸਭਨਾਂ ਮੁਜ਼ਾਰਿਆਂ ਹਲਵਾਹਕਾਂ ਉਤੇ ਫਿਊਡਲਾਂ ਦੀ ਡਿਕਟੇਟਰਸ਼ਿਪ ਸੀ। ਸਰਮਾਏਦਾਰੀ ਵਿਚ ਸਟੇਟ ਬੁਰਜੁਆ ਹੈ—ਪਰੋਲਤਾਰੀ ਆਦਿ ਉਤੇ ਬੁਰਜੁਆਜ਼ੀ ਦੀ ਡਿਕਟੇਟਰਸ਼ਿਪ। ਸਮਾਜਵਾਦ ਵਿਚ ਸਟੇਟ ਹੈ ਪਰੋਲਤਾਰੀ ਦੀ ਬੁਰਜੁਆਜ਼ੀ ਉਤੇ ਡਿਕਟੇਟਰਸ਼ਿਪ। ਸੋ ਸਟੇਟ ਦੀ ਬਾਬਤ ਬੁਨਿਆਦੀ ਤੱਥ ਇਕ ਤਾਂ ਇਹ ਹੈ ਕਿ ਇਹ ਨਿਜ਼ਾਮ ਦੀ ਹੁੰਦੀ ਹੈ, ਨਿਜ਼ਾਮ ਮਗਰ ਜਾਂਦੀ ਹੈ ਤੇ ਇਸ ਦਾ ਅਸਲਾ ਵੀ ਨਿਜ਼ਾਮ ਵਾਲਾ ਹੀ ਹੁੰਦਾ ਹੈ। ਅਤੇ ਦੂਸਰੇ ਸਰਕਾਰ ਦਾ ਰੂਪ ਭਾਵੇਂ ਕੋਈ ਹੋਵੇ, ਸਟੇਟ ਹਮੇਸ਼ਾਂ ਡਿਕਟੇਟਰਸ਼ਿਪ ਹੁੰਦੀ ਹੈ, ਇਕ ਜਮਾਤ ਦੀ ਆਪਣੀ ਵਿਰੋਧੀ ਜਮਾਤ ਉਤੇ। ਇਹਨਾਂ ਦੋਹਾਂ ਗੱਲਾਂ ਵਿਚ ਕਿਸੇ ਕਿਸਮ ਦੇ ਸ਼ਕ ਦੀ ਗੁੰਜਾਇਸ਼ ਹੋ ਹੀ ਨਹੀਂ ਸਕਦੀ। ਇਹ ਵਿਰੋਧੀਆਂ ਦੀ ਏਕਤਾ ਦਾ ਇਜ਼ਹਾਰ ਹੈ।

ਮਿਸਾਲ ਲਿਆਂ ਨੁਕਤਾ ਸਾਫ ਹੋ ਜਾਏਗਾ। ਜਮਹੂਰੀਅਤ ਸਰਕਾਰ ਦਾ ਇਕ ਰੂਪ ਹੈ। ਇਹ ਆਪਣੇ ਆਪ ਵਿਚ ਸਟੇਟ ਦੇ, ਸਰਕਾਰ ਦੇ ਜਮਾਤੀ ਜੁੱਸੇ ਬਾਬਤ ਕੁਛ ਵੀ ਪ੍ਰਗਟ ਨਹੀਂ ਕਰਦੀ। ਗੁਲਾਮਦਾਰੀ ਵਿਚ ਸਟੇਟ ਦਾ ਜਮਾਤੀ ਜੁੱਸਾ ਸੀ — ਗੁਲਾਮਾਂ ਦੇ ਮਾਲਕਾਂ ਦੀ ਗੁਲਾਮਾਂ ਉਤੇ ਡਿਕਟੇਟਰਸ਼ਿਪ, ਪਰ ਇਕ ਸਟੇਜ ਉਤੇ ਪੁਰਾਣੇ ਯੂਨਾਨ ਵਿਚ, ਗੁਲਾਮਦਾਰੀ ਨਿਜ਼ਾਮ ਵਿਚ, ਜਮਹੂਰੀਅਤ ਸੀ ਗੈਰ ਗੁਲਾਮਾਂ (freemen) ਦੀ। ਬੁਰਜੁਆ ਨਿਜ਼ਾਮ ਦੀ ਵੀ ਜਮਹੂਰੀਅਤ ਹੈ ਅਤੇ ਵਰਕਰਾਂ ਵਾਸਤੇ ਸਮਾਜਵਾਦ ਦੀ ਵੀ। ਇਹਨਾਂ ਤਿੰਨ੍ਹਾਂ ਜਮਹੂਰੀਅਤਾਂ ਦੇ ਜਮਾਤੀ ਜੁੱਸੇ ਦੀ ਆਪਸ ਵਿਚ ਕੋਈ ਸਾਂਝ ਨਹੀਂ ਹੈ। ਸੋ ਅੰਦਰੂਨੀ ਜਮਾਤੀ ਵਸਤੂ ਪ੍ਰਗਟ ਕੀਤਿਆਂ ਬਗੈਰ, ਸਟੇਟ ਦੀ ਕਿਸਮ ਦੀ ਤਸ਼ਖੀਸ ਕੀਤਿਆਂ ਬਗੈਰ ਜਮਹੂਰੀਅਤ ਤੋਂ ਸਰਕਾਰ ਦੀ ਜਮਾਤੀ ਕਿਸਮ ਦਾ ਕੀ ਪਤਾ ਲਗ ਸਕਦਾ ਹੈ? ਸਰਕਾਰ ਦੇ ਨਿਰੇ ਰੂਪ ਬਾਬਤ ਕੂਕੀ ਜਾਣ ਨਾਲ ਬੰਦਾ ਜ਼ਾਹਿਰ 'ਤੇ ਹੀ ਰਹਿੰਦਾ ਹੈ; ਉਸ ਦੇ ਬਾਤਨ ਤਕ ਪਹੁੰਚਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਫਿਊਡਲ ਨਿਜ਼ਾਮ ਵਿਚ ਵੀ ਬਾਦਸ਼ਾਹੀਆਂ ਸਨ ਤੇ ਸਰਮਾਏਦਾਰੀ ਵਿਚ ਵੀ। ਪਰ ਇਹਨਾਂ ਦੋਹਾਂ ਬਾਦਸ਼ਾਹੀਆਂ ਦੀ ਜਮਾਤੀ ਤਾਸੀਰ ਬਿਲਕੁਲ ਵੱਖਰੀ ਵੱਖਰੀ ਸੀ। ਸਰਮਾਏਦਾਰੀ ਮੁਲਕਾਂ ਵਿਚ ਸਰਕਾਰਾਂ ਦਾ ਰੂਪ ਕਾਫੀ ਵਖਰੋ ਵਖਰਾ ਹੈ, ਪਰ ਇਹਨਾਂ ਸਭ ਦੇ ਰਾਜ-ਪ੍ਰਬੰਧਾਂ ਦਾ ਬੁਨਿਆਦੀ ਜਮਾਤੀ ਜੁੱਸਾ ਬੁਰਜੁਆ ਹੀ ਹੈ।

ਇਸ ਵਿਚਾਰ ਤੋਂ ਇਹ ਨਤੀਜਾ ਨਹੀਂ ਕੱਢ ਲੈਣਾ ਚਾਹੀਦਾ ਕਿ ਸਿਰਫ ਸਟੇਟ ਤੇ ਉਸ ਦਾ ਜਮਾਤੀ ਜੁੱਸਾ ਹੀ ਸਭ ਕੁਛ ਹੈ ਅਤੇ ਉਸ ਦੇ ਅੰਦਰ ਸਰਕਾਰ ਦਾ ਰੂਪ ਇਕ ਹੋਵੇ ਜਾਂ ਦੂਸਰਾ, ਕੋਈ ਅਰਥ ਹੀ ਨਹੀਂ ਰਖਦਾ। ਐਸਾ ਨਤੀਜਾ ਕਢਣਾ ਬਿਲਕੁਲ ਗਲਤ ਹੈ। ਇੱਕੋ ਨਿਜ਼ਾਮ ਦੇ ਵਿਚ ਵੀ, ਸਟੇਟ ਦੇ ਇਕੋ ਜਮਾਤੀ ਜੁੱਸੇ ਦੇ ਵਿਚ ਵਿਚ ਵੀ ਸਰਕਾਰ ਦੇ ਰੂਪ ਦੀ ਆਪਣੀ ਅਹਿਮੀਅਤ ਹੈ ਜੋ ਨਜ਼ਰ-ਅੰਦਾਜ਼ ਨਹੀਂ ਕੀਤੀ ਜਾ ਸਕਦੀ। ਸਰਕਾਰ ਦਾ ਰੂਪ ਸਟੇਟ ਦੇ ਜਮਾਤੀ ਜੁੱਸੇ ਨੂੰ ਨਗੇਟ ਤਾਂ ਨਹੀਂ ਕਰ ਸਕਦਾ, ਪਰ ਕਾਬਜ਼ ਨਿਜ਼ਾਮ ਦੇ ਅੰਦਰ ਅੰਦਰ ਵੀ, ਵਸੋਂ ਦੀ ਰੋਜ਼-ਬ-ਰੋਜ਼ੀ ਜ਼ਿੰਦਗੀ ਵਾਸਤੇ, ਬੰਦੇ ਦੀ ਆਜ਼ਾਦੀ ਵਾਸਤੇ ਲੜਨ



ਵਾਲਿਆਂ ਦੇ ਨੁਕਤੇ ਤੋਂ ਸਰਕਾਰ ਦਾ ਰੂਪ ਸੁਟ ਪਾਉਣ ਵਾਲੀ ਚੀਜ਼ ਨਹੀਂ। ਮਿਸਾਲ ਦੇ ਤੌਰ 'ਤੇ ਸਰਮਾਏਦਾਰੀ ਮੁਲਕਾਂ ਵਿਚ ਸਟੇਟ ਦਾ ਜਮਾਤੀ ਜੁੱਸਾ ਤਾਂ ਲਾਜ਼ਮੀ ਵਰਕਰਾਂ ਆਦਿ ਉਤੇ ਬੁਰਜੁਆਜ਼ੀ ਦੀ ਡਿਕਟੇਟਰਸ਼ਿਪ ਹੀ ਹੋਵੇਗੀ, ਪਰ ਸਰਕਾਰ ਦਾ ਜਮਹੂਰੀ ਜਾਂ ਫਾਸਿਸ਼ਟ ਹੋਣਾ ਬੜਾ ਫਰਕ ਪਾਉਂਦਾ ਹੈ। ਇਸ ਵਾਸਤੇ ਹੀ ਸਰਮਾਏਦਾਰੀ ਦੇ ਅੰਦਰ ਜੋ ਜਮਹੂਰੀ ਆਜ਼ਾਦੀਆਂ ਲੋਕਾਂ ਨੇ ਜਦੋ-ਜਹਿਦ ਕਰ ਕੇ ਜਿੱਤੀਆਂ ਹੋਈਆਂ ਨੇ ਉਹ ਬੰਦੇ ਦੀ ਆਜ਼ਾਦੀ ਤਾਂ ਸਥਾਪਤ ਨਹੀਂ ਕਰਦੀਆਂ, ਪਰ ਉਸ ਆਜ਼ਾਦੀ ਦੇ ਨੁਕਤੇ ਤੋਂ ਵੀ ਉਹ ਅਰਥ ਭਰਪੂਰ ਹਨ, ਕੀਮਤੀ ਹਨ। ਆਜ਼ਾਦੀ ਵਾਸਤੇ, ਆਰਥਕ, ਸਿਆਸੀ, ਵਿਚਾਰਧਾਰਕ ਜਮਾਤੀ ਜਦੋ-ਜਹਿਦ ਵਾਸਤੇ ਨਵਾਂ ਰਾਹ ਦੇਂਦੀਆਂ ਹਨ। ਇਹ ਐਵੇਂ ਨਹੀਂ ਕਿ ਜਿਵੇਂ ਜਿਵੇਂ ਸਰਮਾਏਦਾਰੀ ਸੰਕਟ ਵਿਚ ਪੈਂਦੀ ਹੈ, ਬੁਰਜੁਆਜ਼ੀ ਇਹਨਾਂ ਜਮਹੂਰੀ ਆਜ਼ਾਦੀਆਂ ਉਤੇ ਹਮਲਾ ਕਰਕੇ ਇਹਨਾਂ ਨੂੰ ਖਤਮ ਕਰਨਾ ਚਾਹੁੰਦੀ ਹੈ ਤੇ ਅੰਤ ਫਾਸ਼ਿਸਟ ਹਕੂਮਤ ਸਥਾਪਤ ਕਰਨ ਵਲ ਨੂੰ ਤੁਰਦੀ ਹੈ। ਗੁਰੂ ਸਾਹਿਬਾਨ ਦੀ ਕਰਨੀ ਦੀ ਮਿਸਾਲ ਲਿਆਂ ਵੀ ਨੁਕਤਾ ਸਾਫ ਹੋ ਜਾਂਦਾ ਹੈ। ਸ਼ਹਿਜ਼ਾਦੇ ਖੁਸਰੋ ਜਾਂ ਦਾਰੇ ਨੇ ਸਟੇਟ ਤਾਂ ਫਿਊਡਲ ਹੀ ਰਖਣੀ ਸੀ। ਨਿਜ਼ਾਮ ਦੀ ਜਾਂ ਸਟੇਟ ਦੇ ਜਮਾਤੀ ਜੁੱਸੇ ਦੀ ਕਾਇਆਂ-ਪਲਟੀ ਤਾਂ ਕਰ ਹੀ ਨਹੀਂ ਸੀ ਦੇਣੀ। ਫੇਰ ਵੀ ਲਹਿਰ ਦੇ ਨੁਕਤੇ ਤੋਂ ਉਹਨਾਂ ਦੀ ਹਕੂਮਤ ਜੇ ਹੋ ਜਾਂਦੀ ਤਾਂ ਗੁਰੂ ਸਾਹਿਬਾਨ ਦੇ ਅੰਦਾਜ਼ੇ ਮੁਤਾਬਕ ਬੜੀ ਫਾਇਦੇਮੰਦ ਸੀ। ਇਸ ਵਾਸਤੇ ਹੀ ਪਹਿਲਾਂ ਗੁਰੂ ਅਰਜਨ ਸਾਹਿਬ ਨੇ ਖੁਸਰੋ ਨੂੰ ਮੂੰਹ ਲਾਇਆ ਤੇ ਫੇਰ ਹਰ ਰਾਏ ਸਾਹਿਬ ਨੇ ਦਾਰੇ ਨੂੰ ਤਖਤ ਲਈ ਲੜਨ ਵਾਸਤੇ ਪਰੇਰਿਆ। ਸਪਸ਼ਟ ਹੈ ਕਿ ਉਸ ਵਕਤ ਫਿਊਡਲ ਹਕੂਮਤ ਵਿਚ ਕਦਰੇ ਲਹਿਰ ਦੇ ਹੱਕੀ ਤਬਦੀਲੀ ਹੀ ਹੋ ਸਕਦੀ ਸੀ। ਉਸ ਵਕਤ ਲਹਿਰ ਇਸ ਹਾਲਤ ਵਿਚ ਨਹੀਂ ਸੀ ਕਿ ਉਹ ਆਪ ਸਟੇਟ 'ਤੇ ਕਬਜ਼ਾ ਕਰਨ ਲਈ ਉਸ ਨੂੰ ਵੰਗਾਰ ਸਕਦੀ ਤੇ ਸਟੇਟ ਦਾ ਜਮਾਤੀ ਜੁੱਸਾ ਬਦਲਣ ਦੀ ਕੋਸ਼ਿਸ਼ ਕਰ ਸਕਦੀ।

ਬੁਰਜੁਆ ਸਟੇਟ ਦੇ ਵਿਚ ਵੀ ਲੋਕਾਂ ਦਾ ਜਮਹੂਰੀ ਸਰਕਾਰ ਵਾਸਤੇ ਲੜਨਾ, ਜਮਹੂਰੀ ਆਜ਼ਾਦੀਆਂ ਵਾਸਤੇ ਜੂਝਣਾ ਕੋਈ ਸੁਟ ਪਾਉਣ ਵਾਲੀ ਗਲ ਨਹੀਂ ਪਰ ਸਟੇਟ 'ਤੇ ਕਬਜ਼ਾ ਕੀਤਿਆਂ ਬਗੈਰ, ਉਸ ਦੀ ਜਮਾਤੀ ਕਾਇਆਂ-ਪਲਟੀ ਕੀਤਿਆਂ ਬਗੈਰ ਨਿਜ਼ਾਮ ਦੀ ਕਾਇਆਂ-ਪਲਟੀ ਨਹੀਂ ਹੋ ਸਕਦੀ।

ਸਿੱਖ ਲਹਿਰ ਦੀ ਵਿਚਾਰਧਾਰਾ ਦੇ ਅਨੁਸਾਰ ਸੱਚਾ ਪਾਤਸ਼ਾਹ ਅਸਲ ਵਿਚ ਤਾਂ ਗੁਰਬਾਣੀ ਵਾਲਾ ਸਰਬ ਸ਼ਕਤੀਮਾਨ ਰੱਬ ਸੀ। ਪਰ ਮਨੁਖੀ ਰੂਪ ਵਿਚ ਉਸ ਰੱਬ ਦੀ ਜੋਤ ਦਾ ਮਨੁਖੀ ਸਰੂਪ ਸਤਿਗੁਰੂ ਸੀ, ਗੱਦੀ 'ਤੇ ਬਰਾਜਮਾਨ, ਗੁਰੂ। ਹੁਣ ਸਵਾਲ ਹੈ ਕਿ 'ਸੱਚੇ ਪਾਤਸ਼ਾਹ' ਦਾ ਜਮਾਤੀ ਜੁੱਸਾ, ਉਸ ਦਾ ਜਮਾਤੀ ਪੈਂਤੜਾ ਕੀ ਸੀ? ਉਹ ਸੀ—ਸਪਸ਼ਟ ਹੀ ਸਰਬਤ ਦੀ ਆਜ਼ਾਦੀ ਵਾਲਾ। ਸੋ ਹਾਲਾਤ ਦੇ ਅਨੁਸਾਰ ਲਹਿਰ ਦਾ ਤੇ ਉਸ ਦੀ ਬਣ ਰਹੀ ਸਟੇਟ ਦਾ, ਗੁਰੂ ਸਾਹਿਬਾਨ ਦਾ ਕਾਬਜ਼ ਜਮਾਤੀ ਨਿਜ਼ਾਮ ਤੇ ਉਸ ਦੀ ਮਾਣਸ ਖਾਣੀ ਫਿਊਡਲ ਸਟੇਟ ਨਾਲ ਟਕਰਾਉਣਾ ਕੁਦਰਤੀ ਸੀ, ਲਾਜ਼ਮੀ ਸੀ ਤੇ ਉਹ ਟਕਰਾਏ। ਇਸ ਟਕੱਰਾਅ ਦੇ ਵਿਸਤਾਰ ਵਿਚ ਜਾਣ ਦੀ ਲੋੜ ਨਹੀਂ। ਇਹ ਲਹਿਰ ਦਾ ਇਤਿਹਾਸ ਹੈ। ਸਮਝਣ ਵਾਲੀ ਗੱਲ ਇਹ ਹੈ ਕਿ ਬ੍ਰਾਹਮਣੀ ਸਮਾਜ ਦੇ ਸ਼ੂਦਰ ਜਦੋਂ ਸਰਬਤ ਦੀ ਆਜ਼ਾਦੀ ਦੇ ਪੈਂਤੜੇ 'ਤੇ ਆਏ, ਜਦੋਂ ਉਸ ਜਮਾਤੀ ਨਿਜ਼ਾਮ ਦੇ ਮਹਿਕੂਮਾਂ ਨੇ ਬੰਦੇ ਦੀ ਆਜ਼ਾਦੀ ਦੀ ਚੇਤਨਤਾ ਗ੍ਰਹਿਣ ਕੀਤੀ ਤਾਂ ਉਹਨਾਂ ਆਪਣੀ, ਆਪਣੇ ਜਮਾਤੀ ਪੈਂਤੜੇ ਦੀ, ਸਰਬਤ ਦੀ ਆਜ਼ਾਦੀ ਦੇ ਪੈਂਤੜੇ ਦੀ ਸਟੇਟ

ਖੜੀ ਕੀਤੀ ਅਤੇ ਉਸ ਦੀ ਅਗਵਾਈ ਹੇਠ ਉਹਨਾਂ ਲਹਿਰ ਦੀ ਸਟੇਜ ਤੇ ਵੇਲੇ ਦੇ ਹਾਲਾਤ ਅਨੁਸਾਰ ਕਾਬਜ਼ ਨਿਜ਼ਾਮ (ਸਮੇਤ ਬ੍ਰਾਹਮਣੀ ਜਾਤ ਪਾਤੀ ਅਡੰਬਰ ਦੇ) ਤੇ ਉਸ ਦੀ ਸਟੇਟ ਨਾਲ ਬੁਰਦੋ ਬੁਰਦੀ ਲਾਈ। ਇਸ ਨੁਕਤੇ ਦਾ ਜ਼ਿਕਰ ਕਰਨ ਦੀ ਲੋੜ ਨਹੀਂ, ਇਹ ਅੱਗੇ ਹੀ ਸਪਸ਼ਟ ਕੀਤਾ ਜਾ ਚੁਕਾ ਹੈ ਕਿ ਲਹਿਰ ਦੀ ਖੜੀ ਕੀਤੀ ਸਟੇਟ ਬੰਦੇ ਦੀ ਆਜ਼ਾਦੀ ਦੇ ਪੈਂਤੜੇ ਵਾਲਿਆਂ ਵਾਸਤੇ, ਗੁਰਮੁਖਾਂ ਵਾਸਤੇ ਸਹੀ ਅਰਥਾਂ ਵਿਚ ਸਟੇਟ ਨਹੀਂ ਸੀ। ਸੰਗਤ ਇੱਕੀ ਹਿੱਸੇ ਸੀ ਤੇ ਗੁਰੂ ਵੀਹ ਹਿੱਸੇ। ਇਹ ਸਹੀ ਅਰਥਾਂ ਵਿਚ ਸਟੇਟ ਸੀ—ਹਉਮੈ (ਮਾਇਆ ਦੀ ਤਰਜ਼ੇ-ਜ਼ਿੰਦਗੀ) ਵਾਲਿਆਂ ਵਾਸਤੇ, ਸਰਬਤ ਦੀ ਆਜ਼ਾਦੀ ਦੇ ਵਿਰੋਧੀਆਂ ਵਾਸਤੇ। ਗੁਰਬਾਣੀ ਦਾ ਰੱਬ, ਸੱਚਾ ਪਾਤਸ਼ਾਹ, ਸਤਿਗੁਰੂ ਕਿਸ ਤਰ੍ਹਾਂ ਸਰਬਤ ਦੀ ਆਜ਼ਾਦੀ ਦੇ ਪੈਂਤੜੇ ਦੀ ਸਟੇਟ ਸੀ ? ਇਸ ਵਾਸਤੇ ਕਿ ਲਹਿਰ ਕਾਬਜ਼ ਜਮਾਤੀ ਸਮਾਜ ਤੇ ਉਸ ਦੀ ਸਟੇਟ ਦੇ ਵਿਰੁਧ, ਸਰਬਤ ਦੀ ਆਜ਼ਾਦੀ ਦੇ ਪੈਂਤੜੇ ਤੋਂ, ਇਨਕਲਾਬੀ ਲਹਿਰ ਸੀ। ਜਿਸ ਤਰ੍ਹਾਂ ਨਿਜ਼ਾਮ ਨੂੰ ਪਰਖਣ, ਸਮਝਣ ਬਗੈਰ ਸਟੇਟ ਦਾ ਜਮਾਤੀ ਜੁੱਸਾ ਨਹੀਂ ਸਮਝਿਆ ਜਾ ਸਕਦਾ, ਇਸ ਤਰ੍ਹਾਂ ਹੀ ਲਹਿਰ ਦੇ ਜਮਾਤੀ ਪੈਂਤੜੇ ਬਾਬਤ ਸਪਸ਼ਟ ਹੋਇਆਂ ਬਗੈਰ ਉਸ ਦੀ ਖੜੀ ਕੀਤੀ ਜਾ ਰਹੀ ਸਟੇਟ ਦੇ ਜਮਾਤੀ ਜੁੱਸੇ ਬਾਬਤ ਸਪਸ਼ਟ ਹੋਣਾ ਅਸੰਭਵ ਹੈ।

ਗੁਰੂ ਸਾਹਿਬਾਨ ਦੀ ਅਗਵਾਈ ਹੇਠ ਤੇ ਜਿੰਨਾਂ ਚਿਰ ਤੱਤ ਖਾਲਸਾ ਸਰਬਤ ਦੀ ਆਜ਼ਾਦੀ ਦੇ ਪੈਂਤੜੇ ਤੋਂ ਲੋਕ-ਜੰਗ ਕਰਦਾ ਰਿਹਾ ਓਨਾਂ ਚਿਰ ਲਹਿਰ ਦੀ ਸਟੇਟ ਦੇ ਜਮਾਤੀ ਜੁੱਸੇ ਦੇ ਬਦਲਣ ਦਾ ਸਵਾਲ ਹੀ ਪੈਦਾ ਨਹੀਂ ਸੀ ਹੁੰਦਾ। ਸਟੇਟ ਦਾ ਜਮਾਤੀ ਜੁੱਸਾ ਤਾਂ ਲਹਿਰ ਦੇ ਜਮਾਤੀ ਪੈਂਤੜੇ ਦੇ ਬਦਲਿਆਂ ਹੀ ਤਬਦੀਲ ਹੋਣਾ ਸੀ ਅਤੇ ਉਹ ਉਦੋਂ ਹੋਇਆ ਜਦੋਂ ਗੁਰੀਲਾ ਗਰੁਪ ਦਾ ਲੀਡਰ ਫਿਊਡਲ ਸਰਦਾਰ ਬਣ ਖੜੋਤਾ। ਪਰ ਲਹਿਰ ਦੀ ਸਿਰਜੀ ਸਰਕਾਰ ਦਾ ਰੂਪ ਗੁਰੂ ਸਾਹਿਬਾਨ ਦੇ ਹੁੰਦਿਆਂ ਹੀ ਬਦਲਿਆ। ਸਤਿਗੁਰੂ 'ਇਕ ਪੁਰਖ' ਸੀ, ਪਰ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਗੁਰਿਆਈ ਗੁਰੂ ਗਰੰਥ ਸਾਹਿਬ ਨੂੰ ਦਿਤੀ ਅਤੇ ਪਾਤਸ਼ਾਹੀ ਬਖਸ਼ੀ ਖਾਲਸੇ ਨੂੰ। ਸੋ ਸਟੇਟ ਦਾ ਜਮਾਤੀ ਜੁੱਸਾ ਤਾਂ ਉਹ ਹੀ ਰਿਹਾ, ਸਟੇਟ ਤਾਂ ਸਰਬਤ ਦੀ ਆਜ਼ਾਦੀ ਦੇ ਪੈਂਤੜੇ ਦੀ ਹੀ ਰਹੀ, ਪਰ ਸਰਕਾਰ ਦਾ ਰੂਪ ਬਦਲਿਆ। ਉਹ 'ਇਕ ਪੁਰਖੀ' ਨਾ ਰਹੀ। ਗੁਰੂ ਗਰੰਥ ਸਾਹਿਬ ਨੂੰ ਗੁਰਿਆਈ ਮਿਲਣ ਦਾ ਸਿਆਸੀ ਅਰਥ ਕੀ ਸੀ ? ਸਿਆਸੀ ਅਰਥ ਇਹ ਸੀ ਕਿ ਲਹਿਰ ਦਾ ਵਿਚਾਰਧਾਰਕ, ਕਲਚਰਲ ਪੈਂਤੜਾ, ਉਸ ਦਾ ਜਮਾਤੀ ਪੈਂਤੜਾ ਤਾਂ ਗੁਰਬਾਣੀ ਵਾਲਾ, ਉਸ ਦੇ ਸੱਚ ਵਾਲਾ, ਸਰਬਤ ਦੀ ਆਜ਼ਾਦੀ ਵਾਲਾ ਹੀ ਰਹੇਗਾ, ਪਰ ਗੁਰੂ ਗਰੰਥ ਸਾਹਿਬ ਦੀ ਹਜ਼ੂਰੀ ਵਿਚ, ਉਸ ਪੈਂਤੜੇ ਤੋਂ ਰੋਜ਼-ਬ-ਰੋਜ਼ੀ ਸਿਆਸੀ ਫੌਜੀ ਆਦਿ ਨੀਤੀ ਖਾਲਸਾ ਆਪ ਲਭੇਗਾ, ਵਿਉਂਤੇਗਾ ਤੇ ਚਲਾਵੇਗਾ। ਜਿਸ ਖਾਲਸੇ ਨੂੰ ਗੁਰੂ ਸਾਹਿਬ ਨੇ ਪਾਤਸ਼ਾਹੀ ਬਖਸ਼ੀ, ਉਹ ਹੈ ਕੀ ਸੀ ? ਉਹ ਸੀ ਅਮਲੀ, ਮਨੁਖੀ ਪੱਧਰ 'ਤੇ ਗੁਰਬਾਣੀ ਦੇ ਸੱਚ ਦਾ ਸਰੂਪ, ਵਿਚਾਰਧਾਰਕ ਪੱਧਰ 'ਤੇ ਚੇਤੰਨ, ਸਿਆਸੀ ਫੌਜੀ ਤੌਰ 'ਤੇ ਤਿਆਰ-ਬਰ-ਤਿਆਰ, ਹਥਿਆਰਬੰਦ ਗੁਰਮੁਖ, ਜੋ ਗੁਰਬਾਣੀ ਵਾਲੇ, ਸਰਬਤ ਦੀ ਆਜ਼ਾਦੀ ਵਾਲੇ ਪੈਂਤੜੇ ਵਾਸਤੇ ਸਿਆਸੀ ਤਾਕਤ ਹਾਸਿਲ ਕਰਨ ਵਾਸਤੇ ਲੜਦਾ ਤੇ ਲੜਦਾ ਲੜਦਾ ਸ਼ਹੀਦ ਹੁੰਦਾ ਸੀ। ਖਾਲਸੇ ਦੇ ਆਚਰਨ ਦੀ ਪਵਿਤਰਤਾ ਦਾ ਦੁਸ਼ਮਣਾ ਨੂੰ ਵੀ ਕੋਈ ਭੁਲੇਖਾ ਨਹੀਂ ਸੀ।[2]

ਸਿੱਖ ਲਹਿਰ ਦਾ ਆਪਣੀ ਸਟੇਟ ਬਾਬਤ ਸੰਕਲਪ, ਉਸ ਦਾ ਜਮਾਤੀ ਜੁੱਸਾ ਸਮਝਣਾਂ ਔਖਾ ਨਹੀਂ। ਲੋੜ ਸਿਰਫ ਹੈ ਸਮਾਜ ਬਾਬਤ ਉਸ ਦਾ ਸੰਕਲਪ ਸਮਝਣ ਦੀ। ਜੇ ਲਹਿਰ ਦਾ



ਜਮਾਤੀ ਪੈਂਤੜਾਂ ਸਮਝ ਲਿਆ ਜਾਵੇ ਤਾਂ ਉਸ ਦੀ ਸਟੇਟ ਦਾ ਮਸਲਾ ਆਪਣੇ ਆਪ ਸਪਸ਼ਟ ਹੋ ਜਾਂਦਾ ਹੈ। ਜਿਸ ਲਹਿਰ ਦਾ ਜਮਾਤੀ ਪੈਂਤੜਾ ਕਾਬਜ਼ ਨਿਜ਼ਾਮ ਤੇ ਉਸ ਦੀ ਸਟੇਟ ਨੂੰ ਖਤਮ ਕਰਨ ਦਾ ਹੈ ਉਸ ਦੀ ਲੀਡਰਸ਼ਿਪ ਕੁਦਰਤੀ, ਲਾਜ਼ਮੀ, ਬਣ ਰਹੇ ਨਵੇਂ-ਇਨਕਲਾਬੀ ਪੈਂਤੜੇ ਦੀ, ਜਿਸ ਨਿਜ਼ਾਮ ਵਾਸਤੇ ਉਹ ਲਹਿਰ ਲੜ ਰਹੀ ਹੈ ਉਸ ਦੀ ਬਣ ਰਹੀ ਸਟੇਟ ਹੁੰਦੀ ਹੈ। ਸੋ ਸਾਰੇ ਮਸਲੇ ਵਿਚ ਬੁਨਿਆਦੀ ਸਵਾਲ ਸਿੱਖ ਲਹਿਰ ਦੇ ਜਮਾਤੀ ਪੈਂਤੜੇ ਨੂੰ ਸਮਝਣ ਦਾ ਹੈ। ਜੇ ਇਨਕਲਾਬੀ ਲਹਿਰ ਦੀ ਲੀਡਰਸ਼ਿਪ ਵਜੂਦ ਵਿਚ ਆਉਣ ਵਾਲੇ ਨਿਜ਼ਾਮ ਦੀ ਸਟੇਟ ਨਹੀਂ ਤਾਂ ਉਸ ਨੇ ਕਾਬਜ਼ ਸਟੇਟ ਨੂੰ ਢਾਹ ਕੇ, ਸਿਆਸੀ ਤਾਕਤ ਹਾਸਿਲ ਕਰ ਕੇ ਸਟੇਟ 'ਤੇ ਕਬਜ਼ਾ ਕਿਸ ਤਰ੍ਹਾਂ ਕਰਨਾ ਹੈ ? ਆਪਣੀ ਸਟੇਟ ਸਥਾਪਤ ਕਿਥੋਂ ਕਰਨੀ ਹੈ ? ਨਿਜ਼ਾਮਾਂ ਦੀਆਂ, ਇਨਕਲਾਬੀ ਸਮਾਜਾਂ ਦੀਆਂ ਸਟੇਟਾਂ ਸ਼ੂ-ਮੰਤਰ ਨਾਲ ਨਹੀਂ ਬਣ ਜਾਂਦੀਆਂ। ਇਹ ਸਾਧਾਰਨ ਤੱਥ ਹੈ ਕਿ ਜਿਸ ਲਹਿਰ ਨੇ ਸਥਾਪਤ ਨਿਜ਼ਾਮ ਦੇ ਵਿਰੁਧ ਇਨਕਲਾਬ ਲਿਆਉਣਾ ਹੈ, ਮੁਢੋਂ ਹੀ ਉਸ ਦੀ ਲੀਡਰਸ਼ਿਪ ਹੋਣ ਵਾਲੀ ਸਟੇਟ ਹੁੰਦੀ ਹੈ, ਉਸ ਜਮਾਤੀ ਪੈਂਤੜੇ ਵਾਲਿਆਂ ਦੀ ਸਟੇਟ, ਜਿਸ ਪੈਂਤੜੇ ਵਾਲੇ ਨਿਜ਼ਾਮ ਵਾਸਤੇ ਉਹ ਜੂਝ ਰਹੀ ਹੈ; ਉਸ ਦੀ, ਉਸ ਦੇ ਜਮਾਤੀ ਜੁੱਸੇ ਦੀ ਸਟੇਟ। ਸੋ ਸਿੱਖ ਲਹਿਰ ਦੇ ਇਤਿਹਾਸਕਾਰਾਂ ਫੈਸਲਾ ਸਿਰਫ ਇਹ ਹੀ ਕਰਨਾ ਹੈ ਕਿ ਕੀ ਗੁਰਬਾਣੀ ਨੂੰ ਮਾਇਆ ਵਾਲਾ ਨਿਜ਼ਾਮ, ਉਸ ਦੀਆਂ ਸਮਾਜਕ ਮਨੁਖੀ ਕਦਰਾਂ-ਕੀਮਤਾਂ, ਉਸ ਦੀਆਂ ਸੰਸਥਾਵਾਂ, ਉਸ ਦੀ ਸਟੇਟ, ਉਸ ਦਾ ਸਿਰਜਿਆ ਬੰਦਾ (ਮਨਮੁਖ), ਉਸ ਦੀ ਤਰਜ਼ੇ-ਜ਼ਿੰਦਗੀ ਪ੍ਰਵਾਨ ਹੈ ? ਕੀ ਭਗਤਾਂ ਤੇ ਸੰਸਾਰੀਆਂ ਦਾ ਮੇਲ ਹੋ ਸਕਦਾ ਹੈ ? ਕੀ ਇਹ ਦੋਵੇਂ ਧਿਰਾਂ ਤੇ ਇਹਨਾਂ ਦੀਆਂ ਆਪਸ ਵਿਚ ਵਿਰੋਧੀ ਤਰਜ਼-ਜ਼ਿੰਦਗੀਆਂ ਇਕੋ ਪੰਜਾਲੀ ਜੁਪ ਕੇ ਸਮਾਜ ਦੀ ਗਡੀ ਚਲਾ ਸਕਦੀਆਂ ਹਨ ? ਜੇ ਨਹੀਂ ਤਾਂ ਮਾਮਲਾ ਸਪਸ਼ਟ ਹੈ।

> "ਸਿੱਖ ਲਹਿਰ ਦਾ ਜਮਾਤੀ ਜੁੱਸਾ ਉਦੋਂ ਬਦਲਿਆ ਜਦ ਗੁਰੀਲਾ ਗਰੁਪ ਦਾ ਲੀਡਰ ਸਰਦਾਰ ਬਣ ਖੜੋਤਾ।"

ਬਾਕੀ ਰਹਿ ਗਈ ਗਲ ਰਣਜੀਤ ਸਿੰਘ ਦੀ ਆਰਥਕ ਸਮਾਜਕ ਫਾਰਮੇਸ਼ਨ ਦੀ, ਉਸ ਦੀ ਸਟੇਟ ਦੇ ਜਮਾਤੀ ਜੁੱਸੇ ਦੀ, ਉਸ ਦੀ ਹਕੂਮਤ ਦੇ ਰੂਪ ਦੀ, ਤੇ ਉਹਨਾਂ ਦੇ ਸਿੱਖ ਲਹਿਰ ਦੇ ਸਰਬਤ ਦੀ ਆਜ਼ਾਦੀ ਵਾਲੇ ਪੈਂਤੜੇ ਨਾਲ ਰਿਸ਼ਤੇ ਦੀ। ਇਹ ਤਾਂ ਵਾਰ ਵਾਰ ਦਸਿਆ ਜਾ ਚੁਕਿਆ ਹੈ ਕਿ ਸਰਬਤ ਦੀ ਆਜ਼ਾਦੀ ਵਾਲੇ ਆਰਥਕ ਸਮਾਜਕ ਨਿਜ਼ਾਮ ਦੀ ਸਥਾਪਤੀ ਨੂੰ ਪਦਾਰਥਕ ਹਾਲਾਤ ਰਾਹ ਨਹੀਂ ਸਨ ਦੇਂਦੇ। ਐਸੇ ਨਿਜ਼ਾਮ ਨੂੰ ਤਾਂ ਕੀ, ਉਦੋਂ ਪਦਾਰਥਕ ਹਾਲਾਤ ਸਰਮਾਏਦਾਰੀ ਦੇ ਵਜੂਦ ਵਿਚ ਆਉਣ ਨੂੰ ਵੀ ਰਾਹ ਨਹੀਂ ਸਨ ਦੇਂਦੇ। ਪਦਾਰਥਕ ਹਾਲਾਤ ਦੀ ਲਾਈ ਹੱਦਬੰਦੀ ਦਾ, ਉਹਨਾਂ ਦੀ ਕਰਨੀ ਦਾ ਪ੍ਰਵੇਸ਼ ਅੰਤ ਹੋਣਾ ਹੀ ਸੀ, ਸੋ ਹੋਇਆ। ਪਰ ਫੌਜੀ ਨੁਕਤੇ ਤੋਂ, ਮੈਦਾਨੇ-ਜੰਗ ਵਿਚ ਉਹ ਲਹਿਰ ਅਜਿੱਤ ਸੀ। ਖੋਖਰ ਹੋਈ ਮੁਗਲੀਆ ਸਟੇਟ ਨੇ ਤਾਂ ਉਸ ਨੂੰ ਕੀ ਖਤਮ ਕਰ ਲੈਣਾ ਸੀ। ਅੱਵਲ ਤਾਂ ਉਸ ਵੇਲੇ ਦੀ ਸਾਰੀ ਦੁਨੀਆਂ ਵਿਚ, ਨਹੀਂ ਤਾਂ ਕਮ-ਅਜ਼-ਕਮ ਏਸ਼ੀਆ ਵਿਚ ਅਹਿਮਦ ਸ਼ਾਹ ਅਬਦਾਲੀ ਦੇ ਸਾਵਾਂ ਹੋਰ ਕੋਈ ਜਰਨੈਲ ਨਹੀਂ ਸੀ। ਉਸ ਨੇ ਸਿੱਖਾਂ ਨੂੰ ਖਤਮ ਕਰਨ ਵਾਸਤੇ ਆਪਣੀ ਪੂਰੀ ਵਾਹ ਲਾਈ। ਪਰ ਸਿੱਖਾਂ ਦੀ ਗੁਰੀਲਾ ਜੰਗ ਨੇ ਆਪਣੇ ਸਮੇਂ ਦੇ ਲਾਸਾਨੀ ਜਰਨੈਲ ਤੇ ਉਸ ਦੀ

ਫੌਜ ਦੇ ਹਿੰਦੁਸਤਾਨ ਦੀ ਧਰਤੀ ਉਤੇ ਪੈਰ ਨਾ ਲੱਗਣ ਦਿਤੇ। ਤੇ ਸਿੱਖ ਗੁਰੀਲਿਆਂ ਕੋਲੋਂ ਆਪਣੀ ਲਾਹ ਪਾਹ ਕਰਵਾ ਕੇ, ਹਿੰਦੁਸਤਾਨ ਵਿਚ ਆਪਣੀ ਸਲਤਨਤ ਕਾਇਮ ਕਰਨ ਦੇ ਸੁਪਨਿਆਂ ਨੂੰ ਕਬਰ ਵਿਚ ਪਾ ਕੇ, ਉਸ ਨੂੰ ਖਾਲੀ ਹੱਥੀਂ ਵਾਪਸ ਜਾਣਾ ਪਿਆ। ਜੇ ਉਹ ਸਿੱਖਾਂ ਨੂੰ ਆਪਣੇ ਮਤੀਹ ਕਰ ਲੈਂਦਾ ਜਾਂ ਕਿਸੇ ਤਰ੍ਹਾਂ ਲਲਚਾਅ ਕੇ ਉਹਨਾਂ ਨੂੰ ਪਾਤਸ਼ਾਹੀ ਦੇ ਨਿਸ਼ਾਨੇ ਤੋਂ ਗਿਰਾ ਸਕਦਾ ਤਾ ਕੋਈ ਤਾਕਤ ਨਹੀਂ ਸੀ ਜੋ ਹਿੰਦੁਸਤਾਨ ਵਿਚ ਮੁਗਲਾਂ ਦੀ ਥਾਂ ਆਪਣੀ ਸਲਤਨਤ ਕਾਇਮ ਕਰਨੋਂ ਉਸ ਨੂੰ ਰੋਕ ਸਕਦੀ।[3] ਪਰ ਸਿੱਖ ਗੁਰੀਲਿਆਂ ਨੇ ਉਸ ਦੀ ਕਿਸੇ ਪਾਸੇ ਵੀ ਨਾ ਚਲਣ ਦਿਤੀ। ਤੇ ਅੰਤ ਹੁੱਸ ਕੇ ਉਸ ਨੂੰ ਆਪਣੀ ਹਾਰ ਮੰਨਣੀ ਪਈ। ਚੂੰਕਿ ਮੈਦਾਨੇ ਜੰਗ ਵਿਚ ਲਹਿਰ ਅਜਿੱਤ ਸੀ ਸਟੇਟ ਤਾਂ ਉਸ ਦੇ ਹੱਥ ਵਿਚ ਆਉਣੀ ਹੀ ਸੀ, ਸੋ ਆਈ। ਦੂਸਰੇ ਪਾਸੇ ਪਦਾਰਥਕ ਹਾਲਾਤ ਦੀ ਲਾਈ ਹੱਦਬੰਦੀ ਨੂੰ ਵੀ ਉਸ ਵੇਲੇ ਤੋੜਨਾ ਅਸੰਭਵ ਸੀ। ਸੋ ਇਕ ਹੀ ਰਸਤਾ ਬਾਕੀ ਸੀ ਤੇ ਇਤਿਹਾਸ ਨੇ ਉਹ ਹੀ ਲਿਆ। ਉਸ ਪ੍ਰਸੰਗ ਵਿਚ ਲਾਜ਼ਮੀ ਸੀ ਕਿ ਲਹਿਰ ਦੇ ਅੰਦਰੋਂ ਜਮਾਤੀ ਵਿਗਾੜ ਪੈਂਦਾ। ਸੋ ਪਿਆ।

ਜਮਾਤੀ ਪੈਂਤੜੇ ਦੇ ਇਸ ਵਿਗਾੜ ਦਾ ਵੇਗ ਕੀ ਸੀ? ਇਸ ਦੇ ਇਤਿਹਾਸਕ ਪੜਾਅ ਕਿਹੜੇ ਸਨ? ਗੁਰੂ ਸਾਹਿਬਾਨ ਦੀ ਸਿਰਜੀ ਤੇ ਉਹਨਾਂ ਦੀ ਲੀਹੇ ਪਈ, ਤੁਰੀ ਆਉਂਦੀ ਲਹਿਰ ਦੇ ਅਨੁਸਾਰ ਬੰਦੇ ਦੀ ਜ਼ਿੰਦਗੀ ਦੀ ਸਫਲਤਾ, ਉਸ ਦੇ ਸਭ ਮਸਲਿਆਂ ਦਾ ਹੱਲ ਸਰਬਤ ਦੀ ਆਜ਼ਾਦੀ ਦੇ ਸੱਚ, ਨਾਮ ਦੇ ਗ੍ਰਹਿਣ ਕਰਨ ਤੇ ਉਸ ਨੂੰ ਅਰਪਣ ਹੋਣ (ਸਤਿਗੁਰ ਦੀ ਸੇਵਾ ਸਫਲ ਹੈ) ਵਿਚ ਸੀ। "ਸਰਬ ਦੂਖ ਹਰਿ ਸਿਮਰਤ ਨਸੇ। ਜਾਕੈ ਸੰਗਿ ਸਦਾ ਪ੍ਰਭੁ ਬਸੈ।" ਗੁਰੂ ਅਰਜਨ (802) "ਸਰਬ ਰੋਗ ਦਾ ਅਉਖਦੁ ਨਾਮੁ।" ਗੁਰੂ ਅਰਜਨ (ਸੁਖਮਨੀ), (ਜਿਸ ਤਰ੍ਹਾਂ ਅੱਜ ਦੇ ਮੁਹਾਵਰੇ ਵਿਚ ਸਮਾਜਕ ਮਨੁਖੀ ਜ਼ਿੰਦਗੀ ਦੇ ਸਭ ਮਸਲਿਆ ਦਾ ਹਲ ਮਾਰਕਸਵਾਦ ਨੂੰ ਗ੍ਰਹਿਣ ਕਰਨ, ਉਸ ਨੂੰ ਉਸਾਰਨ ਤੇ ਉਸ ਦੇ ਆਧਾਰ 'ਤੇ ਪਰੋਲਤਾਰੀ ਦੇ ਪੈਂਤੜੇ ਤੋਂ ਜਮਾਤੀ ਜਦੋ-ਜਹਿਦ ਕਰ ਕੇ ਸਰਬਤ ਦੀ ਆਜ਼ਾਦੀ ਸਥਾਪਤ ਕਰਨ, ਕਮਿਊਨਿਸਟ ਸਮਾਜ ਨੂੰ ਸਥਾਪਤ ਕਰਨ ਵਿਚ ਹੈ) ਜ਼ਿੰਦਗੀ ਦੀ ਸਫਲਤਾ ਵਾਸਤੇ ਨਾਮ ਦੇ ਰਾਹ ਨੂੰ ਤਿਆਗ ਕੇ ਕਦੋਂ ਤੇ ਕਿਸ ਤਰ੍ਹਾਂ ਜ਼ਿੰਦਗੀ ਦਾ ਅਰਥ ਜਾਇਦਾਦ ਬਣਾਉਣਾ, ਮਿਲਖਾਂ ਦੀ ਮਲਕੀਅਤ ਹਾਸਿਲ ਕਰਨਾ ਹੋ ਗਿਆ? ਇਸ ਦੀ ਬਾਬਤ ਠੋਸ ਤੱਥਾਂ ਦੇ ਆਧਾਰ ਤੋਂ ਬਗੈਰ ਕੁਛ ਕਹਿਣਾ ਮੁਮਕਿਨ ਨਹੀਂ। ਇਸ ਲਹਿਰ ਦੇ ਇਤਿਹਾਸਕਾਰਾਂ ਨੂੰ ਜਮਾਤੀ ਪੈਂਤੜੇ ਦੀ ਹੋ ਗਈ ਤਬਦੀਲੀ ਤਾਂ ਦਿੱਸੀ ਤਕ ਨਹੀਂ। ਉਹਨਾਂ ਕੋਲੋਂ ਇਸ ਨੁਕਤੇ ਬਾਬਤ ਖੋਜੇ ਤੱਥਾਂ ਦੀ ਅਜੇ ਆਸ ਕਰਨਾ ਫਜ਼ੂਲ ਹੈ। ਇਸ ਹਾਲਤ ਵਿਚ ਕੁਛ ਉਹਨਾਂ ਨੁਕਤਿਆਂ ਵਲ ਹੀ ਧਿਆਨ ਦਵਾਇਆ ਜਾ ਸਕਦਾ ਹੈ ਜੋ ਜਮਾਤੀ ਪੈਂਤੜਿਆਂ ਵਿਚ ਪੈਂਦੇ ਵਿਗਾੜਾਂ 'ਤੇ ਆਮ ਤੌਰ 'ਤੇ ਲਾਗੂ ਹੁੰਦੇ ਹਨ।

ਇਹ ਤਾਂ ਸਪਸ਼ਟ ਹੈ ਕਿ ਲਗਾਤਾਰ ਸਿਰਤੋੜ ਵਿਚਾਰਧਾਰਕ ਜਮਾਤੀ ਜਦੋ-ਜਹਿਦ ਤੋਂ ਬਗੈਰ, ਹਉਮੈ ਨੂੰ ਲਗਾਤਾਰ 'ਸ਼ਬਦ' ਨਾਲ ਜਲਾਏ ਜਾਣ ਤੋਂ ਬਗੈਰ, ਕਲਚਰਲ ਇਨਕਲਾਬ ਨੂੰ ਤੇਜ਼ ਤੋਂ ਤੇਜ਼ ਕਰੀ ਜਾਣ ਤੋਂ ਬਗੈਰ ਨਾਮ ਦੇ, ਸਰਬਤ ਦੀ ਆਜ਼ਾਦੀ ਦੇ ਪੈਂਤੜੇ 'ਤੇ ਰਹਿਣਾ ਅਸੰਭਵ ਹੈ। "It is not possible to carry out the socialist revolution and the transition to Communism without creating a whole new culture." ਇਹ ਵੀ ਸਾਫ਼ ਹੈ ਕਿ ਸਾਰੀ ਗਲ ਨੂੰ ਜਮਾਤੀ ਸਮਾਜ ਦੀ ਕਲਚਰ ਦੇ ਸਿਰਜੇ ਹੋਏ ਲੋਕਾਂ ਦੇ ਆਪਣੇ ਆਪ 'ਤੇ ਛੱਡਿਆਂ ਕਲਚਰਲ ਇਨਕਲਾਬ ਨਹੀਂ ਆਉਂਦੇ।



ਸਰਬਤ ਦੀ ਆਜ਼ਾਦੀ ਦੇ ਪੈਂਤੜੇ ਦੇ ਪੈਰ ਪੱਕੇ ਨਹੀਂ ਹੁੰਦੇ। ਸਿਆਸੀ, ਵਿਚਾਰਧਾਰਕ ਜਮਾਤੀ ਜਦੋ-ਜਹਿਦ ਨਾਲੋਂ ਵੀ ਜੇ ਜ਼ਿਆਦਾ ਨਹੀਂ ਤੇ ਉਹਨਾਂ ਵਾਂਗ ਹੀ ਕਲਚਰਲ ਇਨਕਲਾਬ ਲਈ ਬੜੀ ਮਜ਼ਬੂਤ ਤੇ ਪੱਕੇ ਤੌਰ 'ਤੇ ਬੰਦੇ ਦੀ ਆਜ਼ਾਦੀ ਦੇ ਪੈਂਤੜੇ ਦੇ ਅਰਪਨ ਹੋਈ ਲੀਡਰਸ਼ਿਪ ਲਾਜ਼ਮੀ ਹੁੰਦੀ ਹੈ। ਆਜ਼ਾਦੀ ਦੇ ਪੈਂਤੜੇ ਦੀ ਮਜ਼ਬੂਤੀ, ਉਸ ਦੀ ਤਾਕਤ ਮੁਲ-ਖੱਈਏ ਦੀ ਕੀਤੀ ਜਾ ਰਹੀ ਜਮਾਤੀ ਜਦੋ-ਜਹਿਦ 'ਤੇ ਹੀ ਆਧਾਰਤ ਹੁੰਦੀ ਹੈ। ਉਸ ਨੂੰ ਹਾਲਾਤ ਦੇ ਪ੍ਰਸੰਗ ਵਿਚ ਲਗਾਤਾਰ ਕਰਵਾਈ ਜਾਣਾ ਲੀਡਰਸ਼ਿਪ 'ਤੇ ਮੁਨਹੱਸਰ ਹੁੰਦਾ ਹੈ। ਜੇ ਜਮਾਤੀ ਜਦੋ-ਜਹਿਦ ਹੀ ਸਸਤਾਅ ਜਾਵੇ, ਜੇ ਲੀਡਰਸ਼ਿਪ ਹੀ ਇਸ ਗੱਲੋਂ ਥਿੜਕ ਜਾਵੇ ਤਾਂ ਆਜ਼ਾਦੀ ਦਾ ਪੈਂਤੜਾ ਜੜ੍ਹੋਂ ਹਿਲ ਜਾਂਦਾ ਹੈ।

> "ਜ਼ਿੰਦਗੀ ਦੀ ਸਫ਼ਲਤਾ ਵਾਸਤੇ ਨਾਮ ਦੇ ਰਾਹ ਨੂੰ ਤਿਆਗ ਕੇ ਕਦੋਂ ਤੇ ਕਿਸ ਤਰ੍ਹਾਂ ਜ਼ਿੰਦਗੀ ਦਾ ਅਰਥ ਜਾਇਦਾਦ ਬਣਾਉਣਾ, ਮਿਲਖਾਂ ਦੀ ਮਲਕੀਅਤ ਹਾਸਿਲ ਕਰਨਾ ਹੋ ਗਿਆ?"

ਆਏ ਸਮਾਜਵਾਦੀ ਇਨਕਲਾਬਾਂ ਵਿਚ ਪਏ ਵਿਗਾੜਾਂ ਤੋਂ ਇਕ ਤਥ ਤਾਂ ਸਪਸ਼ਟ ਹੋਇਆ ਹੈ ਕਿ ਜਦੋਂ ਸਟੇਟ ਦੀ ਤਾਕਤ ਇਨਕਲਾਬੀਆਂ ਦੇ ਹਥ ਆਉਂਦੀ ਹੈ ਜਾ ਆਉਣ ਦੀ ਸੰਭਾਵਨਾ ਹੁੰਦੀ ਹੈ ਤਾਂ ਲੀਡਰਸ਼ਿਪ ਦੇ ਕਾਫੀ ਹਿੱਸੇ ਨੂੰ (ਹੁਣ ਤਕ ਦਾ ਹੋਇਆ ਅਨੁਭਵ ਦਸਦਾ ਹੈ ਕਿ ਜੇ ਸਾਰੀ ਲੀਡਰਸ਼ਿਪ ਨੂੰ ਨਹੀਂ ਤਾਂ ਭਾਰੂ ਹਿੱਸੇ ਨੂੰ) ਜ਼ਰੂਰ ਮਰੀ ਪੈਂਦੀ ਹੈ। ਇਹ ਹਾਲਤ ਹੈ ਉਸ ਵੇਲੇ ਜਦੋਂ ਪਦਾਰਥਕ ਹਾਲਾਤ ਸਰਬਤ ਦੀ ਆਜ਼ਾਦੀ ਵਾਲੇ ਨਿਜ਼ਾਮ ਵਾਸਤੇ ਰਾਹ ਮੋਕਲਾ ਦੇਂਦੇ ਹਨ। ਸਿੱਖ ਲਹਿਰ ਵਿਚ ਪਏ ਵਿਗਾੜ ਵੇਲੇ ਤਾਂ ਪਦਾਰਥਕ ਹਾਲਾਤ ਬੰਦੇ ਦੀ ਆਜ਼ਾਦੀ ਵਾਲੇ ਨਿਜ਼ਾਮ ਦੀ ਸਥਾਪਤੀ ਵਾਸਤੇ ਰਾਹ ਦੇ ਹੀ ਨਹੀਂ ਸਨ ਸਕਦੇ। ਇਸ ਤੋਂ ਅੰਦਾਜ਼ੇ ਨਾਲ ਇਕ ਗਲ ਕਹੀ ਜਾ ਸਕਦੀ ਹੈ ਕਿ ਜਦੋਂ ਸਿਆਸੀ ਤਾਕਤ ਸਟੇਟ ਦੇ ਹੱਥ ਆਉਣ ਦੀ ਸੰਭਾਵਨਾ ਪੈਦਾ ਹੋ ਗਈ ਤਾਂ ਮਰੀ ਲੀਡਰਸ਼ਿਪ ਨੂੰ ਹੀ ਪਈ ਹੋਵੇਗੀ। ਮਰੀ ਪੈਣ ਵਲ ਨੂੰ ਤੁਰਨਾ, ਗੁਰਮੁਖਾਂ ਤੋਂ ਮਨਮੁਖ ਬਣਨਾ, ਭਾਈਆਂ ਤੋਂ ਸਰਦਾਰ, ਫਿਊਡਲ ਬਣਨਾ, ਉਹਨਾਂ ਦਾ ਹੀ ਹਿੱਤ ਸੀ। ਛੇਤੀ ਤੇ ਬਹੁਤੀ ਲਾਲਸਾ ਉਹਨਾਂ ਨੂੰ ਹੀ ਆਈ ਹੋਵੇਗੀ। ਉਹਨਾਂ ਹੀ ਗੁਰਬਾਣੀ ਦੇ ਅਰਥ ਵਿਗਾੜੇ ਹੋਣਗੇ। ਗੁਰਬਾਣੀ ਨੂੰ ਫਿਊਡਲ ਪੈਂਤੜੇ ਦੇ ਰਾਸ ਕੀਤਾ ਹੋਵੇਗਾ। ਇਹ ਵੇਗ ਕਿੰਨਾ ਸੁਚੇਤ ਤੇ ਕਿੰਨਾ ਅਚੇਤ ਹੋਇਆ ਹੋਵੇਗਾ ਇਸ ਦੀ ਬਾਬਤ ਤਾਂ ਕੁਛ ਨਹੀਂ ਕਿਹਾ ਜਾ ਸਕਦਾ। ਇਹ ਵੀ ਕਹਿਣਾ ਸ਼ਾਇਦ ਠੀਕ ਨਹੀਂ ਹੋਵੇਗਾ ਕਿ ਗੁਰਬਾਣੀ ਦੇ ਅਰਥਾਂ ਵਿਚ, ਉਸ ਦੇ ਸੱਚ ਵਿਚ ਵਿਗਾੜ ਸੋਲਾਂ ਆਨੇ ਸੁਚੇਤ ਤੌਰ 'ਤੇ ਹੀ ਪਾਇਆ ਗਿਆ ਹੋਵੇਗਾ। ਗੁਰਬਾਣੀ ਦੇ ਸੱਚ ਵਿਚ ਉਸ ਵੇਲੇ ਇਹ ਵਿਗਾੜ ਪੈਣਾ ਪਦਾਰਥਕ ਹਾਲਾਤ ਦੀ ਮੰਗ ਸੀ (ਕਿਉਂਕਿ ਫਿਊਡਲ ਤੋਂ ਸਿਵਾਏ ਹੋਰ ਨਿਜ਼ਾਮ ਚੂੰਕਿ ਮੁਮਕਿਨ ਨਹੀਂ ਸੀ)। ਸੋ ਐਨ ਮੁਮਕਿਨ ਹੈ ਕਿ ਇਹ ਵਿਗਾੜ ਕਾਫੀ ਹੱਦ ਤਕ ਅਚੇਤ ਹੀ ਪਿਆ ਹੋਵੇ। ਗੁਰਬਾਣੀ ਦੇ ਜਿਨ੍ਹਾਂ ਟੀਕਾਕਾਰਾਂ, ਵਿਆਖਿਆਕਾਰਾਂ ਗੁਰਬਾਣੀ ਨੂੰ ਫਿਊਡਲ ਤੋਂ ਬੁਰਜੁਆ ਨਿਜ਼ਾਮ ਦੇ ਸੂਤ ਕੀਤਾ ਹੈ ਉਹ ਸਭ ਦੰਭੀ ਨਹੀਂ ਸਨ।

ਗੁਰਬਾਣੀ ਦੇ ਸਮਾਜਕ ਮਨੁਖੀ ਅਰਥ ਵਿਗਾੜੇ ਤੇ ਉਹਨਾਂ ਨਾਲ ਜਮਾਤੀ ਪੈਂਤੜੇ ਦੇ ਵਿਗਾੜ ਵਾਸਤੇ ਰਾਹ ਸਾਫ ਹੋ ਗਿਆ। ਆਮ ਸਿੱਖਾਂ, ਗੁਰੀਲਿਆਂ ਵਾਸਤੇ ਆਪਣੇ ਲੀਡਰਾਂ ਦੇ ਖਿਲਾਫ ਪੈਂਤੜੇ ਦੇ ਮਸਲੇ 'ਤੇ ਸਿਰ-ਧੜ ਦੀ ਲਾ ਬਹਿਣੀ ਸ਼ਾਇਦ ਮੁਮਕਿਨ ਹੀ ਨਹੀਂ ਸੀ। ਉਹਨਾਂ ਨੂੰ ਆਪਣੇ ਲੀਡਰਾਂ ਵਾਸਤੇ ਬੇਅੰਤ ਇਜ਼ਤ ਸੀ, ਉਹਨਾਂ 'ਤੇ ਪੂਰਾ ਇਤਬਾਰ ਸੀ। ਹੁੰਦਾ ਵੀ ਕਿਸ ਤਰ੍ਹਾਂ ਨਾ ? ਉਦੋਂ ਤਕ ਉਨ੍ਹਾਂ ਦੇ ਲੀਡਰ ਉਹਨਾ ਨਾਲ ਜ਼ਿੰਦਗੀ ਮੌਤ ਦੀ ਸਾਂਝ ਪਾਈ ਆਏ ਸਨ, ਉਸ ਸਾਂਝ ਨੂੰ ਨਿਭਾਈ ਆਏ ਸਨ। ਅਤੇ ਉਹਨਾਂ ਲੀਡਰਾਂ ਦੀ ਅਗਵਾਈ ਉਹਨਾਂ ਨੂੰ ਕਾਮਯਾਬੀ ਦੇ ਪੜਾਅ 'ਤੇ ਲੈ ਆਈ ਲਗਦੀ ਸੀ। ਸੌ ਵਿਸਵੇ ਉਹਨਾਂ ਨੂੰ ਤਾਂ ਇਹ ਹੀ ਲਗਦਾ ਹੋਵੇਗਾ ਕਿ ਜੋ ਪਾਤਸ਼ਾਹੀ ਗੁਰੂ ਗੋਬਿੰਦ ਸਿੰਘ ਨੇ ਖਾਲਸੇ ਨੂੰ ਬਖਸ਼ੀ ਸੀ, ਉਹਨਾਂ ਦੇ ਪੈਰ ਚੁੰਮਣ ਆ ਰਹੀ ਸੀ। ਉਹਨਾਂ ਨੂੰ ਕੀ ਪਤਾ ਸੀ ਕਿ ਪਦਾਰਥਕ ਹਾਲਾਤ ਦੀ ਲਿਆਂਦੀ ਉਹ ਸਟੇਜ ਆ ਗਈ ਹੈ ਕਿ ਗੁਰੂ ਗੋਬਿੰਦ ਸਿੰਘ ਦੇ ਸਾਜੇ ਖਾਲਸੇ ਨੇ ਹੀ ਹੁਣ ਉਹਨਾਂ ਦੇ 'ਅਕਾਲ' ਦੀ ਫੌਜ ਨਹੀਂ ਰਹਿਣਾ। ਅਤੇ ਜੋ ਪਾਤਸ਼ਾਹੀ ਮਿਲ ਰਹੀ ਹੈ ਉਹ ਗੁਰੂ ਗੋਬਿੰਦ ਸਿੰਘ ਦੀ ਬਖਸ਼ੀ ਪਾਤਸ਼ਾਹੀ ਦੀ ਸੋਲਾਂ ਆਨੇ ਨਗੇਸ਼ਨ ਹੈ। ਜਦੋਂ ਸਟੇਟ ਦੀ ਤਾਕਤ ਸਿੱਖਾਂ ਦੇ ਹੱਥ ਵਿਚ ਆਉਂਦੀ ਲਗਣ ਲੱਗ ਪਈ ਹੋਵੇਗੀ ਤਾਂ ਬਹੁਤ ਸਾਰੇ ਚਾਤਰ ਆਦਮੀ, ਜਿਨ੍ਹਾਂ ਨੇ ਨਾਮ ਦੇ ਪੈਂਤੜੇ 'ਤੇ ਆਉਣ ਦਾ ਕਦੇ ਸੁਪਨਾ ਵੀ ਨਹੀਂ ਸੀ ਲੈਣਾ, ਉਹ ਸਿੱਖੀ ਦਾ ਰੂਪ ਧਾਰ ਕੇ ਸਿੱਖਾਂ ਦੀਆਂ ਸਫਾਂ ਵਿਚ ਆਨੇ ਬਹਾਨੇ ਆਣ ਜੁੜੇ ਹੋਣਗੇ। ਅਤੇ ਐਸਿਆਂ ਦੇ ਧੜਾ ਧੜ ਆਉਣ ਨੇ ਜਮਾਤੀ ਪੈਂਤੜੇ ਦੇ ਵਿਗਾੜ ਦਾ ਰਾਹ ਪੱਕਾ ਤੇ ਹੋਰ ਸੌਖਾ ਕਰ ਦਿਤਾ ਹੋਵੇਗਾ। ਅੱਜ ਤਾਂ ਪੈ ਗਏ ਵਿਗਾੜ ਦੇ ਵੇਗ ਬਾਬਤ ਅੰਦਾਜ਼ੇ ਨਾਲ ਇਕ ਆਮ ਜਿਹਾ ਖਾਕਾ ਹੀ ਪੇਸ਼ ਕੀਤਾ ਜਾ ਸਕਦਾ ਹੈ। ਪਰ ਉਸ ਵੇਗ ਬਾਬਤ ਪੱਕਾ ਪਤਾ ਲਗਣਾ ਇਕ ਤਾਂ ਇਸ ਵਾਸਤੇ ਫਾਇਦੇਮੰਦ ਹੈ ਕਿ ਆਪਣੇ ਇਤਿਹਾਸ ਬਾਬਤ ਸਮਝ ਹੁਣ ਨਾਲੋਂ ਬਹੁਤ ਸਾਰੇ ਲੋਕਾਂ ਤੇ ਉਹਨਾਂ ਨਾਲ ਇਤਿਹਾਸਕਾਰਾਂ ਨੂੰ ਵੀ ਆ ਜਾਵੇ ਅਤੇ ਨਾਲੇ ਮਾਰਕਸੀ ਪੈਂਤੜੇ ਵਾਲਿਆਂ ਨੂੰ ਵੀ ਚਾਨਣਾਂ ਹੋ ਜਾਵੇ ਕਿ ਸਾਡੇ ਇਨਕਲਾਬੀ ਵਿਰਸੇ ਵਿਚ ਵਿਗਾੜ ਕਿਸ ਤਰ੍ਹਾਂ ਪਿਆ ਤੇ ਹੁਣ ਮਾਰਕਸਵਾਦ ਤੇ ਪਰੋਲਤਾਰੀ ਦੇ ਪੈਂਤੜੇ ਵਿਚ ਕਿਸ ਤਰ੍ਹਾਂ ਪੈ ਰਿਹਾ ਹੈ ?

"ਸਿਆਸੀ ਤਾਕਤ ਦੇ ਹਥ ਆਉਣ ਦੀ ਸੰਭਾਵਨਾ ਪੈਦਾ
ਹੋਣ ਨਾਲ ਮਰੀ ਲੀਡਰਸ਼ਿਪ ਨੂੰ ਹੀ ਪਈ ਹੋਵੇਗੀ।
ਗੁਰਮੁਖ ਤੋਂ ਮਨਮੁਖ ਅਤੇ ਭਾਈਆਂ ਤੋਂ ਸਰਦਾਰ ਬਣਨਾ
ਉਹਨਾਂ ਦਾ ਹੀ ਹਿੱਤ ਸੀ।"

ਪਤਾ ਨਹੀਂ ਸਿੱਖ ਲਹਿਰ ਦੇ ਇਤਿਹਾਸਕਾਰਾਂ ਕਿਉਂ ਇਸ ਲਹਿਰ ਦੇ ਜਮਾਤੀ ਪੈਂਤੜੇ ਨੂੰ ਸਮਝਣ ਦਾ ਮਸਲਾ ਹੀ ਨਹੀਂ ਸਮਝਿਆ; ਇਸ ਦੇ ਜਮਾਤੀ ਪੈਂਤੜੇ ਨੂੰ ਸਮਝਣ ਦੀ ਕੋਸ਼ਿਸ਼ ਹੀ ਨਹੀਂ ਕੀਤੀ। ਸਾਹਿਤ ਤੇ ਕਲਾ ਦੀ ਕਿਰਤ ਨੂੰ ਵੀ ਸਮਝਣ ਵਾਸਤੇ ਉਸ ਦਾ ਜਮਾਤੀ ਪੈਂਤੜਾ ਪਤਾ ਕਰਨਾ ਲਾਜ਼ਮੀ ਹੁੰਦਾ ਹੈ। ਜਮਾਤੀ ਸਮਾਜ ਵਿਚ ਕਿਹੜੀ ਵਿਚਾਰਧਾਰਕ ਆਦਿ ਕਿਰਤ ਮੁਮਕਿਨ ਹੈ ਜੋ ਸਮਾਜ ਦੇ ਇਕ ਜਾਂ ਦੂਸਰੇ ਜਮਾਤੀ ਪੈਂਤੜੇ ਦੀ ਨਹੀਂ ਹੋਵੇਗੀ ? ਜਦੋਂ ਸਮਾਜ ਵਿਚ ਆਪਸ ਵਿਚ ਵਿਰੋਧੀ ਜਮਾਤਾਂ ਹਨ ਉਹ ਕਿਹੜੀ ਵਿਚਾਰਧਾਰਾ ਜਾਂ ਵਿਚਾਰਧਾਰਕ ਕਿਰਤ ਹੈ ਜੋ



ਆਪਸ ਵਿਚ ਵਿਰੋਧੀ ਜਮਾਤਾਂ ਨੂੰ ਸਾਂਝੀ ਤੇ ਦੋਹਾਂ ਵਾਸਤੇ ਇਕੋ ਜਿਹੀ ਹੋਵੇ ? ਜੇ ਇਤਿਹਾਸਕਾਰਾਂ ਇਸ ਲਹਿਰ ਨੂੰ ਨਿਰੀ ਮਜ਼ਬੀ ਲਹਿਰ ਹੀ ਬਣਾਇਆ ਸੀ ਤਾਂ ਵੀ ਉਹਨਾਂ ਨੂੰ ਇਸ ਦਾ ਜਮਾਤੀ ਪੈਂਤੜਾ ਲਭਣਾ ਤੇ ਲਭ ਕੇ ਪੇਸ਼ ਕਰਨਾ ਚਾਹੀਦਾ ਸੀ। ਮਜ਼ਬ ਕੋਈ ਵੀ ਹੋਵੇ, ਉਹ ਵੀ ਤਾਂ ਅਕਸਰ ਕਿਸੇ ਜਮਾਤ ਦਾ ਹਿਤ ਹੁੰਦਾ ਹੈ। ਕਿਸੇ ਜਮਾਤੀ ਪੈਂਤੜੇ ਨੂੰ ਪ੍ਰਗਟ ਕਰਦਾ ਹੈ। ਵਿਚਾਰਧਾਰਕ ਆਦਿ ਪੱਧਰ 'ਤੇ ਆਪਣੇ ਜਮਾਤੀ ਪੈਂਤੜੇ ਦਾ ਹਿਤ ਪਾਲਦਾ ਹੈ। ਵਿਚਾਰਧਾਰਕ ਕਿਰਤ ਆਦਿ ਕਿਸੇ ਕਿਸਮ ਦੀ ਵੀ ਹੋਵੇ ਉਸ ਦਾ ਜਮਾਤੀ ਪੈਂਤੜਾ ਲਭਣਾ ਬੁਨਿਆਦੀ ਗਲ ਹੈ। ਉਸ ਦੇ ਸਮਾਜਕ ਮਨੁਖੀ ਰੋਲ ਦੀ ਗਲ ਤੁਰਦੀ ਹੀ ਉਥੋਂ ਹੈ। ਜਮਾਤੀ ਪੈਂਤੜਾ ਲਭਿਆਂ ਬਗੈਰ ਕਿਸੇ ਵੀ ਲਹਿਰ ਦਾ ਸਮਾਜਕ ਮਨੁਖੀ ਰੋਲ ਪਤਾ ਹੀ ਕਿਸ ਤਰ੍ਹਾਂ ਲਗ ਸਕਦਾ ਹੈ ? ਚੂੰਕਿ ਇਤਿਹਾਸਕਾਰ ਇਸ ਲਹਿਰ ਦੇ ਜਮਾਤੀ ਪੈਂਤੜੇ ਨੂੰ ਸਮਝਣ ਵਲ ਆਏ ਹੀ ਨਹੀਂ, ਇਸ ਵਾਸਤੇ ਉਹਨਾਂ ਨੂੰ ਲਹਿਰ ਦੇ ਅੰਦਰੋਂ ਪਿਆ ਜਮਾਤੀ ਪੈਂਤੜੇ ਦਾ ਵਿਗਾੜ, ਜਮਾਤੀ ਪੈਂਤੜੇ ਦੀ ਹਿਮਾਲੀਆ ਪਹਾੜ ਜਿੱਡੀ ਹੋਈ ਉਲਟਾ-ਪੁਲਟੀ ਦਿੱਸੀ ਹੀ ਨਹੀਂ।

"ਰਣਜੀਤ ਸਿੰਘ ਨੇ ਉਹਨਾਂ ਮਜ਼ਬੀ ਸੰਸਥਾਵਾਂ ਨੂੰ ਪੁਚ-
ਕਾਰਿਆ, ਪਲੋਸਿਆ, ਜੋ ਗੁਰੂ ਸਾਹਿਬ ਦੇ ਮੁਤਾਬਿਕ
'ਉਜਾੜ ਦਾ ਬੰਨਾ' ਸਨ।"

ਇਸ ਤੋਂ ਵੀ ਵੱਡੀ ਹੈਰਾਨੀ ਦੀ ਗਲ ਇਹ ਹੈ ਕਿ ਇਤਿਹਾਸਕਾਰ ਇਤਿਹਾਸ ਦੇ ਵਿਦਿਆਰਥੀ ਹਨ, ਆਪਣੇ ਆਪ ਨੂੰ ਉਸ ਦੇ ਮਾਹਿਰ ਸਮਝਦੇ ਹਨ, ਸਟੇਟ ਤੇ ਉਸ ਦੀ ਕਰਨੀ ਉਹਨਾਂ ਦਾ ਖਾਸ ਮਜ਼ਮੂਨ ਹੈ ਪਰ ਸਟੇਟ ਦੇ ਜਮਾਤੀ ਜੁੱਸੇ ਅਤੇ ਹਕੂਮਤ ਦੇ ਰੂਪ ਨੂੰ ਨਿਖੇੜ ਕੇ ਵੇਖਣ ਦੀ ਜਾਚ, ਇਹਨਾਂ ਦੋਹਾਂ ਵਿਚ ਤਮੀਜ਼ ਕਰਨ ਦੀ ਜਾਚ, ਲਗਦਾ ਹੈ, ਅਜੇ ਉਹਨਾਂ ਸਿਖਣੀ ਹੈ। ਨਤੀਜਾ ਦੁਖਦਾਈ ਹੈ। ਜੇ ਦੁਖਦਾਈ ਨਾ ਹੁੰਦਾ ਤਾਂ ਹਾਸੋ ਹੀਣਾ ਲਗਦਾ। ਆਨੇ ਬਹਾਨੇ, ਵਿੰਗੇ ਟੇਡੇ ਤਰੀਕੇ ਨਾਲ, ਸਾਹਮਣੇ ਦਿਸਦੇ ਤੱਥਾਂ ਨੂੰ ਮਰੋੜ ਤਰੋੜ ਕੇ ਰਣਜੀਤ ਸਿੰਘ ਦੀ ਸਟੇਟ ਨੂੰ ਸਿੱਖ ਲਹਿਰ ਦਾ ਸਿਖਰ ਬਣਾਈ ਜਾ ਰਹੇ ਹਨ। ਉਸ ਦੀ ਹੋਈ ਨਗੇਸ਼ਨ ਨਹੀਂ ਦਸਦੇ। ਸਗੋਂ ਰਣਜੀਤ ਸਿੰਘ ਦੀ ਸਟੇਟ ਨੂੰ ਮੁਖ ਰਖ ਕੇ, ਉਸ ਦੇ ਅਕਸ ਵਿਚ ਪਰੋ ਕੇ ਸਿੱਖ ਲਹਿਰ ਨੂੰ ਪੇਸ਼ ਕਰਨ ਦੀ ਕੋਸ਼ਿਸ਼ ਕਰਦੇ ਹਨ। ਗੁਰੂ ਸਾਹਿਬਾਨ ਦੀ ਚਲਾਈ ਸਿੱਖ ਲਹਿਰ ਤੇ ਤੱਤ ਖਾਲਸੇ ਦੀ ਕੀਤੀ ਗੁਰੀਲਾ ਜੰਗ 'ਤੇ ਪਰਲੇ ਦਰਜੇ ਦਾ ਉਪੱਦਰ ਕਰਦੇ ਹਨ। ਤੱਥ ਸਪਸ਼ਟ ਹਨ। ਅੱਖਾਂ ਦੇ ਹੁੰਦਿਆਂ ਸੁੰਦਿਆਂ ਕਿਸੇ ਨੂੰ ਨਾ ਦਿਸਣ, ਉਹ ਵੱਖਰੀ ਗੱਲ ਹੈ। ਰਣਜੀਤ ਸਿੰਘ ਦੀ ਆਰਥਕ ਸਮਾਜਕ ਫਾਰਮੇਸ਼ਨ ਫਿਊਡਲ ਸੀ। ਉਸ ਦੀ ਸਟੇਟ ਦਾ ਜਮਾਤੀ ਜੁੱਸਾ ਫਿਊਡਲ ਸੀ। ਉਸ ਦੀ ਹਕੂਮਤ ਫਿਊਡਲ ਬਾਦਸ਼ਾਹੀ ਸੀ। ਰਣਜੀਤ ਸਿੰਘ ਦੀ ਬਾਦਸ਼ਾਹੀ ਸੀ; ਗੁਰਬਾਣੀ ਵਾਲੇ ਰੱਬ ਦੀ 'ਸੱਚੀ ਪਾਤਸ਼ਾਹੀ' ਨਹੀਂ ਸੀ। ਸਤਿਗੁਰੂ ਦੀ 'ਸੱਚੀ ਪਾਤਸ਼ਾਹੀ' ਨਹੀਂ ਸੀ। ਜਿਹੜੀ 'ਸੱਚੀ ਪਾਤਸ਼ਾਹੀ' ਗੁਰੂ ਗੋਬਿੰਦ ਸਿੰਘ ਨੇ ਖਾਲਸੇ ਨੂੰ ਬਖਸ਼ੀ ਸੀ ਉਹ ਨਹੀਂ ਸੀ। ਰਣਜੀਤ ਸਿੰਘ ਦੀ ਆਰਥਕ ਸਮਾਜਕ ਫਾਰਮੇਸ਼ਨ ਦੀ ਸਟੇਟ ਗੁਰੂ ਸਾਹਿਬਾਨ ਵਾਲੀ ਸਿੱਖੀ ਦੀ ਸਟੇਟ ਨਹੀਂ ਸੀ। ਸਪਸ਼ਟ ਹੀ, ਸਿੱਖ ਲਹਿਰ ਵਾਲੇ 'ਸੱਚੇ ਪਾਤਸ਼ਾਹ' ਦੀ ਮੁਕੰਮਲ ਨਗੇਸ਼ਨ ਸੀ।

ਰਣਜੀਤ ਸਿੰਘ ਦੀ ਆਰਥਕ ਸਮਾਜਕ ਫਾਰਮੇਸ਼ਨ ਦੀ ਗੁਰੂ ਸਾਹਿਬਾਨ ਵਾਲੀ ਸਿੱਖ ਲਹਿਰ ਦੇ ਜਮਾਤੀ ਪੈਂਤੜੇ ਨਾਲ ਅਸਲੇ ਦੀ ਕੋਈ ਸਾਂਝ ਮੁਮਕਿਨ ਨਹੀਂ ਸੀ। ਜਮਾਤੀ ਪੈਂਤੜੇ ਇਕ ਦੂਸਰੇ ਦੇ ਸਿੱਧੇ ਵਿਰੋਧੀ ਸਨ। ਪਰ ਸਿੱਖੀ ਦੇ ਜਜ਼ਬੇ ਨੂੰ, ਗੁਰੂ ਸਾਹਿਬਾਨ ਵਾਸਤੇ ਲੋਕਾਂ ਦੇ ਦਿਲਾਂ ਵਿਚ ਜੋ ਜਜ਼ਬਾ ਸੀ, ਉਸ ਨੂੰ ਆਪਣੇ ਵਾਸਤੇ ਵਰਤਣ ਦੀ ਮਿਸਲਾਂ ਦੇ ਸਰਦਾਰਾਂ ਨੂੰ ਅਤੇ ਰਣਜੀਤ ਸਿੰਘ ਨੂੰ ਵੀ ਇਕ ਪਾਸਿਉਂ ਤਾਂ ਮਜਬੂਰੀ ਅਤੇ ਦੂਸਰੇ ਪਾਸੇ ਤੋਂ ਉਹਨਾਂ ਦੇ ਹਿਤ ਵਿਚ ਵੀ ਸੀ। ਗੁਰੂ ਸਾਹਿਬਾਨ ਵਾਸਤੇ ਅਤੇ ਉਹਨਾਂ ਦੀ ਦਿੱਤੀ ਸਿੱਖੀ ਵਾਸਤੇ ਲੋਕਾਂ ਦੇ ਦਿਲਾਂ ਵਿਚ ਜੋ ਜਜ਼ਬਾ ਸੀ, ਉਸ ਦੀ ਨਿਰਾਦਰੀ ਕਰ ਕੇ ਉਹ ਸਿਆਸੀ ਤੌਰ 'ਤੇ ਜੀਉਂਦੇ ਨਹੀਂ ਸਨ ਰਹਿ ਸਕਦੇ। ਸੋ ਰਣਜੀਤ ਸਿੰਘ ਆਦਿ ਨੇ ਸਿੱਖ ਲਹਿਰ ਦੇ ਜਮਾਤੀ ਪੈਂਤੜੇ ਦੇ ਅਸਲੇ ਨੂੰ ਪੂਰੀ ਤਰ੍ਹਾਂ ਵਿਗਾੜਦਿਆਂ ਹੋਇਆਂ, ਫਿਊਡਲ ਪੈਂਤੜੇ ਦੀ ਖੱਟੀ ਖਾਂਦਿਆਂ ਹੋਇਆਂ ਸਿੱਖੀ ਦੇ ਜਜ਼ਬੇ ਨੂੰ ਲਗਦੀ ਵਾਹ ਪਲੋਸਿਆ। ਉਸ ਨੂੰ ਕਾਰਗਰ ਤਰੀਕੇ ਨਾਲ ਆਪਣੇ ਫਿਊਡਲ ਹਿਤ ਵਾਸਤੇ, ਆਪਣੇ ਫਿਊਡਲ ਸਿਆਸੀ ਹਿਤ ਵਾਸਤੇ ਵਰਤਿਆ।

ਜੋ ਗੁਰੂ ਸਾਹਿਬਾਨ ਦੀ ਸਿੱਖੀ ਨਾਲ ਹੋਈ, ਉਹ ਕੋਈ ਜੱਗੋਂ-ਬਾਹਰੀ, ਨਿਵੇਕਲੀ, ਅਣਹੋਣੀ ਗਲ ਨਹੀਂ ਸੀ। ਅੱਜ ਤਕ ਇਹੋ ਕੁਛ ਹੀ ਹਰ ਇਨਕਲਾਬੀ ਮਜ਼ੂਬ, ਹਰ ਇਨਕਲਾਬੀ ਵਿਚਾਰ-ਧਾਰਾ ਨਾਲ ਹੁੰਦਾ ਆਇਆ ਹੈ। ਈਸਾਈ ਮੱਤ ਗੁਲਾਮਾਂ ਦਾ ਮਜ਼ੂਬ ਬਣ ਕੇ ਉਠਿਆ ਸੀ। ਮਗਰੋਂ ਤੇ ਅੱਜ ਤਕ ਇਸ ਦੇ ਵਾਸਤੇ ਈਸਾਈ ਲੋਕਾਂ ਦੇ ਜਜ਼ਬੇ ਨੂੰ ਲੋਟੂ ਜਮਾਤਾਂ ਆਪਣੇ ਹਿਤਾਂ ਵਾਸਤੇ ਵਰਤਦੀਆਂ ਆਈਆਂ ਹਨ। ਮੁਹੰਮਦ ਸਾਹਿਬ ਦੇ ਇਸਲਾਮ ਨਾਲ ਵੀ ਇਹੋ ਕੁਝ ਹੋਇਆ। ਇਸਲਾਮੀ ਮੁਲਕਾਂ ਵਿਚ ਅਜ ਵੀ ਸਭ ਦੀਆਂ ਅੱਖਾਂ ਦੇ ਸਾਹਮਣੇ, ਉਥੋਂ ਦੀਆਂ ਲੋਟੂ ਹਾਕਮ ਜਮਾਤਾਂ ਇਸਲਾਮ ਨੂੰ "ਇਸਲਾਮੀ ਬੁਨਿਆਦਵਾਦ" ਦੇ ਨਾਹਰੇ ਨਾਲ ਤੂਫ਼ਾਨੀ ਤਾਕਤ ਬਣਾ ਕੇ ਆਪਣੇ ਵਾਸਤੇ ਬੜੀ ਹੁਸ਼ਿਆਰੀ ਤੇ ਦਲੇਰੀ ਨਾਲ ਵਰਤ ਰਹੀਆਂ ਹਨ। ਹੋਰ ਤੇ ਹੋਰ, ਸਟੇਟ ਬੁਰਜੁਆਜ਼ੀਆਂ ਮਾਰਕਸਵਾਦ ਨੂੰ, ਉਸ ਵਾਸਤੇ ਲੋਕਾਂ ਦੇ ਦਿਲਾਂ ਵਿਚ ਜੋ ਜਜ਼ਬਾ ਹੈ ਉਸ ਨੂੰ ਮਾਰਕਸਵਾਦ ਦੇ ਵਿਰੋਧੀ ਪੈਂਤੜੇ ਵਾਸਤੇ ਕਾਮਯਾਬੀ ਨਾਲ ਵਰਤ ਰਹੀਆਂ ਹਨ। ਇਹ ਇਕ ਲਾਜ਼ਮੀ ਤੇ ਦਿਲਚਸਪ ਮਜ਼ਮੂਨ ਹੈ ਕਿ ਕਿਸ ਤਰ੍ਹਾਂ ਇਨਕਲਾਬੀ ਵਿਚਾਰਧਾਰਾਂ ਨੂੰ ਉਹਨਾਂ ਦੇ ਵਿਰੋਧੀ ਪੈਂਤੜੇ ਵਾਸਤੇ ਵਰਤਿਆ ਜਾਂਦਾ ਹੈ ਅਤੇ ਸਭ ਦੇ ਸਾਹਮਣੇ ਸਵਾਲ ਇਹ ਹੈ ਕਿ ਇਸ ਵਰਤੋਂ ਦੇ ਵਿਰੁਧ ਵਿਚਾਰਧਾਰਕ ਜਮਾਤੀ ਜਦੋ-ਜਹਿਦ ਕਿਸ ਤਰ੍ਹਾਂ ਵਿੱਢੀ ਜਾਵੇ।

ਰਣਜੀਤ ਸਿੰਘ ਨੇ ਆਪਣੇ ਆਪ ਨੂੰ ਬਾਦਸ਼ਾਹ ਜਾਂ ਮਹਾਰਾਜਾ ਨਹੀਂ ਅਖਵਾਇਆ। ਆਪਣੇ ਆਪ ਨੂੰ ਉਹ ਸਿੰਘ ਸਾਹਿਬ ਹੀ ਅਖਵਾਉਂਦਾ ਰਿਹਾ। ਤਖਤ 'ਤੇ ਨਹੀਂ ਬੈਠਾ। ਆਪਣਿਆਂ ਫੈਸਲਿਆਂ ਨੂੰ ਗੁਰਮਤਾ ਕਰ ਕੇ ਪੇਸ਼ ਕਰਨ ਦੀ ਕੋਸ਼ਿਸ਼ ਕਰਦਾ ਰਿਹਾ। ਹਾਲਾਂਕਿ ਗੁਰਮੱਤਿਆਂ ਵਾਲੀ, ਗੁਰੂ ਦੀ ਮੱਤ ਵਾਲੀ ਗਲ ਉਹਨਾਂ ਵਿਚ ਮੁਮਕਿਨ ਹੀ ਨਹੀਂ ਸੀ। ਸਿੱਖੀ ਜਜ਼ਬੇ ਨੂੰ ਪਲੋਸ ਕੇ ਉਸ ਨੂੰ ਆਪਣੇ ਵਾਸਤੇ ਵਰਤਣ ਲਈ ਰਣਜੀਤ ਸਿੰਘ ਨੇ ਕੀ ਕੁਝ ਕੀਤਾ, ਉਸ ਦੇ ਵਿਸਥਾਰ ਵਿਚ ਜਾਣ ਦੀ ਲੋੜ ਨਹੀਂ। ਦੇਖਣ ਵਾਲੀ ਗਲ ਇਹ ਹੈ ਕਿ ਗੁਰੂ ਸਾਹਿਬਾਨ ਦੀ ਸਿੱਖੀ ਨੂੰ ਨਾ ਉਸ ਨੇ ਛਡਿਆ, ਨਾ ਕਾਇਮ ਹੀ ਰਖਿਆ। ਫਿਊਡਲ ਹੁੰਦਾ ਹੋਇਆ ਨਾ ਉਹ ਕਾਇਮ ਰਖ ਹੀ ਸਕਦਾ ਸੀ। ਅਮਲੀ ਪੱਧਰ 'ਤੇ, ਜਿਸ ਤਰ੍ਹਾਂ ਉਸ ਦੇ ਵਾਸਤੇ ਲਾਜ਼ਮੀ ਸੀ, ਉਸ ਨੇ ਉਹਨਾਂ ਮਜ਼ੂਬੀ ਸੰਸਥਾਵਾਂ ਨੂੰ ਪੁਚਕਾਰਿਆ, ਪਲੋਸਿਆ, ਪਾਲਿਆ, ਚੁਕਿਆ ਜੋ ਗੁਰੂ ਨਾਨਕ ਸਾਹਿਬ ਦੇ ਮੁਤਾਬਕ 'ਉਜਾੜ ਦਾ ਬੰਨਾ' ਸਨ। ਅਤੇ ਉਹਨਾਂ ਮਜ਼ੂਬੀ ਸੰਸਥਾਵਾਂ ਵੀ ਅਗੋਂ



ਰਣਜੀਤ ਸਿੰਘ ਤੇ ਉਸ ਦੀ ਬਾਦਸ਼ਾਹੀ ਦੇ ਰੱਜ ਕੇ ਗੁਣ ਗਾਏ। ਉਸ ਦੇ ਰਾਜ ਦਾ ਉਹ ਰੱਜ ਕੇ ਵਿਚਾਰਧਾਰਕ ਅਡੰਬਰ ਬਣ ਕੇ ਵਗੀਆਂ। ਉਹਨਾਂ ਦਾ ਆਪਣਾ ਹਿਤ ਵੀ ਏਸੇ ਵਿਚ ਸੀ। (ਵੇਖੋ ਡਾਕਟਰ ਫੌਜਾ ਸਿੰਘ ਦਾ ਮਜ਼ਮੂਨ ਸੇਧ ਅਗਸਤ 1979) ਰਣਜੀਤ ਸਿੰਘ ਆਪ ਫਿਊਡਲ ਸੀ, ਗੁਰੂ ਸਾਹਿਬਾਨ ਵਾਲੀ ਸਿੱਖੀ ਦੀ ਲੀਹੇ ਨਹੀਂ ਸੀ। ਪਛਮੀ ਪੰਜਾਬ ਦੇ ਮੁਸਲਮ ਫਿਊਡਲਾਂ ਨੂੰ ਉਸ ਨੇ ਆਪਣੇ ਮਤੀਹ ਕੀਤਾ। ਰਣਜੀਤ ਸਿੰਘ ਦੀ ਫਾਰਮੇਸ਼ਨ ਹੈ ਤਾਂ ਫਿਊਡਲ ਹੀ ਸੀ ਪਰ ਇਕ ਤਾਂ ਨਵੀਂ ਉਠ ਰਹੀ ਫਿਊਡਲ ਸੀ ਅਤੇ ਦੂਸਰੇ ਉਸ ਦਾ ਪਿੱਛਾ ਅੰਤ ਇਨਕਲਾਬ ਦਾ ਸੀ, ਸੋ ਉਹ ਖੋਖਰ ਹੋਏ ਮੁਸਲਮ ਫਿਊਡਲਾਂ ਨਾਲੋਂ ਨਿਰੋਈ ਤੇ ਤਕੜੀ ਸੀ।

> "ਰਣਜੀਤ ਸਿੰਘ ਤੇ ਉਸ ਦੀ ਸਟੇਟ ਨੂੰ ਗੁਰੂ ਸਾਹਿਬਾਨ ਦੀ ਚਲਾਈ ਸਿੱਖ ਲਹਿਰ ਦਾ ਸਿਖਰ ਬਣਾ ਕੇ ਪੇਸ਼ ਕਰਨਾ, ਰਣਜੀਤ ਸਿੰਘ ਨੂੰ ਸਰਬਤ ਦੀ ਆਜ਼ਾਦੀ ਵਾਸਤੇ ਲੜਦੇ ਤੱਤ ਖਾਲਸੇ ਦੀ ਕਤਾਰ ਵਿਚ ਖੜਿਆਂ ਕਰਨਾ ਕੁਫ਼ਰ ਹੈ।"

ਬੰਦੇ ਦੀ ਬਣਤਰ ਵਿਚ ਨਿਜ਼ਾਮ, ਜਮਾਤੀ ਪੈਂਤੜਾ ਆਪਣਾ ਰੰਗ ਲਾਜ਼ਮੀ ਵਿਖਾਉਂਦਾ ਹੈ। ਫਿਊਡਲ ਨਿਜ਼ਾਮ, ਫਿਊਡਲ ਪੈਂਤੜੇ ਨੇ ਫਿਊਡਲ ਬਣੇ ਸਿੱਖ ਸਰਦਾਰਾਂ ਨੂੰ ਆਪਣੇ ਰਾਹੇ ਪਾਉਣਾ ਸੀ, ਸੋ ਪਾ ਲਿਆ। ਉਹਨਾਂ ਵਿਚ ਸਭ ਉਹ ਔਗੁਣ, ਉਹ ਵਹਿਸ਼ਤ, ਉਹ ਗਿਰਾਵਟ ਆਈ ਜੋ ਫਿਊਡਲਾਂ ਵਿਚ, ਲੋਟੂ ਜਮਾਤਾਂ ਵਿਚ ਹੁੰਦੀ ਹੈ। ਉਹ ਲਾਜ਼ਮੀ ਆਉਣੀ ਹੀ ਸੀ। ਗੁਰੂ ਗੋਬਿੰਦ ਸਿੰਘ ਦੇ ਸਾਜੇ ਖਾਲਸੇ ਦੇ ਮੁਕਾਬਲੇ 'ਤੇ ਉਹਨਾਂ ਵਿਚ ਆਚਰਨ ਦੀ ਉਹ ਗਿਰਾਵਟ ਆਈ ਕਿ ਰਹੇ ਰੱਬ ਦਾ ਨਾਂ। ਗੁਰੂ ਸਾਹਿਬਾਨ ਦੀ ਸਿੱਖੀ ਦੇ ਰੂਪ ਨੂੰ ਉਹ ਵੱਟਾ ਸੀ, ਬੰਦੇ ਦੀ ਆਜ਼ਾਦੀ ਨੂੰ ਮੋਹਣਾ ਸੀ।

ਤਰਜ਼ੇ-ਜ਼ਿੰਦਗੀ ਹਰ ਪਹਿਲੂ ਵਿਚ ਵਿਚਰਦੀ ਹੈ। ਸਿਆਸਤ ਤੇ ਸਿਆਸਤ ਦੀ ਸਿਖਰ, ਲੜਾਈ ਦਾ ਢੰਗ ਵੀ ਉਸ ਤੋਂ ਬਾਹਰ ਨਹੀਂ ਰਹਿੰਦਾ। ਉਸ ਤੋਂ ਨਾਬਰ ਨਹੀਂ ਹੋ ਸਕਦਾ। ਆਪਣੇ ਰਾਜ ਨੂੰ ਕਾਇਮ ਰਖਣਾ ਸਿੱਖ ਫਿਊਡਲ ਦਾ ਆਪਣਾ ਹਿਤ ਸੀ। ਪਰ ਉਹ ਫਿਊਡਲ ਸੀ। ਲੜਾਈ ਦੇ ਢੰਗ ਵਿਚ ਵੀ ਉਹ ਆਪਣੇ ਜਮਾਤੀ ਪੈਂਤੜੇ ਤੋਂ ਬਾਹਰ ਕਿਵੇਂ ਜਾ ਸਕਦਾ ਸੀ? ਹਰ ਜਮਾਤੀ ਪੈਂਤੜੇ ਦੀ ਆਪਣੀ ਮਨੁਖੀ ਬਣਤਰ, ਆਪਣਾ ਆਚਰਨ ਹੁੰਦਾ ਹੈ। ਉਹ ਅੱਖ ਦੇ ਫੋਰ ਵਿਚ ਨਹੀਂ ਬਦਲ ਸਕਦਾ। ਜਦੋਂ ਗੁਰੂ ਗੋਬਿੰਦ ਸਿੰਘ ਦੇ ਸਾਜੇ ਖਾਲਸੇ, ਤੱਤ ਖਾਲਸੇ ਨੇ ਗੁਰੀਲਾ ਜੰਗ ਵਿੱਢੀ ਸੀ ਤੇ ਅੱਧੀ ਸਦੀ ਤੋਂ ਉਪਰ ਲਗਾਤਾਰ ਲੜੀ ਸੀ, ਉਸ ਵੇਲੇ ਉਸ ਦੇ ਸਾਹਮਣੇ, ਗੁਰੀਲਾ ਜੰਗ ਦੀ ਕੋਈ ਮਿਸਾਲ ਨਹੀਂ ਸੀ। ਸਰਬਤ ਦੀ ਆਜ਼ਾਦੀ ਦੇ ਪੈਂਤੜੇ ਨੇ ਉਸ ਨੂੰ ਉਹ ਰਾਹ ਦਿਖਾਇਆ ਸੀ ਅਤੇ ਉਸ ਨੇ ਲੜਾਈ ਦਾ ਆਪਣਾ ਢੰਗ, ਮੁਢੋਂ ਲੈ ਕੇ ਅਖੀਰ ਤਕ ਆਪ ਉਸਾਰਿਆ ਸੀ। ਉਸ ਨੇ ਐਸੀ ਗੁਰੀਲਾ ਜੰਗ ਲੜੀ ਜਿਸ ਦੀ ਮਿਸਾਲ ਹਿੰਦੁਸਤਾਨ ਦੀ ਤਾਰੀਖ ਵਿਚ ਨਾ ਉਦੋਂ ਸੀ ਨਾ ਅੱਜ ਤਕ ਹੈ। ਆਪਣੀ ਆਜ਼ਾਦੀ ਦੇ ਪੈਂਤੜੇ ਦੀ ਪਕਿਆਈ ਦੇ ਸਿਰ 'ਤੇ ਉਸ ਨੇ ਅਜਿਹੀ ਗੁਰੀਲਾ ਜੰਗ ਲੜੀ ਜੋ ਦੁਨੀਆਂ ਵਿਚ ਲੜੀਆਂ ਗਈਆਂ ਸਭ ਗੁਰੀਲਾ ਜੰਗਾਂ ਵਿਚ ਵੀ ਅਣਗੌਲੀ ਨਹੀਂ ਰਹਿ ਸਕਦੀ। ਲੜੀ ਹੋਈ ਉਹ

ਗੁਰੀਲਾ ਜੰਗ ਸਿੱਖ ਫਿਊਡਲ ਦੇ ਸਾਹਮਣੇ ਸੀ। ਆਪਣਾ ਰਾਜ ਵੀ ਉਹ ਸੁਟ ਪਾਉਣਾ ਨਹੀਂ ਸੀ ਚਾਹੁੰਦਾ। ਪਰ ਉਹ ਗੁਰੀਲਾ ਜੰਗ ਉਸ ਦੀ ਪਹੁੰਚ ਤੋਂ ਬਾਹਰ ਸਾ। ਫਿਊਡਲ ਹੁੰਦਾ ਹੋਇਆ ਸਿੱਖ ਫਿਊਡਲ, ਆਪ ਵੀ ਲੋਕ-ਜੰਗ ਵਿਢਣੋਂ ਅਸਮਰੱਥ ਸੀ। ਅਤੇ ਉਸ ਦੀ ਫੌਜ ਵੀ ਉਸ ਦੇ ਆਪਣੇ ਜਮਾਤੀ ਰੰਗ ਵਿਚ ਹੀ ਰੰਗੀ ਜਾ ਚੁਕੀ ਸੀ। ਬੰਦੇ ਦੀ ਆਜ਼ਾਦੀ ਦੇ ਆਦਰਸ਼ ਨੂੰ ਮਨੋਂ ਚਿਤੋਂ ਭੁਲ ਭੁਲਾਅ ਬੈਠੀ ਸੀ। ਆਉਂਦੀ ਤਨਖਾਹ ਨੂੰ ਵਫਾਦਾਰ ਰ'ਹਣ ਦਾ ਸਬਕ ਹੀ ਪਕਾਅ ਚੁਕੀ ਸੀ। ਆਉਂਦੀ ਤਨਖਾਹ ਨੂੰ ਵਫਾਦਾਰ ਫੌਜ, ਫਿਊਡਲ ਦੀ ਫੌਜ ਲੋਕ-ਜੰਗ ਲੜਨ ਦੇ ਰਾਹੇ ਕਿਵੇਂ ਪੈ ਸਕਦੀ ਸੀ ? ਸੋ ਨਾ ਪਈ। ਅੰਗਰੇਜ਼ ਦੇ ਵਿਰੁਧ ਸਿੱਖ ਫਿਊਡਲ ਮੋਰਚਾ ਬੰਨ੍ਹ ਕੇ, ਜੰਮ ਕੇ ਲੜਿਆ। ਇਕ ਦੋ ਲੜਾਈਆਂ ਵਿਚ ਹੀ ਆਪਣਾ ਦਾਣਾ ਫੱਕਾ ਮੁਕਾ ਬੈਠਾ। ਅੰਗਰੇਜ਼ ਦੀ ਈਨ ਮੰਨ ਗਿਆ। ਉਸ ਨੂੰ ਵਫਾਦਾਰ ਹੋ ਕੇ ਜੀਉਣ ਦੇ ਰਾਹੇ ਪੈ ਗਿਆ। ਲਾਹੌਰ ਰਾਜ ਦਿਨਾਂ ਵਿਚ ਹੀ ਖਤਮ ਹੋ ਗਿਆ। ਆਪਣੇ ਸਰਦਾਰ ਵਾਂਗੂ ਹੀ ਉਸ ਦਾ ਫੌਜੀ, ਉਸ ਦੇ ਰਾਹੇ ਪੈ ਗਿਆ। ਉਸ ਦੇ ਫੌਜੀ ਨੂੰ ਵੀ ਅੰਗਰੇਜ਼ ਨੇ ਬਾਕਾਇਦਾ ਤਨਖਾਹ ਦਿਤੀ। ਉਹ ਤਨਖਾਹ ਨੂੰ ਵਫਾਦਾਰ ਰਹਿਣ ਦਾ ਸਬਕ ਹੀ ਪਕਾਅ ਚੁਕਾ ਸੀ। ਲਾਹੌਰ ਰਾਜ ਦਾ ਅਜੇ ਸਿਵਾ ਵੀ ਠੰਢਾ ਨਹੀਂ ਸੀ ਹੋਇਆ ਕਿ ਉਸ ਰਾਜ ਦਾ ਫੌਜੀ ਆਪਣੇ ਸਰਦਾਰ ਵਾਂਗ ਹੀ ਅੰਗਰੇਜ਼ ਨੂੰ ਵਫਾਦਾਰੀ ਪਾਲਣ ਦੇ ਰਾਹੇ ਪੈ ਗਿਆ। ਫਿਊਡਲ ਹੁੰਦਾ ਹੋਇਆ ਸਿੱਖ ਫਿਊਡਲ, ਜਿਸ ਆਨ ਤਕ ਪਹੁੰਚ ਸਕਦਾ ਸੀ, ਉਸ ਆਨ ਤਕ ਤਾਂ ਸਰਦਾਰ ਸ਼ਾਮ ਸਿੰਘ ਅਟਾਰੀ ਹੀ ਪਹੁੰਚਿਆ। ਉਸ ਨੇ ਮਨ ਵਿਚ ਧਾਰ ਲਈ ਕਿ ਮੈਦਾਨੇ ਜੰਗ ਵਿਚ ਮਰਨਾ ਮੰਨਜ਼ੂਰ, ਅੰਗਰੇਜ਼ ਅੱਗੇ ਵਿਛਣਾ ਨਹੀਂ, ਉਸ ਦੇ ਮਤੀਹ ਹੋ ਕੇ ਜੀਉਣਾ ਨਹੀਂ। ਪਰ ਉਹ ਵੀ ਆਪਣੇ ਜਮਾਤੀ ਪੈਂਤੜੇ ਦਾ ਮਾਰਿਆ ਨਾ ਗੁਰੀਲੇ ਬਣਾਉਣ ਦੇ ਰਾਹੇ ਪਿਆ, ਨਾ ਗੁਰੀਲੇ ਬਣਾ ਸਕਿਆ ਤੇ ਨਾ ਉਹਨਾਂ ਦਾ ਲੀਡਰ ਬਣ ਕੇ ਅੰਤਮ ਜਿੱਤ ਦੇ ਭਰਵੇਂ ਵਿਸ਼ਵਾਸ਼ ਨਾਲ ਜੂਝ ਸਕਿਆ।

ਰਣਜੀਤ ਸਿੰਘ ਤੇ ਉਸ ਦੀ ਸਟੇਟ ਨੂੰ ਗੁਰੂ ਸਾਹਿਬਾਨ ਦੀ ਚਲਾਈ ਸਿੱਖ ਲਹਿਰ ਦਾ ਸਿਖਰ ਬਣਾ ਕੇ ਪੇਸ਼ ਕਰਨਾ, ਰਣਜੀਤ ਸਿੰਘ ਨੂੰ ਸਰਬਤ ਦੀ ਆਜ਼ਾਦੀ ਵਾਸਤੇ ਲੜਦੇ ਤੱਤ ਖਾਲਸੇ ਦੀ ਕਤਾਰ ਵਿਚ ਖੜਿਆਂ ਕਰਨਾ ਕੁਫ਼ਰ ਹੈ। ਉਹ ਫਿਊਡਲ ਬਾਦਸ਼ਾਹ ਸੀ ਅਤੇ ਬਤੌਰ ਫਿਊਡਲ ਬਾਦਸ਼ਾਹ ਦੇ ਹੀ ਉਸ ਨੂੰ ਵੇਖਣਾ, ਪਰਖਣਾ ਚਾਹੀਦਾ ਹੈ। ਉਸ ਨੂੰ, ਉਸ ਦੀ ਸਟੇਟ ਨੂੰ, ਉਸ ਦੀ ਆਰਥਕ ਸਮਾਜਕ ਫਾਰਮੇਸ਼ਨ ਨੂੰ ਤਰਾਸ਼ ਕੇ ਗੁਰੂ ਸਾਹਿਬਾਨ ਦੀ ਚਲਾਈ ਸਿੱਖ ਲਹਿਰ ਨਾਲੋਂ ਵੱਖਰਿਆਂ ਤੇ ਵਿਰੋਧੀ ਪੇਸ਼ ਕਰਨਾ ਹੀ ਅਸਲੀਅਤ ਹੈ।

ਵਕਤ ਹੈ ਕਿ ਸਮੇਤ ਪੇਸ਼ਾਵਰ ਇਤਿਹਾਸਕਾਰਾਂ ਦੇ, ਅਸੀਂ ਸਭ ਜਮਾਤੀ ਪੈਂਤੜੇ ਦੀ ਪਰਖ ਕਰਨਾ, ਸਟੇਟ ਦੇ ਜਮਾਤੀ ਜੁੱਸੇ ਤੇ ਹਕੂਮਤ ਦੇ ਰੂਪ ਵਿਚ ਤਮੀਜ਼ ਕਰਨਾ ਤੇ ਇਤਿਹਾਸਕ ਤੱਥਾਂ ਨੂੰ ਅੱਖਾਂ ਖੋਲ੍ਹ ਕੇ ਵੇਖਣਾ ਸਿੱਖੀਏ। (ਸਮਾਪਤ)

---

1. In Chinese history, the peasant uprisings which broke out one after another with unremitting and fierce attacks on the rule of the landlord class demonstrated the undaunted revolutionary spirit of the Chinese peasants. It was only because at that time there were no new productive forces, no new relations of production, no new class forces and no advanced political party to lead them that those uprisings ended in failure. But defeat must not be equated with surrender. Chu Fang-Ming

2. Adultery also does not exist among the 'dogs'. None of them is a thief. A woman whether young or old is called by them a "Burhiya" one who has retired from the world...

The 'dogs' never resort to stealing and no thief exists among them and they do not keep company with the adulterer and the thief." Jang Naman of Qazi Nur Muhammad, pp. 172-5, edited by Hari Ram Gupta : A History of the Sikhs, Vol. 1, p. 29

3. This harassment of Ahmad Shah and effectiveness of the tactics of the Sikhs was noted with pleasure by Lord Clive of the East India Company in Calcutta. He commented : "If they continue to cut off his supplies and plunder his baggage, he will be ruined without fighting; and then he will either return to his country or meet with shame and disgrace. As long as he does not defeat the Sikhs or comes to terms with them, he cannot penetrate into India. And neither of these events seems probable, since the Sikhs have adopted such effective tactics, and since they hate the Shah on account of his destruction of chak. Calender of Persian Correspondence Vol.II,p.52, cited by Arjan Dass Malik in An Indian Guerilla War, pp. 70-71.




* ਸਾਹਿਤ ਦੀ ਸਮਝ

ਕਿਸ਼ਨ ਸਿੰਘ ਦੇ ਤਿੰਨ ਵਿਦਵਤਾ-ਭਰਪੂਰ ਲੇਖਾਂ ਦਾ ਸੰਗ੍ਰਹਿ—ਯਥਾਰਥਵਾਦ, ਆਲੋਚਨਾ ਤੇ ਸ ਹਿਤ ਦੀ ਸਮਝ। ਇਹ ਪੁਸਤਕ ਸਾਹਿਤ-ਪ੍ਰੇਮੀਆਂ ਅਤੇ ਐਮ. ਏ. ਤਕ ਦੇ ਵਿਦਿਆਰਥੀਆਂ ਲਈ ਬੇਮਿਸਾਲ ਪੁਸਤਕ ਹੈ। ਸਫ਼ੇ 340, ਪੱਕੀ ਜਿਲਦ, ਸਿਰਫ਼ ਲਾਇਬਰੇਰੀ ਐਡੀਸ਼ਨ; ਪੰਦਰਾਂ ਰੁਪੈ।

---

ਜਗਜੀਤ ਸਿੰਘ

ਗ਼ਦਰ ਪਾਰਟੀ ਲਹਿਰ

''...ਇਹ ਪੁਸਤਕ ਇਸ ਲਹਿਰ ਬਾਬਤ ਸਭ ਤੋਂ ਵਧੀਆ ਤੇ ਪ੍ਰਮਾਣੀਕ ਗਿਣੀ ਜਾ ਸਕਦੀ ਹੈ,' ਪ੍ਰਿੰਸੀਪਲ ਤੇਜਾ ਸਿੰਘ

ਵਡਾ ਸਾਈਜ਼, ਆਫ਼ਸੈੱਟ ਪ੍ਰਿੰਟਿੰਗ, ਪੱਕੀ ਸੁੰਦਰ ਜਿਲਦ, ਸਫ਼ੇ 183, ਮੁਲ : 30 ਰੁਪੈ, ਰਕਮ ਮਨੀਆਰਡਰ ਦੁਆਰਾ ਸੇਧ ਨੂੰ ਭੇਜ ਕੇ ਇਹ ਪੁਸਤਕ ਪ੍ਰਾਪਤ ਕਰੋ।

o ਤੇਜਵੰਤ ਮਾਨ ਦੇ ਪੱਤਰ ਦੇ ਉਤਰ ਵਿਚ : ਮਈ ਦੇ ਸੇਧ ਵਿਚ ਤੇਜਵੰਤ ਮਾਨ ਦਾ ਇਕ-ਪੱਤਰ, ਮੇਰੇ ਅਪ੍ਰੈਲ ਅੰਕ ਵਿਚ ਛਪੇ ਪੱਤਰ ਦੇ ਉਤਰ ਵਿਚ ਛਪਿਆ ਹੈ। ਉਹਨਾਂ ਨੇ ਖਾਹ-ਮਖਾਹ ਦੀ ਨਿੱਜੀ ਤੇ ਨਵੀਂ ਬਹਿਸ ਛੇੜ ਲਈ ਹੈ। ਮੇਰਾ ਵਿਸ਼ਵਾਸ ਹੈ ਕਿ ਨਿੱਜੀ-ਪੱਧਰ ਉਤੇ ਕੀਤੀ ਬਹਿਸ ਦਾ ਕਿਸੇ ਨੂੰ ਕੋਈ ਲਾਭ ਨਹੀਂ ਹੁੰਦਾ। ਪਰ ਇਕ ਵਾਰ ਉਹਨਾਂ ਨੇ ਫੇਰ ਮੈਨੂੰ ਇਸ ਬਹਿਸ ਵਿਚ ਘਸੀਟਣ ਦਾ ਯਤਨ ਕੀਤਾ ਹੈ।

ਉਹਨਾਂ ਦੇ ਤਿੰਨ ਕਿਸ਼ਤਾਂ ਵਿਚ ਛਪੇ ਲੇਖ ਤੇ ਇਸ ਪੱਤਰ ਦੀ ਸਾਰੀ ਸ਼ੈਲੀ ਨਿੱਜੀ ਵਿਰੋਧ ਵਾਲੀ ਹੈ। ਜੇ ਕਿਸੇ ਸਿਧਾਂਤ ਦਾ ਉਹ ਦਾਅਵਾ ਕਰਦੇ ਹਨ ਤਾਂ ਮੇਰੀ ਰਾਏ ਇਹੋ ਹੈ ਕਿ ਉਹਨਾਂ ਨੂੰ ਪ੍ਰੋ. ਕਿਸ਼ਨ ਸਿੰਘ ਜੀ ਨਾਲੋਂ ਕਿਸੇ ਪਖੋਂ ਵੀ ਮਾਰਕਸਵਾਦੀ ਸਿਧਾਂਤ ਦਾ ਬਹੁਤਾ ਗਿਆਨ ਨਹੀਂ। ਤੇ ਉਹ ਆਪਣੇ ਲੇਖ ਵਿਚ ਪ੍ਰੋ. ਕਿਸ਼ਨ ਸਿੰਘ ਦੇ (ਨਾਵਲਾਂ ਬਾਰੇ) ਛਪੇ ਲੇਖਾਂ ਵਿਚਲੀਆਂ ਸਾਰੀਆਂ ਸਿਧਾਂਤਕ ਟਿਪਣੀਆਂ ਨੂੰ ਛਿੱਕੇ ਉਤੇ ਟੰਗ ਕੇ ਇਹ ਸਿੱਧ ਕਰਨ ਉਤੇ ਲੱਗੇ ਹੋਏ ਹਨ ਕਿ ਗੁਰਦਿਆਲ ਸਿੰਘ ਇਕ ਪੂਰਾ-ਸੂਰਾ ਰੀਐਕਸ਼ਨਰੀ ਲੇਖਕ ਹੈ। ਜੇ ਉਹਨਾਂ ਦੀ ਅਜਿਹੀ ਧਾਰਨਾ ਨੂੰ ਨਿਮਨ ਪੱਧਰ ਦੀ ਕਿਸੇ ਨਿੱਜੀ ਕਿੜ ਨਾਲ ਨਾ ਜੋੜਿਆ ਜਾਏ ਤਾਂ ਹੋਰ ਕੀ ਸਮਝਿਆ ਜਾਏ ?

ਮਾਨ ਸਾਹਿਬ ਕਹਿੰਦੇ ਹਨ ਕਿ ਜੇ ਮੈਨੂੰ ਉਹਨਾਂ ਦੀ ਗੱਲ ਦੀ ਕੋਈ ਸਮਝ ਨਹੀਂ ਪੈਂਦੀ ਤਾਂ ਮੈਂ ਉਹ ਸਪਸ਼ਟੀਕਰਨ ਦੇਣ ਵਾਲਾ ਪੱਤਰ ਕਿਵੇਂ ਲਿਖ ਦਿਤਾ। ਇਹੋ ਤਾਂ ਇਕ ਗੱਲ ਹੈ ਜਿਹੜੀ ਉਹਨਾਂ ਨੂੰ ਕਦੇ ਸਮਝ ਨਹੀਂ ਆਈ। ਆਪਣੀ ਕਿਸੇ ਨਿਜੀ ਧਾਰਨਾ ਤੇ ਵਿਰੋਧ ਕਾਰਨ ਉਹ ਹਰ ਗੱਲ ਦੇ ਅਰਥ ਆਪਣੀ ਮਨ-ਮਰਜ਼ੀ ਅਨੁਸਾਰ ਕਢ ਬੈਠਦੇ ਹਨ। ਦੁਬਾਰਾ ਫੇਰ ਕਹਿੰਦਾ ਹਾਂ ਕਿ ਮੈਨੂੰ ਉਹਨਾਂ ਦੀ ਕਿਸੇ ਉਸ ਗੱਲ ਦੀ ਸਮਝ ਅੱਜ ਤਕ ਨਹੀਂ ਆਈ ਜਿਸ ਦਾ ਸਬੰਧ ਕਿਸੇ ਸਿਧਾਂਤ ਜਾਂ ਗੰਭੀਰ ਸੋਚ ਨਾਲ ਹੋਵੇ। ਪਰ ਉਹਨਾਂ ਦੀਆਂ ਅਜਿਹੀਆਂ ਚਾਲਾਕੀਆਂ ਤਾਂ ਸਾਫ਼ ਫੜੀਆਂ ਜਾਂਦੀਆਂ ਕਿ ਉਹਨਾਂ ਨੇ ਆਪਣੀ ਚਿੱਠੀ ਵਿਚ ਮੇਰੇ ਪੁਰਾਣੇ ਮਿੱਤਰ ਜਸਬੀਰ ਸਿੰਘ ਐਡਵੋਕੇਟ ਦੇ ਨਾਂ ਨਾਲ "ਯੂਥ ਕਾਂਗਰਸ ਦਾ ਪ੍ਰਧਾਨ" ਕਿਉਂ ਲਿਖਿਆ ਹੈ। (ਜਸਬੀਰ ਮੇਰਾ ਉਦੋਂ ਦਾ ਦੋਸਤ ਹੈ ਜਦੋਂ ਉਹ ਅਕਾਲੀ ਮੋਰਚੇ ਵਿਚ ਕੈਦ ਕੱਟ ਕੇ ਆਇਆ ਸੀ।) ਅਜਿਹੇ ਨਿਜੀ ਸੰਬੰਧਾਂ ਨੂੰ ਵੀ ਸਿਆਸਤ ਦਾ ਰੰਗ ਚਾੜ੍ਹਨ ਦੇ ਮਾਨ ਸਾਹਿਬ ਦੇ ਯਤਨ, ਨਿਰੋਲ ਬਚਕਾਨਾ ਹਨ। ਇਸੇ ਲਈ ਮੈਂ ਕਹਿੰਦਾ ਹਾਂ ਕਿ ਉਹਨਾਂ ਦੀ ਸੋਚ ਵਿਚ ਸਿਧਾਂਤਾਂ ਦੀ ਕੋਈ ਥਾਂ ਨਹੀਂ। ਤੇ ਨਿੱਜੀ ਪੱਧਰ ਉਤੇ ਉੱਤਰ ਆਉਣ ਵਾਲੇ ਬੰਦੇ ਨਾਲ ਕੋਈ ਵੀ ਸਿਧਾਂਤਕ ਗੱਲ ਨਹੀਂ ਕੀਤੀ ਜਾ ਸਕਦੀ।

ਉਹ ਖਾਹ-ਮਖਾਹ, ਗਾਲ੍ਹਾਂ ਮਿਹਣਿਆਂ ਉਤੇ ਉੱਤਰ ਆਏ ਹਨ। ਕਦੇ ਮੈਨੂੰ 'ਵਿਅਕਤੀ-



ਪੂਜਾ ਦੇ ਗੀਤ ਸੁਣਨ ਦਾ ਆਦੀ' ਕਹਿੰਦੇ ਹਨ, ਕਦੇ 'ਸਭਿਆਚਾਰਕ ਗੁਲਾਮ', ਤੇ ਕਿਧਰੇ ਸਥਾਪਤੀ ਦੀ ਕੁਰਸੀ ਹਿਲਣ ਤੋਂ ਡਰਨ ਵਾਲਾ ਕਾਇਰ। ਉਹਨਾਂ ਦੀ ਹਰੇਕ ਅਜਿਹੀ ਗੱਲ ਦਾ ਸਿੱਧਾ ਮਕਸਦ ਨਿੱਜੀ ਹੈ। ਕਿਸੇ ਵੀ ਲੇਖਕ ਬਾਰੇ ਅਜਿਹੀਆਂ ਨਿੱਜੀ ਧਾਰਨਾਵਾਂ ਉਦੋਂ ਤੱਕ ਉੱਕਾ ਗ਼ਲਤ ਤੇ ਭੁਲੇਖਾਪਾਊ ਹੁੰਦੀਆਂ ਹਨ ਜਦੋਂ ਤਕ ਉਹਦੇ ਨਿੱਜੀ ਜੀਵਨ ਬਾਰੇ ਕਿਸੇ ਨੂੰ ਚੰਗੀ ਤਰ੍ਹਾਂ ਪਤਾ ਨਾ ਹੋਵੇ। ਤੇ ਕਿਸੇ ਵੀ ਬੰਦੇ ਬਾਰੇ, ਸਭ ਤੋਂ ਵਧ ਉਹਦੇ ਨੇੜੇ ਦੇ ਦੋਸਤ ਤੇ ਪਰਵਾਰ ਦੇ ਬੰਦੇ ਹੀ ਜਾਣਦੇ ਹੁੰਦੇ ਹਨ। ਤੇ ਮੇਰਾ ਮਾਨ ਸਾਹਿਬ ਨਾਲ ਕਦੇ ਕੋਈ ਦੋਸਤਾਨਾ ਨਹੀਂ ਰਿਹਾ। ਉਹ ਆਪ ਹੀ ਮੰਨਦੇ ਹਨ ਕਿ ਅਸੀਂ ਸਿਰਫ ਕੁਝ ਸਮਾਗਮਾਂ ਉਤੇ ਤੇ ਇਕ ਵਾਰ ਬੱਸ ਅੱਡੇ ਉਤੇ ਮਿਲੇ ਹਾਂ।

ਜਿਥੋਂ ਤੱਕ ਮਾਨ ਸਾਹਿਬ ਦੇ ਮੇਰੇ 'ਬੱਸਾਂ ਦੇ ਅਡਿਆਂ ਉਤੇ' ਕਹੇ ਸ਼ਬਦਾਂ ਦੇ ਅਰਥ ਕਢਣ ਦਾ ਸੁਆਲ ਹੈ, ਉਹਦੀ ਇਕ ਦਿਲਚਸਪ ਮਿਸਾਲ ਉਹਨਾਂ ਦੇ ਆਪਣੇ ਪੱਤਰ ਵਿਚ ਹੀ ਮੌਜੂਦ ਹੈ। ਅਪ੍ਰੈਲ ਦੇ 'ਸੇਧ' ਵਿਚ ਛਪੇ ਮੇਰੇ ਪੱਤਰ ਵਿਚੋਂ 'ਸਭ ਤੋਂ ਵਧ' ਇਤਰਾਜ਼ ਵਾਲੀ ਗੱਲ ਉਹਨਾਂ ਨੂੰ ਇਹ ਸਮਝ ਆਈ ਕਿ ਮੈਂ ਉਹਨਾਂ ਦੇ 'ਤੂੰ' ਕਹਿਣ ਉਤੇ ਇਤਰਾਜ਼ ਕੀਤਾ ਹੈ (ਭਾਵ ਇਹ ਕਿ, ਮੈਂ ਚਾਹੁੰਦਾ ਸਾਂ ਉਹ ਮੈਨੂੰ 'ਤੁਸੀਂ' ਕਹਿਣ)। ਪਰ ਮੇਰਾ ਇਤਰਾਜ਼ ਉੱਕਾ ਇਹ ਨਹੀਂ। ਉਹ ਮਿਹਰਬਾਨੀ ਕਰ ਕੇ ਪੱਤਰ ਦੁਬਾਰਾ ਧਿਆਨ ਨਾਲ ਪੜ੍ਹ ਲੈਣ। ਮੈਂ ਸਿਰਫ ਇਹ ਕਿਹਾ ਸੀ ਕਿ ਕਿਸੇ ਲੇਖਕ ਨੂੰ 'ਨਾਲਾਇਕ ਵਿਦਿਆਰਥੀ' ਸਮਝ ਕੇ ਇਹ ਕਹਿਣਾ ਠੀਕ ਨਹੀਂ ਕਿ ਉਹਨੂੰ (ਲੇਖਕ ਨੂੰ) ਕਿਸੇ ਵੀ ਗੱਲ ਦਾ ਪਤਾ ਨਹੀਂ। ਮੇਰਾ ਇਤਰਾਜ਼ 'ਤੂੰ' ਜਾਂ 'ਤੁਸੀਂ' ਉਤੇ ਨਹੀਂ ਸੀ ਸਗੋਂ 'ਅਹਿ ਨਹੀਂ ਪਤਾ', 'ਅਹੁ ਨਹੀਂ ਪਤਾ' ਉਤੇ ਸੀ। ਤੇ ਜੇ ਮਾਨ ਸਾਹਿਬ ਸਾਫ ਸਾਫ ਲਿਖੇ ਸ਼ਬਦਾਂ ਤੇ ਵਾਕਾਂ ਦੇ ਅਰਥ ਵੀ ਆਪਣੀਆਂ ਨਿੱਜੀ ਇੱਛਾਵਾਂ, ਵਿਰੋਧਾਂ ਜਾਂ ਕਿੜਾਂ ਅਨੁਸਾਰ ਕਢੀ ਜਾਂਦੇ ਹਨ ਤਾਂ ਜ਼ਬਾਨੀ ਬੋਲੇ ਸ਼ਬਦਾ ਦੇ ਅਰਥ ਉਹ ਕੀ ਸਮਝ ਸਕਦੇ ਹਨ ?

ਅੰਤ ਵਿਚ ਏਨਾ ਹੀ ਕਿ ਮੈਂ ਕਦੇ ਵੀ ਸਾਹਿਤ ਤੇ ਸਿਆਸਤ ਦੇ ਸੰਬੰਧਾਂ ਤੋਂ ਮੁਨਕਰ ਨਹੀਂ ਹੋਇਆ। ਪਰ ਜਿਹੜੀ 'ਸਿਆਸਤ' ਤੇ ਜਿਸ 'ਸਾਹਿਤ' ਦੀਆਂ ਗੱਲਾਂ ਮਾਨ ਸਾਹਿਬ ਕਰਦੇ ਹਨ; ਜਾਂ ਜਿਹੜਾ ਸਿਆਸਤ, ਸਾਹਿਤ ਤੇ ਸਮਾਜ ਦਾ ਪੇਤਲਾ, ਸਿੱਧਾ ਤੇ ਸਿੱਧੜ ਸੰਬੰਧ ਮਾਨ ਸਾਹਿਬ ਆਪਣੇ ਲੇਖ ਵਿਚ ਦੁਹਰਾਈ ਜਾਂਦੇ ਹਨ—ਉਹਦੀ ਮੈਨੂੰ ਕੋਈ ਸਮਝ ਨਹੀਂ ਲੱਗੀ। (ਤੇ ਨਾ ਅਜਿਹੀ ਸਮਝ ਦੀ ਮੈਂ ਕਦੇ ਲੋੜ ਹੀ ਮਹਿਸੂਸ ਕੀਤੀ ਹੈ।) ਉਹਨਾਂ ਨੂੰ ਮੈਂ ਭਰੋਸਾ ਦੁਆਉਂਦਾ ਹਾਂ ਕਿ ਮੈਂ ਉਹਨਾਂ ਨਾਲ ਇਸ ਕਰਕੇ ਗੱਲ ਕਰਨੋ ਕਦੇ ਕੰਨੀ ਨਹੀਂ ਕਤਰਾਈ ਕਿ ਉਹਨਾਂ ਨੂੰ 'ਅਦਨਾ' ਸਮਝਦਾ ਹਾਂ। ਸਗੋਂ ਇਸ ਕਰ ਕੇ ਕਦੇ ਬਹਿਸ ਵਿਚ ਪੈਣਾ ਜ਼ਰੂਰੀ ਨਹੀਂ ਸਮਝਿਆ ਕਿ ਮੇਰੇ ਖਿਆਲ ਅਨੁਸਾਰ ਉਹਨਾਂ ਨੂੰ ਸਾਹਿਤ, ਸਮਾਜ ਤੇ ਸਿਆਸਤ ਦੇ ਸੰਬੰਧਾਂ ਦੀ ਗਹਿਰਾਈ ਦਾ ਕੋਈ ਗਿਆਨ ਨਹੀਂ। ਫੇਰ ਬਹਿਸ ਕਾਹਦੇ ਲਈ ਕੀਤੀ ਜਾਏ ? (ਸਿਰਫ 'ਨਿੱਜੀ ਤਸੱਲੀ' ਲਈ ? )

ਮੈਂ ਬਾਘੇ-ਪੁਰਾਣੇ ਉਹਨਾਂ ਦੇ ਪਰਚਾ ਪੜ੍ਹੇ ਜਾਣ ਸਮੇਂ ਕਿਉਂ ਨਾ ਗਿਆ ? ਬਠਿੰਡੇ ਉਹਨਾਂ ਦੀ ਇਸ ਟਿੱਪਣੀ ਦਾ ਉੱਤਰ ਕਿਉਂ ਨਾ ਦਿਤਾ ? ਆਦਿ ਗੱਲਾਂ ਦੇ ਜਿਹੜੇ ਵੀ ਨਿੱਜੀ ਅਰਥ ਉਹਨਾਂ ਨੇ ਕਢੇ ਹਨ ਉਹ ਸਾਰੇ ਗ਼ਲਤ ਹਨ। ਉਹਨਾਂ ਕੋਲ ਕੋਈ ਅਜਿਹਾ ਸਬੂਤ ਸੰਭਵ ਨਹੀਂ ਕਿ ਮੈਂ ਕਿਸੇ ਵਿਸ਼ੇਸ਼ ਡਰ ਕਾਰਨ ਉਹਨਾਂ ਦੇ ਸਾਹਮਣੇ ਨਹੀਂ ਹੋਇਆ। ਇਹ ਸਭ ਨਿਮਨ ਸੋਚ ਤੇ ਨਿੱਜੀ ਪਧਰ ਦੀਆਂ ਗੱਲਾਂ ਹਨ। ਅਜਿਹੀ ਬਹਿਸ ਵਿਚ ਸਮਾਂ ਨਸ਼ਟ ਕਰਨ ਨਾਲ ਕਿਸੇ ਨੂੰ ਕੀ

ਲਾਭ ਹੋ ਸਕਦਾ ਹੈ ? ਅਜਿਹੇ ਵੇਲੇ ਮੈਨੂੰ ਪ੍ਰਸਿਧ ਕਹਾਣੀਕਾਰ ਸਮਰਸਟ ਮਾਮ੍ਹ ਦੀ ਗੱਲ ਚੇਤੇ ਆਉਂਦੀ ਹੈ। ਉਹਦਾ ਕਹਿਣਾ ਹੈ ਕਿ ਮੈਂ ਕਿਸੇ ਪ੍ਰਾਇਮ ਮਨਿਸਟਰ ਨਾਲ 'ਗੱਲ-ਬਾਤ' ਕਰਨ ਦੀ ਥਾਂ, ਕਿਸੇ ਨਿੱਕੇ ਜਿਹੇ ਜਜ਼ੀਰੇ ਵਿਚ, ਕਿਸੇ ਸਲੋਤਰੀ ਨਾਲ ਗੱਲਾਂ ਕਰਨੀਆਂ ਵਧੇਰੇ ਲਾਭਦਾਇਕ ਸਮਝਾਂਗਾ।

ਅਖੀਰ ਵਿਚ ਮੈਂ ਮਾਨ ਸਾਹਿਬ ਨੂੰ ਵਿਸ਼ਵਾਸ ਦੁਆਉਂਦਾ ਹਾਂ ਕਿ ਨਿੱਜੀ ਪੱਧਰ ਉਤੇ ਉੱਤਰ ਕੇ, ਅੱਗੋਂ ਉਹ (ਜਾਂ ਉਹਨਾਂ ਵਰਗਾ ਕੋਈ ਵੀ ਹੋਰ ਸੱਜਣ) ਕੁਝ ਪਏ ਕਹਿਣ, ਮੈਂ ਕਦੇ ਵੀ ਅਜਿਹੀ ਫਜ਼ੂਲ ਬਹਿਸ ਵਿਚ ਉਲਝਣ ਲਈ ਆਪਣਾ ਸਮਾਂ ਨਸ਼ਟ ਨਹੀਂ ਕਰਾਂਗਾ। (ਕਰਨ ਵਾਲੇ ਜ਼ਿੰਦਗੀ ਵਿਚ ਹੋਰ ਬਹੁਤ ਕੰਮ ਹਨ।) ਇਹ ਪੱਤਰ ਵੀ ਸਿਰਫ ਏਸ ਲਈ ਲਿਖਿਆ ਹੈ ਕਿ "ਸੇਧ" ਦੇ ਗੰਭੀਰ ਪਾਠਕਾਂ ਨੂੰ ਦੱਸ ਸਕਾਂ ਕਿ ਅਜਿਹੀਆਂ ਨਿੱਜੀ ਪੱਧਰ ਦੀਆਂ ਲਿਖਤਾਂ ਤੇ ਬਹਿਸਾਂ ਵਿਚੋਂ ਕਦੇ ਕੁਝ ਨਹੀਂ ਨਿਕਲਦਾ। ਇਹ ਪਾਣੀ ਵਿਚ ਮਧਾਣੀ ਪਾਉਣ ਵਰਗਾ ਹੀ ਬੇਅਰਥ ਕਾਰਜ ਹੈ।

— ਗੁਰਦਿਆਲ ਸਿੰਘ

o ਮਸਲਾ ਸਿਰ ਪਰਨੇ : ਸੇਧ ਅਪਰੈਲ ਵਿਚ ਨਛੱਤਰਜੀਤ ਸੇਮਾਂ ਦੀ ਟਿਪਣੀ ਛਪੀ ਸੀ। ਉਸ ਪਿਛੋਂ ਮਈ ਅੰਕ ਵਿਚ ਕਿਸੇ "ਬੁੜ੍ਹੀ ਦੇ ਪੁਤ" ਨੇ ਉਸ ਦਾ ਵਿਸਥਾਰ ਕਰਨ ਦਾ ਯਤਨ ਕੀਤਾ ਹੈ। ਜਿਥੋਂ ਤਕ ਮੇਰਾ ਖ਼ਿਆਲ ਹੈ ਨਛੱਤਰਜੀਤ ਉਹ ਕੁਝ ਨਹੀਂ ਕਹਿਣਾ ਚਾਹੁੰਦਾ ਸੀ ਜੋ ਕੁਝ "ਬੁੜ੍ਹੀ ਦੇ ਪੁਤ" ਨੇ ਕਿਹਾ ਹੈ। ਮਸਲੇ ਵਲ ਇਹ ਦਰੁਸਤ ਪਹੁੰਚ ਨਹੀਂ ਬਲਕਿ ਮਸਲੇ ਨੂੰ ਸਿਰ ਪਰਨੇ ਖੜਾ ਕਰਨਾ ਜਾਂ ਘੋੜੇ ਅਗੇ ਗੱਡੀ ਨੂੰ ਜੋੜਨਾ ਹੈ।

ਇਸ ਗੱਲ ਤੋਂ ਕੌਣ ਇਨਕਾਰੀ ਹੈ ਕਿ ਹੋਰਨਾਂ ਜੀਵਨ ਲੋੜਾਂ ਵਾਂਗ ਸੈਕਸ ਵੀ ਜੀਵਨ ਦੀ ਇਕ ਅਹਿਮ ਲੋੜ ਹੈ। ਇਸ ਦੀ ਪੂਰਤੀ ਲਈ ਕੁਦਰਤੀ ਵਸੀਲੇ ਚਾਹੀਦੇ ਹਨ। ਇਹ ਕੁਝ ਮੁੱਢ ਕਦੀਮ ਤੋਂ ਹੁੰਦਾ ਰਿਹਾ ਹੈ। ਪਰੰਤੂ ਲੋੜ ਤੋਂ ਬਿਨਾਂ "ਉਲਾਰ" ਵੀ ਹੁੰਦਾ ਹੈ। ਇਸ ਉਲਾਰ ਨੂੰ ਵਿਭਚਾਰ ਕਿਹਾ ਗਿਆ ਹੈ ਅਤੇ ਇਸ ਨੂੰ ਸਦਾ ਨਿੰਦਿਆ ਗਿਆ ਹੈ। ਇਸ ਉਲਾਰ ਨੂੰ ਕਦੇ ਵੀ ਸਮਾਜਕ ਮਾਨਤਾ ਪਰਾਪਤ ਨਹੀਂ ਹੋਈ। ਇਸ ਤੋਂ ਬਿਨਾਂ ਹਾਕਮ ਜਮਾਤਾਂ ਜਾਣ ਬੁਝ ਕੇ ਉਲਾਰ ਪੈਦਾ ਕਰਦੀਆਂ ਤੇ ਇਸ ਨੂੰ ਜਮਾਤੀ ਲੁਟ ਲਈ ਵਰਤਦੀਆਂ ਰਹੀਆਂ ਹਨ। ਇਹ ਉਲਾਰ, ਇਸਤਰੀ ਦੀ ਦਾਸਤਾ ਦਾ ਕਾਰਨ ਵੀ ਰਿਹਾ ਹੈ।

ਹੁਣ ਸਵਾਲ ਹੈ ਕਿ ਜਿਸ ਮਸਲੇ ਦੀ ਗੱਲ ਚਲ ਰਹੀ ਹੈ, ਇਸ ਸਮੇਂ ਇਹ ਲੋੜ ਤਕ ਸੀਮਤ ਹੈ ਜਾਂ ਉਲਾਰ ਬਣ ਗਿਆ ਹੈ ? ਮੇਰਾ ਖ਼ਿਆਲ ਹੈ ਇਹ ਉਲਾਰ ਹੈ। ਇਸੇ ਲਈ ਵਿਭਚਾਰ ਹੈ। ਨਿੰਦਣਯੋਗ ਹੈ। ਦੂਜਾ ਸਵਾਲ ਹੈ ਇਹ ਉਲਾਰ ਕਿਵੇਂ ਆਇਆ ? ਇਹ ਹਾਕਮ ਜਮਾਤ ਨੇ ਜਾਣ ਬੁਝ ਕੇ ਪੈਦਾ ਕੀਤਾ ਹੈ, ਤੇ ਕਰ ਰਹੀ ਹੈ। ਇਸ ਕੰਮ ਲਈ ਵਿਗਿਆਨਿਕ ਸਾਧਨਾਂ ਦੀ ਦੁਰਵਰਤੋਂ ਕਰ ਰਹੀ ਹੈ। ਕਲਾਕਾਰਾਂ ਨੂੰ ਮੰਡੀ ਦਾ ਮਾਲ ਬਣਾ ਕੇ ਵਰਤ ਰਹੀ ਹੈ। ਹਾਕਮ ਜਮਾਤ ਇਸ ਤਰ੍ਹਾਂ ਆਪਣੇ ਟੀਚੇ ਦੀ ਪਰਾਪਤੀ ਵਿਚ ਸਫਲ ਵੀ ਹੋ ਰਹੀ ਹੈ।

ਹਾਕਮ ਜਮਾਤ ਆਪਣੇ ਜਮਾਤੀ ਸੰਘਰਸ਼ ਵਿਚ ਸਭਿਆਚਾਰਕ ਹਮਲੇ ਨੂੰ ਤਿੱਖਾ ਤੇ ਹੋਰ ਤਿੱਖਾ ਕਰ ਰਹੀ ਹੈ। ਦਲਿਤ ਜਮਾਤਾਂ ਦਾ ਕਰਤੱਵ ਇਸ ਹਮਲੇ ਦਾ ਮੂੰਹ-ਤੋੜ ਉੱਤਰ ਦੇਣਾ ਹੈ। ਇਸ ਦੇ ਨਾਲ ਹੀ ਆਪਣਾ ਨਰੋਆ ਤੇ ਸਵੱਛ ਸਭਿਆਚਾਰ ਪੇਸ਼ ਕਰਨਾ ਹੈ, ਜਿਸ ਵਿਚ ਸੈਕਸ ਨੂੰ ਜੀਵਨ ਦੇ ਅਹਿਮ ਤੱਤ ਵਜੋਂ ਮਾਨਤਾ ਤਾਂ ਹੈ, ਉਲਾਰ ਵਜੋਂ ਕੋਈ ਥਾਂ ਨਹੀਂ ਹੈ।



ਕੁਝ ਚਿੰਤਕ ਤੇ ਬੁਧੀਜੀਵੀ ਇਸ ਸਭਿਆਚਾਰਕ ਸੰਘਰਸ਼ ਨੂੰ ਸਮੁਚੇ ਜਮਾਤੀ ਸੰਘਰਸ਼ ਤੋਂ ਨਿਖੇੜ ਕੇ ਵੇਖਦੇ ਹਨ। ਇਸ ਲਈ ਜਮਾਤੀ ਸੰਘਰਸ਼ ਵਿਚ ਇਸ ਨੂੰ ਪਹਿਲ ਦੇਣ ਦੀ ਮੰਗ ਕਰਦੇ ਹਨ। ਰਾਜਸੀ ਇਨਕਲਾਬ ਤੋਂ ਪਹਿਲਾਂ ਹੀ ਸਭਿਆਚਾਰਕ ਇਨਕਲਾਬ ਲਿਆਉਣ ਦੀ ਮੰਗ ਕਰਦੇ ਹਨ। ਇਹ ਸੋਚ ਮਾਰਕਸਵਾਦੀ ਤੇ ਵਿਗਿਆਨਕ ਨਹੀਂ ਹੈ। ਪਰੰਤੂ ਸਭਿਆਚਾਰਕ ਸੰਘਰਸ਼ ਦੀ ਅਹਿਮੀਅਤ ਨੂੰ ਘਟਾ ਕੇ ਵੇਖਣਾ ਤੇ ਇਸ ਵਲ ਅਣਗਹਿਲੀ ਵਰਤਣੀ ਵੀ ਹਾਨੀਕਾਰਕ ਹੋਵੇਗੀ। ਪਿਛਲੇ ਸਮੇਂ ਵਿਚ ਪੰਜਾਬ ਦੀ ਖੱਬੀ ਲਹਿਰ ਇਹ ਗ਼ਲਤੀ ਕਰਦੀ ਰਹੀ ਹੈ। ਇਸੇ ਕਾਰਨ ਹੁਣ ਬੁਰਜਵਾ ਸਭਿਆਚਾਰ ਦੇ ਤੇਜ਼ ਝਖੜ ਸਾਹਮਣੇ ਆਪਣੇ ਆਪ ਨੂੰ ਨਿਤਾਣੀ ਮਹਿਸੂਸ ਕਰ ਰਹੀ ਹੈ। ਹਾਕਮ ਜਮਾਤ ਦੇ ਇਸ ਹਮਲੇ ਨੂੰ ਪਛਾੜਨ ਲਈ ਘੋਲ ਅਵੱਸ਼ ਕਰਨਾ ਚਾਹੀਦਾ ਹੈ ਤੇ ਕਰਨਾ ਪਵੇਗਾ।

ਸੋ 'ਬੁੜ੍ਹੀ ਦੇ ਪੁਤ" ਜੀ, ਗੱਲ ਇਉਂ ਨਹੀਂ ਜਿਵੇਂ ਤੁਸੀਂ ਪੇਸ਼ ਕੀਤੀ ਹੈ। ਬਲਕਿ ਇਹ ਹੈ ਕਿ ਜਿਸ "ਉਲਾਰ" ਦੀ ਤੁਸੀਂ ਗੱਲ ਕਰ ਰਹੇ ਹੋ, ਇਹ ਬੁਰਜਵਾ ਸਭਿਆਚਾਰ ਦੇ ਹਮਲੇ ਦਾ ਸਿੱਟਾ ਹੈ। ਇਹ ਕੁਦਰਤੀ ਲੋੜ ਤਕ ਸੀਮਤ ਨਹੀਂ। ਇਸ ਸੰਦਰਭ ਵਿਚ ਮੈਂ ਇਹ ਕਹਿਣਾ ਹੈ ਕਿ ਇਸ ਮਸਲੇ 'ਤੇ ਸੇਧ ਨੇ ਗ਼ਲਤੀ ਨਹੀਂ ਖਾਧੀ; ਉਹ ਠੀਕ ਪਾਸੇ ਤੁਰ ਰਿਹਾ ਹੈ। ਟਪਲਾ ਤੁਹਾਨੂੰ ਲਗਿਆ ਹੈ, ਜਿਸ ਦੇ ਕਾਰਨ ਤੁਸਾਂ ਮਸਲੇ ਨੂੰ ਉਲਟਾ ਕਰ ਦਿਤਾ ਹੈ।

— ਸੁਰਜੀਤ ਗਿੱਲ

o ਬੁੜ੍ਹੀ ਦੇ ਪੁੱਤ : ਐਵੇਂ ਪਾਣੀ 'ਚ ਡਾਂਗਾਂ—ਮਈ ਸੇਧ ਵਿਚ ਦੋਵੇਂ ਸੱਜਣਾਂ ਦੀ ਕੱਚੀ ਲੇਖਣੀ ਪੜ੍ਹ ਕੇ ਇੰਜ ਲਗਦੈ ਕਿ ਦੋਵੇਂ ਕਿਸੇ ਕੱਲਰ ਵਿਚ ਸੁੱਕ ਰਹੀ ਛਪੜੀ 'ਚ ਵਾਧੂ ਡਾਂਗਾਂ ਚਲਾ ਰਹੇ ਹੋਣ ਤੇ ਕਹਿ ਰਹੇ ਹੋਣ 'ਅਸੀਂ ਮੱਛੀਆਂ ਦਾ ਸ਼ਿਕਾਰ ਕਰ ਰਹੇ ਹਾਂ'।

ਮੈਨੂੰ ਅਫ਼ਸੋਸ ਹੈ ਕਿ 'ਇਕ ਬੁੜ੍ਹੀ ਦਾ ਪੁੱਤ' ਮੇਰੀ ਟਿੱਪਣੀ ਦਾ ਕੇਂਦਰੀ ਨੁਕਤਾ ਪਕੜ ਹੀ ਨਹੀਂ ਸਕਿਆ। ਮੇਰਾ ਕੇਂਦਰੀ ਨੁਕਤਾ ਸੀ ਅਤੇ ਹੈ : "ਹਰ ਸਾਲ ਦੋ ਤਿੰਨ ਗੱਡੇ 'ਪੰਜਾਬੀ ਸਾਹਿਤ' ਦੇ ਨਾਂ ਹੇਠ ਜ਼ਰੂਰ ਛਪ ਜਾਂਦੇ ਹਨ। ਕੀ ਇਹ ਪੰਜਾਬੀ ਸਾਹਿਤ ਹੈ ? ਕੀ ਦੋ ਤਿੰਨ ਕਿਤਾਬਾਂ ਲਿਖਣ ਵਾਲੇ ਦੀਆਂ ਮਗਰੋਂ ਲਿਖੀਆਂ ਕਿਤਾਬਾਂ ਪੰਜਾਬੀ ਬੋਲੀ ਦੀ ਢੂਹੀ 'ਤੇ ਖੁਰਜੀ 'ਚ ਪਾ ਕੇ ਲੱਦ ਦਿਆ ਕਰੀਏ ? ਕੀ ਦਾਰੂ ਦੀ ਬੋਤਲ ਪੀ ਕੇ ਨਵੀਆਂ ਕਿਤਾਬਾਂ ਦੇ 'ਵੱਡੇ' ਲੇਖਕਾਂ ਵਲੋਂ ਲਿਖੇ ਮੁਖਬੰਦ ਪੜ੍ਹ ਕੇ ਹੀ ਪ੍ਰਵਾਨਗੀ ਦੀ ਸਹੀ ਲਾ ਦਿਤੀ ਜਾਵੇ ?...।" "ਪੰਜਾਬੀ ਵਿਚ ਲਿਖਿਆ ਜਾ ਰਿਹਾ ਸਾਹਿਤ ਕਿਹੜੇ ਸਭਿਆਚਾਰ ਦੀ ਗੱਲ ਕਰਦੈ ? ਕਿਹੜੇ ਲੋਕਾਂ ਦੀ ਗੱਲ ਕਰਦੈ ?"

ਗੱਲ ਅਸਲ 'ਚ ਵਧੀਆ/ਘਟੀਆ ਸਾਹਿਤ ਦੀ ਨਹੀਂ। ਮੇਰੀ ਟਿਪਣੀ ਤਾਂ ਉਹਨਾਂ ਲਿਖਤਾਂ 'ਤੇ ਹੀ ਹੈ ਜਿਨ੍ਹਾਂ ਨੂੰ ਤੁਸੀਂ 'ਪੰਜਾਬੀ ਸਾਹਿਤ' ਗਿਣਦੇ ਹੋ। ਇਹ ਲਿਖਤਾਂ ਦੇ ਢੇਰ ਵੀ ਪੰਜਾਬੀ ਸਭਿਆਚਾਰ ਦੀ ਤਸਵੀਰ (ਲੋੜੀਂਦੀ) ਪੇਸ਼ ਕਰਨ ਤੋਂ ਅਸਮਰਥ ਹਨ। ਇਸ ਸਿਰ ਪਏ ਮਸਲੇ ਨੂੰ ਨਿਭਾਉਣ ਵਾਸਤੇ ਨਿੱਤਰਿਆ "ਬੁੜ੍ਹੀ ਦਾ ਪੁੱਤ" 'ਕਾਮ-ਪੂਰਤੀ' ਦੇ ਭੂਤ ਦਾ ਬੁਰੀ ਤਰ੍ਹਾਂ ਸ਼ਿਕਾਰ ਹੈ। ਮੇਰੇ ਵਲੋਂ ਸਮੁੱਚੇ ਸਾਹਿਤ ਉਪਰ ਕੀਤੀ ਟਿਪਣੀ ਨੂੰ ਉਸ ਰੌਲੇ ਗੌਲੇ ਵਿਚ ਰੋਲ ਦਿਤਾ। ਜੇ ਉਸ ਨੂੰ ਪੰਜਾਬ ਦੇ ਪਿੰਡਾਂ ਦਾ ਥੋੜਾ ਜਿਹਾ ਵੀ ਗਿਆਨ ਹੁੰਦਾ, ਤਾਂ ਉਸ ਨੂੰ ਪਤਾ ਹੁੰਦਾ ਕਿ ਇਸ ਮਸਲੇ (ਕਾਮ-ਪੂਰਤੀ) ਦੀ ਫਿਊਡਲ ਸਮਾਜੀ ਜਟਿਲਤਾ, ਜਿਸ ਵਿਚ ਗ਼ੈਰ-ਕੁਦਰਤੀ ਸਬੰਧ ਵੱਡੇ ਪੈਮਾਨੇ 'ਤੇ ਸਨ, ਹੁਣ ਬਹੁਤ ਘਟ ਗਈ ਹੈ। ਔਰਤ ਮਰਦ ਦੇ ਸਬੰਧਾਂ 'ਚ ਆਈ ਖੁਲ੍ਹ ਨੇ ਪਹਿਲਾਂ ਵਾਲੀ ਜਟਿਲਤਾ ਦੀਆਂ ਧਜੀਆਂ ਉਡਾਈਆਂ ਹਨ। ਇਸ 'ਪੁੱਤ' ਉਤੇ 'ਕਾਮ-ਪੂਰਤੀ' ਦੇ ਮਸਲੇ ਦਾ

'ਜਿੰਨ' ਐਨੀ ਬੁਰੀ ਤਰ੍ਹਾਂ ਸਵਾਰ ਹੈ ਕਿ ਉਸ ਨੇ ਮੇਰੇ ਕੇਂਦਰੀ ਨੁਕਤੇ ਨੂੰ ਲਿਤਾੜ ਕੇ, ਆਪਣਾ ਸਿੱਧਾ ਪ੍ਰਚਾਰ ਕਰਨ ਵੇਲੇ, ਆਪਣਾ ਰੋਸ ਜ਼ਾਹਰ ਕਰਦੇ ਹੋਇਆਂ ਮਾਰਕਸਵਾਦ ਵਰਗੇ ਸਾਇੰਟਿਫਿਕ ਸਿਧਾਂਤ ਨੂੰ ਵੀ ਪੇਤਲਾ ਕਹਿ ਦਿਤਾ ਹੈ। ਆਦਮੀ ਔਰਤ ਦੇ ਸੁਭਾਵਿਕ ਜਿਨਸੀ ਸਬੰਧਾਂ ਨੂੰ ਖਿਚ ਕੇ ਕੁੱਲੀ, ਗੁੱਲੀ, ਜੁੱਲੀ ਤੋਂ ਵੀ ਮਹੱਤਵਪੂਰਨ ਦਸਿਆ ਹੈ। ਮੇਰੇ ਵਲੋਂ ਦਿਤੀ ਟਿੱਪਣੀ ਵਿਚ ਉਨ੍ਹਾਂ 'ਬੁੜ੍ਹੀ ਦੇ ਪੁੱਤਾਂ' ਨੂੰ ਸੱਦਾ ਪੱਤਰ ਦਿਤਾ ਗਿਆ ਸੀ ਜਿਹਨਾਂ ਨੇ ਗੰਭੀਰ ਰੂਪ 'ਚ ਸਭਿਆਚਾਰ ਪ੍ਰਤੀ ਸਾਹਿਤ ਦੀ ਪਕੜ ਨੂੰ ਵਿਚਾਰਨਾ ਸੀ। ਮੈਂ ਫਿਰ ਦੁਹਰਾਉਂਦਾ ਹਾਂ ਕਿ ਜੇਕਰ ਲਚਰ ਲਿਖਤਾਂ ਜ਼ਿਆਦਾ ਵਿਕਦੀਆਂ ਹਨ ਤਾਂ ਮੇਰੀ ਉਦਾਹਰਣ ਦਾ ਇਹ ਮਕਸਦ ਹਰਗਿਜ਼ ਨਹੀਂ ਸੀ ਕਿ ਉਸ 'ਬੁੜ੍ਹੀ ਦੇ ਪੁੱਤ' ਦੇ ਕਹਿਣ ਅਨੁਸਾਰ ਕਿ ਪੰਜਾਬ ਦੇ ਨੌਜਵਾਨ ਮੁਲਖੱਈਏ ਦਾ ਵੱਡਾ ਮਸਲਾ ਕਾਮ-ਪੂਰਤੀ ਹੈ।

ਦੁਖੀ ਨੌਜਵਾਨਾਂ, ਮੁਲਖੱਈਏ ਤੇ ਬੇਰੁਜ਼ਗਾਰਾਂ ਵਲੋਂ ਕਮਿਊਨਿਸਟ ਪਾਰਟੀਆਂ ਦੇ ਪ੍ਰਾਪੇਗੰਡੇ ਅਤੇ ਮਾਰਕਸਵਾਦੀ ਵਿਚਾਰਧਾਰਾ ਦਾ ਨਾ ਕਬੂਲੇ ਜਾਣ ਦਾ ਕਾਰਨ ਵੀ, ਐਂ ਲਗਦੈ ਜਿਵੇਂ ਕਹਾਉਣਾ ਤਾਂ ਤੂੰ ਮੈਥੋਂ ਚਾਹੁਨੈ, ਪਰ ਕਹਿਣਾ ਚਾਹੁਨੈ ਆਪ ਕਿ "ਕਾਮ-ਪੂਰਤੀ ਦੇ 'ਸਥਕਾਂ' ਦੀ ਘਾਟ ਕਰ ਕੇ ਹੀ ਨਹੀਂ ਸਭ ਕੁਝ ਹੋ ਰਿਹਾ।"

ਤੇਰਾ ਪੇਸ਼ ਕੀਤਾ ਨੁਸਖ਼ਾ ਕਿ "ਮਾਰਕਸਵਾਦ ਦੇ ਨਾ ਸਵੀਕਾਰੇ ਜਾਣ ਦਾ ਕਾਰਨ ਹੀ ਇਹ ਹੈ ਕਿ ਮਾਰਕਸਵਾਦ ਨੌਜਵਾਨਾਂ ਦੀ 'ਕਾਮ-ਪੂਰਤੀ' ਦੀ ਸਮੱਸਿਆ ਨਾਲ ਨਹੀਂ ਜੋੜਿਆ ਜਾ ਸਕਿਆ। ਤੇਰੇ ਸਾਰੇ ਲਿਖੇ ਦਾ ਸਾਰ ਅੰਸ਼ ਇਹ ਲਗਦੈ ਕਿ ਸੇਧ ਤਾਂ ਵਿਚਾਰ ਕੀ, ਸਾਰੀ ਕਮਿਊਨਿਸਟ ਲਹਿਰ ਹੀ ਆਪਣੇ ਪੰਜ ਦਹਾਕਿਆਂ ਤੋਂ ਬਾਅਦ ਵੀ ਨੌਜਵਾਨਾਂ (ਮੁਲਖੱਈਏ) ਨੂੰ ਨਾਲ ਜੋੜਨ ਤੋਂ (ਤੇਰਾ ਮਸਲਾ) ਅਸਮਰਥ ਰਹਿਣ ਕਾਰਨ ਹੀ ਇਨਕਲਾਬ ਨਹੀਂ ਲਿਆ ਸਕੀ!

ਵੀਰੇ ਪੰਨੂੰ, ਮਸਲਾ ਹਰ ਇਕ ਹੀ ਗੰਭੀਰ ਹੁੰਦੈ, ਤੇ ਨਾਜ਼ੁਕ ਤੇ ਦਿਲਚਸਪ ਵਿਸ਼ੇਸ਼ਣ ਜੋ ਤੂੰ ਜੋੜੇ ਨੇ ਇਹ ਔਰਤ ਦੇ ਉਪਨਾਮ ਜਿਹੇ ਲਗਦੇ ਨੇ! ਤੈਨੂੰ ਪਤਾ ਨਹੀਂ ਕਿਉਂ ਭੁਲੇਖਾ ਪੈ ਗਿਆ ਕਿ ਜਦੋਂ ਮੈਂ ਲਚਰ ਲਿਖਤ ਦੀ ਵਿਕਰੀ ਦੀ ਮਿਸਾਲ ਦਿਤੀ ਤੇ ਤੂੰ ਤ੍ਰਹਿ ਕੇ ਪਹਿਲਾਂ ਹੀ ਘੋਸ਼ਣਾ ਕਰਨ ਡਹਿ ਪਿਆ ਕਿ "ਸੇਧ ਇਸ ਤਿਲਕਣਬਾਜ਼ੀ ਤੋਂ ਬਚਣਾ ਚਾਹੇਗਾ।" ਮੇਰੀ ਗੱਲ ਦਾ ਰੁੱਖ ਤਜਾਰਿਤ ਤੇ ਵਪਾਰਿਕ ਨੁਕਤੇ ਨਿਗਾਹ ਤੋਂ ਵਾਚ ਕੇ ਤੇਰੇ ਵਲੋਂ ਦਰਪੇਸ਼ ਮਸਲੇ ਸਬੰਧੀ 'ਬੁੜ੍ਹੀ ਦੇ ਪੁੱਤ' ਤੋਂ ਵੀ ਵਧ ਉਕਾਈ ਕੀਤੀ ਗਈ ਹੈ। ਹਾਲਾਂਕਿ ਘਟੋ ਘਟ ਤੈਥੋਂ ਇਹ ਆਸ ਨਹੀਂ ਸੀ ਕੀਤੀ ਜਾ ਸਕਦੀ ਕਿ ਜਿਨਸੀ ਸਬੰਧਾਂ ਨੂੰ ਪਵਿਤਰ ਤੇ ਅਪਵਿਤਰ ਹੋਣ ਦੇ ਚੱਕਰਾਂ 'ਚ ਵਾਧੂ ਉਲਝਾ ਜਾਵੇਂਗਾ, ਜਦੋਂ ਕਿ ਮਾਰਕਸਵਾਦ ਮੁਤਾਬਿਕ ਮਨੁਖ ਤੇ ਇਸਤਰੀ ਦੇ ਸੁਭਾਵਿਕ ਸਬੰਧ ਨੇ, ਤੇ ਹਰ ਇਕ ਸਮਾਜ 'ਚ ਵੱਖਰੇ ਵੱਖਰੇ ਤਰੀਕੇ ਨਾਲ ਇਹਨਾਂ ਦਾ ਜਾਇਜ਼ਾ ਲਿਆ ਜਾਂਦਾ ਹੈ।

ਅਫ਼ਸੋਸ ਦੀ ਗੱਲ ਤਾਂ ਇਹ ਹੈ ਕਿ ਤੂੰ ਵੀ ਇਸ ਨੂੰ ਬਾਇਲੌਜੀਕਲ ਪੱਧਰ 'ਤੇ ਹੀ ਸਮਝ ਕੇ ਉਦੋਂ ਪਸ਼ੂ ਬਿਰਤੀ ਦੇ ਬਰਾਬਰ ਲਿਆ ਖੜ੍ਹਾ ਕੀਤਾ ਜਦੋਂ ਤੂੰ ਲਿਖ ਦਿਤਾ ਕਿ "ਇਹ ਏਨਾ ਹੀ ਜ਼ਰੂਰੀ ਹੈ ਜਿਵੇਂ ਬੰਦੇ ਨੂੰ ਭੁੱਖ ਲੱਗਣੀ ਤੇ ਸਾਹ ਲੈਣਾ।" ਭੁੱਖ ਤੇ ਸਾਹ ਦੇ ਸਮਾਂਨੰਤਰ ਕਰ ਕੇ ਵੇਖਣਾ ਸੰਭੋਗ ਪਸ਼ੂ ਬ੍ਰਿਤੀ ਹੈ ਕਿਉਂਕਿ ਮਨੁੱਖ 'ਚ ਸਿਰਫ਼ ਪਸ਼ੂ ਨਾਲੋਂ ਇਹੀ ਉੱਚਤਾ ਹੈ ਕਿ ਸੈਕਸ ਮਨੁਖ ਦਾ ਸਰੀਰਕ ਨਾਲੋਂ ਬਹੁਤਾ ਦਿਮਾਗ਼ੀ ਵਰਤਾਰੈ।

ਮੈਂ ਆਪਣੇ ਕੇਂਦਰੀ ਨੁਕਤੇ ਨੂੰ ਫਿਰ ਦੁਹਰਾਉਂਦਾ ਹਾਂ ਕਿ ਪੰਜਾਬੀ ਸਾਹਿਤ, ਪੰਜਾਬੀ ਸਭਿਆਚਾਰ ਦੀ ਪਕੜ ਤੋਂ ਹੀਣਾ ਹੈ, ਸਭਿਆਚਾਰ ਦੀ ਤੋਰ ਨੂੰ ਪਕੜ ਨਹੀਂ ਸਕਿਆ, ਇਹੀ ਗੱਲ ਹੈ



ਜਿਸ ਬਾਰੇ ਮੈਂ ਸੇਧ ਵਰਗੇ ਪਰਚੇ ਤੋਂ ਆਸ ਰਖਦਾ ਸਾਂ ਤੇ ਇਹ ਪਰਚਾ ਵੀ ਵੀਹਵੀਂ ਸਦੀ ਦੇ ਨੌਵੇਂ ਦਹਾਕੇ ਦੇ ਸ਼ੁਰੂ ਹੋਣ ਤਕ ਗੱਲ ਤੋਰਨ ਤੋਂ ਉਕਿਆ ਰਿਹਾ। — ਨਛੱਤਰਜੀਤ ਸੇਮਾਂ

o ਸਿੱਖੀ ਵਿਚ ਸਟੇਟ ਦਾ ਮਸਲਾ : ਇਨਕਲਾਬੀ ਲਹਿਰ ਵਿਚ ਸੈਂਕੜੇ ਪ੍ਰਕਾਰ ਦੀਆਂ ਰੁਕਾਵਟਾਂ ਅਵੱਸ਼ ਹੀ ਆਉਂਦੀਆਂ ਹਨ। ਕੁਰਾਹੇ ਪਈ ਸਟੇਟ ਨੂੰ ਸਿਧੇ ਰਾਹੇ ਲਿਆਉਣ ਵਾਸਤੇ ਇਨਕਲਾਬੀਆਂ ਨੂੰ ਕੀ ਕੀ ਨਹੀਂ ਕਰਨਾ ਪੈਂਦਾ, ਚਾਹੇ ਸਿਰ ਵੀ ਦੇਣਾ ਪਵੇ। ਸੱਚ ਦੇ ਪੈਂਤੜੇ 'ਤੇ ਡਟਿਆ ਪੁਰਸ਼ ਅਗੇ ਹੀ ਵਧੇਗਾ; ਅਤੇ ਅਗੇ ਵਧਣ ਵਾਲੇ ਉਤੇ ਜ਼ਾਲਮਾਂ ਦਾ ਕੋਈ ਵੀ ਕਹਿਰ ਟੁਟ ਸਕਦਾ ਹੈ।

ਗੁਰਬਾਣੀ ਨੇ ਅਸਲੀ ਸੁਖ ਤੇ ਸ਼ਾਂਤੀ ਦਾ ਮਾਰਗ ਦਿਖਾਉਣਾ ਹੈ ਤੇ ਕਾਬਜ਼ ਸਟੇਟ ਦੀਆਂ ਕਰਤੂਤਾਂ ਨੂੰ ਚੰਗੀ ਤਰ੍ਹਾਂ ਨੰਗੇ ਕਰਨਾ ਹੈ। ਸੱਚ ਤੇ ਝੂਠ ਨੂੰ ਸਭ ਦੇ ਸਾਹਮਣੇ ਰਖਣਾ ਜ਼ਰੂਰੀ ਹੈ ਤਾਕਿ ਜਨਤਾ ਖ਼ੁਦ ਹੀ ਫ਼ੈਸਲਾ ਕਰ ਕੇ ਸੱਚ ਵਲ ਹੜ੍ਹ ਦੇ ਵਾਂਗੂ ਅਗੇ ਵਧੇ।

ਸੇਧ ਨੂੰ ਖੁਲ੍ਹੇ, ਸਾਫ਼ ਸਪਸ਼ਟ ਸ਼ਬਦਾਂ ਵਿਚ ਕੁਰਾਹੇ ਜਾ ਰਹੀ ਹਰ ਪਾਰਟੀ ਦਾ ਡਟ ਕੇ ਵਿਰੋਧ ਕਰਨਾ ਚਾਹੀਦਾ ਹੈ। ਇਹ ਪਰਸੰਨਤਾ ਦੀ ਗੱਲ ਹੈ ਜੋ ਸੇਧ ਨੂੰ ਬਹੁਤ ਅਛੇ ਅਛੇ ਲਿਖਾਰੀ ਮਿਲੇ ਹੋਏ ਹਨ; ਪ੍ਰੈਕਟੀਕਲ ਲਈ ਮਾਰਚ ਕਰਨਾ ਬਾਕੀ ਹੈ।

ਭਾਰਤ ਮਾਂ ਦੀ ਗੋਦ ਵਿਚ ਪਲੇ ਹੋਏ ਖ਼ੁਦ ਭਾਰਤੀ ਹੀ ਵਿਦੇਸ਼ੀਆਂ ਦੇ ਇਸ਼ਾਰੇ ਪਰ ਜੇ ਮਾਂ ਦੇ ਟੁਕੜੇ ਕਰਨ, ਸਾਜ਼ਸ਼ਾਂ ਘੜਨ ਪਰ ਤੁਲੇ ਹੋਏ ਹੋਣ, ਉਸ ਦੇਸ਼ ਨੂੰ ਇਕ ਰੱਬ ਹੀ ਬਚਾ ਸਕਦਾ ਹੈ। ਮਾਇਆ ਦੇ ਭੁਖਿਆਂ ਪਾਸੋਂ ਸਭ ਕੁਝ ਕਰਾ ਸਕਨਾ ਸੰਭਵ ਹੈ।

ਸਮਝ ਨਹੀਂ ਪੈਂਦੀ ਕਿ ਸੇਧ ਨੇ ਮੈਦਾਨ ਵਿਚ ਕਦ ਉਤਰਨਾ ਹੈ। ਨਿਰੇ ਸੁੰਦਰ ਤੇ ਸੁਚੱਜੇ ਢੰਗ ਨਾਲ ਲਿਖੇ ਹੋਏ ਲੇਖਾਂ ਦੀ ਮਾਲਾ ਨੇ ਕੋਈ ਤਲਵਾਰ ਦਾ ਤਾਂ ਕੰਮ ਨਹੀਂ ਕਰ ਦੇਣਾ। ਦੇਸ਼ ਦੀ ਹਾਲਤ ਅਜ ਅਮਲ ਦੀ ਮੰਗ ਕਰਦੀ ਹੈ।

ਕਿਸ਼ਨ ਸਿੰਘ ਨੇ ਜੋ ਕੁਝ ਵੀ ਲਿਖਿਆ ਹੈ ਮੈਂ ਉਸ ਤੋਂ ਪ੍ਰਭਾਵਿਤ ਹਾਂ। ਪਰ ਮੈਂ ਇਹ ਵੀ ਚਾਹੁੰਦਾ ਹਾਂ ਕਿ ਉਸ ਦੀ ਕਲਮ ਦੇਸ਼ ਦੀ ਵਰਤਮਾਨ ਹਾਲਤ ਪਰ ਨਿਧੜਕ ਹੋ ਕੇ ਦੋਸ਼ੀਆਂ ਦੇ ਦੋਸ਼ਾਂ ਨੂੰ ਖੁਲ੍ਹੇ ਸ਼ਬਦਾਂ ਵਿਚ ਨੰਗਿਆਂ ਕਰੇ। ਨਿਰੇ ਵਕਾਲਤੀ ਲੇਖਾਂ ਨੇ ਭ੍ਰਿਸ਼ਟੇ ਹੋਏ ਸੁਆਰਥੀਆਂ ਦੇ ਮਨਾਂ ਨੂੰ ਛੂ ਵੀ ਨਹੀਂ ਸਕਣਾ; ਜਾ ਕੇ ਤੀਰ ਵਾਂਗੂ ਸੀਨੇ ਵਿਚ ਕੀ ਵਜਨਾ ਹੈ। ਕਿਸ਼ਨ ਸਿੰਘ ਦੇ ਲਿਖਣ ਦਾ ਢੰਗ ਬਹੁਤ ਹੀ ਸੁੰਦਰ ਹੈ। ਉਹ ਲੇਖਾਂ ਦੁਆਰਾ ਕੁਰਾਹੇ ਜਾਂਦਿਆਂ ਨੂੰ ਸਿਧੇ ਰਾਹੇ ਪਾ ਸਕਦਾ ਹੈ, ਪਰ ਖ਼ੁਦ ਬਾਅਮਲ ਹੋਣਾ ਅਤਿਅੰਤ ਲਾਜ਼ਮੀ ਹੈ।

ਕਈ ਕਹਿੰਦੇ ਕਿ ਸਿਆਸਤ ਤੇ ਧਰਮ ਦੋਨੋਂ ਇਕਠੇ ਰਹਿਣੇ ਚਾਹੀਦੇ ਹਨ ਤੇ ਕਈ ਕਹਿੰਦੇ ਹਨ ਕਿ ਧਰਮ ਦਾ ਸਿਆਸਤ ਨਾਲ ਕੋਈ ਸਬੰਧ ਹੀ ਨਹੀਂ ਹੈ। ਇਹ ਦੋਨੋਂ ਗੱਲਾਂ ਕੇਵਲ ਹਠ ਮਾਤ੍ਰ ਹਨ ਤੇ ਅਸਲੀਅਤ ਤੋਂ ਨਾਵਾਕਫ਼ੀ ਦਾ ਸਬੂਤ ਹਨ।

ਧਰਮ ਬਰਦਾਸ਼ਤ ਹੀ ਨਹੀਂ ਕਰਦਾ ਅਧਰਮ ਨੂੰ। ਧਰਮੀ ਦਾ ਸੁਭਾਅ ਅਧਰਮ ਨੂੰ ਕਟਨ ਵਿਚ ਆਪਣੇ ਆਪ ਹੀ ਪਰਵਿਰਤ ਹੋ ਜਾਂਦਾ ਹੈ, ਕਿਸੇ ਦੇ ਕਹਿਣ ਪਰ ਨਹੀਂ। "ਬ੍ਰਹਮ ਗਿਆਨੀ ਪਰ ਉਪਕਾਰ ਉਮਾਹਾ" ਮ: 5,373। ਆਤਮਵੇਤਾ ਦੇ ਅੰਦਰ ਲੋਕ-ਭਲਾਈ ਦਾ ਸੁਭਾਵਿਕ ਉਤਸ਼ਾਹ ਬਣਿਆ ਰਹਿੰਦਾ ਹੈ।

ਸਿੱਖ ਗੁਰੂਆਂ ਨੇ ਜੇ ਸਿਆਸਤ ਵਿਚ ਦਖ਼ਲ ਦਿਤਾ ਹੈ ਤਾਂ ਉਹ ਲਾਜ਼ਮੀ ਹੀ ਸੀ, ਕਿਉਂਕਿ

ਕਾਬਜ਼ ਸਟੇਟ ਅਧਰਮ, ਅਤਿਆਚਾਰ, ਜ਼ੋਰ ਤੇ ਜ਼ੁਲਮ ਆਦਿ ਕੁਕਰਮਾਂ ਨਾਲ ਭਰਦੀ ਜਾਂਦੀ ਸੀ। ਸਤ ਨਾਲ ਭਰਪੂਰ ਹਿਰਦੇ ਵਾਲੇ ਉਹ ਕਿਹੜੇ ਮਹਾਂਪੁਰਸ਼ ਹਨ ਜੋ ਮਾਇਆ ਨਾਲ ਅੰਨ੍ਹੇ ਹੋਏ ਨਿਜ਼ਾਮ ਨੂੰ ਸੱਚ ਦੇ ਮਾਰਗ ਵਿਚ ਲਿਆਉਣ ਲਈ ਸਿਰਤੋੜ ਕੋਸ਼ਿਸ਼ ਨਾ ਕਰਨ ਤੇ ਦੁਖੀ ਜੀਵਾਂ ਦੀ ਰੱਖਿਆ ਲਈ ਆਪਣਾ ਸਭ ਕੁਝ ਵੀ ਕੁਰਬਾਨ ਨਾ ਕਰ ਦੇਣ ? ਇਹ ਸਤ ਪੁਰਸ਼ਾਂ ਦੀ ਸੁਭਾਵਿਕ ਪਰਵਿਰਤੀ ਹੁੰਦੀ ਹੈ, ਕਿਸੇ ਦੀ ਪ੍ਰੇਰਨਾ ਕਰ ਕੇ ਨਹੀਂ।

ਅਜ ਜੋ ਧਰਮ ਤੋਂ ਬੇਮੁਖ ਜ਼ਮਾਨਾ ਗੁਜ਼ਰ ਰਿਹਾ ਹੈ, ਸਤ ਪੁਰਸ਼ ਸਿਆਸਤ ਵਿਚ ਦਖ਼ਲ ਦਿਤੇ ਬਿਨਾਂ ਰਹਿ ਹੀ ਨਹੀਂ ਸਕਦੇ। ਇਕ ਹਕੂਮਤ ਹੀ ਨਹੀਂ ਬਲਕਿ ਹਰ ਇਕ ਇਨਸਾਨ, ਇਨਸਾਨ ਹੀ ਨਹੀਂ ਰਿਹਾ, ਪਸ਼ੂਆਂ ਨਾਲੋਂ ਵੀ ਖ਼ਿਆਲ ਥਲੇ ਗਿਰ ਚੁਕੇ ਹਨ, ਸਿਰਫ ਇਕ ਮਾਇਆ ਹੀ ਦਿਖਦੀ ਹੈ। ਨਿਰਾ ਸੁਆਰਥ ਹੀ ਪੂਰਾ ਕਰਨਾ ਹੈ ਚਾਹੇ ਕਿਸੇ ਵੀ ਭਿਆਨਕ ਕੁਕਰਮ ਦੁਆਰਾ ਪੂਰਾ ਹੋ ਜਾਵੇ।

ਜੋ ਕੁਝ ਵੀ ਵਰਤਮਾਨ ਵਿਚ ਹੋ ਰਿਹਾ ਹੈ, ਮੇਰਾ ਮਨ ਬਰਦਾਸ਼ਤ ਨਹੀਂ ਕਰ ਰਿਹਾ। ਵਰਤਮਾਨ ਹਕੂਮਤ ਕੀ, ਇਸ ਤੋਂ ਪਹਿਲੀ ਹੋ ਚੁਕੀ ਹਕੂਮਤ ਕੀ ਤੇ ਅਗੇ ਨੂੰ ਆਉਣ ਵਾਲੀ ਹਕੂਮਤ ਕੀ ਯਾਨੀ ਕੋਈ ਵੀ ਕਾਮਯਾਬ ਨਹੀਂ ਹੋ ਸਕਦੀ ਜਿੰਨਾ ਚਿਰ ਲੋਕ ਆਪਣੇ ਅੰਦਰੋਂ ਸਵਾਰਥ ਛਡ ਕੇ ਸਹੀ ਆਪੋਜ਼ੀਸ਼ਨ ਪਾਰਟੀ ਨਹੀਂ ਬਣਾਉਂਦੇ ਜੋ ਹਕੂਮਤ ਦੀਆਂ ਗ਼ਲਤੀਆਂ ਦੀ ਨੁਕਤਾਚੀਨੀ ਕਰੇ।

ਕਮਿਊਨਿਸਟ ਪਾਰਟੀ ਦੀ ਵੀ ਅਸਲੀਅਤ ਨੰਗੀ ਹੋ ਚੁਕੀ ਹੈ ਰੂਸ ਤੇ ਚੀਨ ਵਿਚ। ਕੀ ਉਥੋਂ ਦੇ ਲੋਕ ਸੁਖ ਦਾ ਸਾਹ ਲੈਂਦੇ ਹਨ, ਕੋਈ ਵੀ ਭੇਦ ਭਾਵ ਨਾਲ ਦੁਖੀ ਨਹੀਂ ਹੈ ? ਸਰਮਾਏਦਾਰੀ ਨੂੰ ਖ਼ਤਮ ਕਰਨ ਦੇ ਖ਼ਿਆਲਾਂ ਵਾਲਾ ਚੀਨ, ਕੀ ਸਰਮਾਏਦਾਰਾਂ ਨਾਲ ਗਠਜੋੜ ਨਹੀਂ ਰਖ ਰਿਹਾ ? ਅਮਰੀਕਾ ਜੋ ਗ਼ਰੀਬ ਦੇਸ਼ਾਂ ਨੂੰ ਹਥਿਆਰ ਦੇ ਦੇ ਕੇ ਲੜਾਉਣ ਦੀ ਸਿਰ ਤੋੜ ਕੋਸ਼ਿਸ਼ ਵਿਚ ਲਗਾ ਰਹਿੰਦਾ ਹੈ, ਉਸ ਦੀ ਚੌਧਰ ਨੂੰ ਹਵਾ ਦੇਣ ਵਾਲਾ ਚੀਨ ਕਮਿਊਨਿਸਟ ਅਖਵਾਉਣ ਨਾਲ ਸ਼ਰਮ ਨਹੀਂ ਖਾਂਦਾ ?

ਸਾਰੇ ਏਸ਼ੀਆ ਨੂੰ ਯੁਧ ਦੀ ਲਪੇਟ ਵਿਚ ਲੈਣ ਲਈ ਸਰਮਾਏਦਾਰ ਕਿਸ ਤਰ੍ਹਾਂ ਸਮੁੰਦਰ ਵਿਚ ਜਾਲ ਬਿਛਾ ਰਹੇ ਹਨ। ਕੌਣ ਨਹੀਂ ਅਮਰੀਕਾ ਤੇ ਬਰਤਾਨੀਆਂ ਦੀਆਂ ਕੁਟਲ ਚਾਲਾਂ ਨੂੰ ਦੇਖ ਰਿਹਾ ? ਇਹਨਾਂ ਦੀਆਂ ਸੁਆਰਥੀ ਚਾਲਾਂ ਦਾ ਹੀ ਨਤੀਜਾ ਹੈ ਜੋ ਰੂਸ ਅਫ਼ਗਾਨਿਸਤਾਨ ਵਿਚ ਬੈਠਾ ਹੈ। ਇਹ ਸਰਮਾਏਦਾਰ ਆਪਣੀਆਂ ਨੀਅਤਾਂ ਨੂੰ ਸਾਫ਼ ਕਰਨ, ਕਿਸੇ ਵੀ ਦੇਸ਼ ਵਿਚ ਦਖ਼ਲ ਨਾ ਦੇਣ ਦੀ ਕਸਮ ਖਾਣ ਤੇ ਪੂਰੀ ਤਰ੍ਹਾਂ ਲਿਖਤੀ ਸਮਝਾਉਤਾ ਕਰਨ ਤਾਂ ਹੁਣੇ ਹੀ ਰੂਸ ਨੂੰ ਵਾਪਸ ਆਪਣੇ ਦੇਸ਼ ਵਿਚ ਜਾਣ ਲਈ ਮਜਬੂਰ ਕੀਤਾ ਜਾ ਸਕਦਾ ਹੈ। ਉਸ ਦਾ ਕੀ ਅਧਿਕਾਰ ਹੈ ਕਿਸੇ ਮੁਲਕ ਵਿਚ ਆਪਣੀਆਂ ਫ਼ੌਜਾਂ ਰਖਣ ਦਾ ?

ਚੋਰ, ਬਦਮਾਸ਼ ਤੇ ਸੁਆਰਥ ਨਾਲ ਅੰਨ੍ਹੇ ਹੋਏ ਸਰਮਾਏਦਾਰ ਦੁਨੀਆਂ ਦੇ ਆਗੂ ਬਣ ਕੇ ਬੈਠੇ ਹਨ। ਇਹਨਾਂ ਦੀ ਜ਼ਮੀਰ ਬਹੁਤ ਗਿਰ ਚੁਕੀ ਹੈ।

ਗ਼ਰੀਬ ਦੇਸ਼ਾਂ ਨੂੰ ਮਦਦ ਇਹਨਾਂ ਨੇ ਕੀ ਦੇਣੀ ਹੈ ? ਇਹ ਕਿਧਰੋਂ ਉਦਾਰ ਵਿਰਤੀ ਵਾਲੇ ਦਾਨੀ ਆ ਗਏ ? ਪਾਕਿਸਤਾਨ ਵਰਗੇ ਦੇਸ਼ ਨੂੰ ਪੰਜੇ ਵਿਚ ਫਸਾ ਕੇ ਆਪਣੇ ਅਧੀਨ ਰਖਣ ਦੀ ਇਹ ਚਾਲ ਹੈ। ਇਹ ਗ਼ਰੀਬ ਦੇਸ਼ਾਂ ਦਾ ਖ਼ੂਨ ਖ਼ਰਾਬਾ ਕਰਾ ਕੇ ਉਹਨਾਂ ਦਾ ਖ਼ੂਨ ਪੀਣ ਵਾਲੇ ਤੇ ਮਾਸ ਵੇਚਣ ਵਾਲੇ ਬੁੱਚੜ ਹਨ।



ਸਾਰੀ ਦੁਨੀਆਂ ਵਿਚ ਖਲਲ ਮਚਿਆ ਹੋਇਆ ਹੈ, ਕਿਤੇ ਵੀ ਸੁਖ ਦਾ ਕੋਈ ਸਾਹ ਨਹੀਂ ਲੈ ਰਿਹਾ। ਇਹ ਅਜਿਹਾ ਕਿਉਂ ? ਮਾਇਆ ਦੀ ਭੁਖ ਤੇ ਚੌਧਰ ਦੀ ਭੁਖ ਨੇ ਇਹਨਾਂ ਨੂੰ ਅੰਨ੍ਹੇ ਕਰ ਛਡਿਆ ਹੈ। ਫਿਰ ਅੰਨ੍ਹੇ ਨੂੰ ਸਤਿ ਦਾ ਮਾਰਗ ਕਿਸ ਤਰ੍ਹਾਂ ਦਿਸੇ ?

ਝੂਠੇ ਦੇ ਰਾਜ ਵਿਚ ਝੂਠੇ ਦੀ ਚੌਧਰ, ਝੂਠੇ ਦਾ ਹੀ ਮਾਨ ਇਜ਼ਤ ਤੇ ਤਰੱਕੀ। ਉਚੇ ਉਚੇ ਮਰਤਬੇ ਝੂਠੇ ਝੂਠਿਆਂ ਨੂੰ ਦੇ ਰਹੇ ਹਨ। ਝੂਠਿਆਂ ਦੇ ਝੂਠੇ ਦੋਸਤ ਮਿਤਰ। ਝੂਠਿਆਂ ਨੇ ਝੂਠ ਨੂੰ ਫੈਲਾਉਣ ਵਾਸਤੇ ਮਾਇਆ ਦੇ ਬੇਅੰਤ ਖ਼ਜ਼ਾਨੇ ਖੋਲ੍ਹ ਰਖੇ ਹਨ। ਸੱਚ ਨੇ ਜ਼ਰਾ ਵੀ ਸਿਰ ਚੁਕਿਆ ਨਹੀਂ, ਉਸੇ ਵੇਲੇ ਦਬਾਉਣ ਦੀ ਸਿਰਤੋੜ ਕੋਸ਼ਿਸ਼ ਕੀਤੀ ਜਾਂਦੀ ਹੈ। ਸੱਚ ਨੂੰ ਬੇਵਕੂਫ ਤੇ ਝੂਠ ਨੂੰ ਮਹਾਨ ਬੁਧੀਮਾਨ ਮੰਨਿਆ ਜਾਂਦਾ ਹੈ। ਜਾਨ, ਮਾਲ ਤੇ ਇਜ਼ਤ ਸ਼ਰੀਫ ਇਨਸਾਨ ਦੀ ਸੁਰਖਿਅਤ ਬਿਲਕੁਲ ਨਹੀਂ ਹੈ।

ਗੁਰਦੁਆਰੇ, ਮੰਦਰ, ਮਸਜਦ ਤੇ ਗਿਰਜੇ ਆਦਿ ਧਰਮ ਅਸਥਾਨਾਂ ਦੇ ਪ੍ਰਬੰਧਕਾਂ, ਧਰਮ ਦੇ ਠੇਕੇਦਾਰਾਂ ਨੇ ਆਪਣੇ ਆਪਣੇ ਧਰਮ ਨੂੰ ਜ਼ਰਾ ਮਾਤਰ ਵੀ ਸਮਝਿਆ ਨਹੀਂ ਹੈ; ਅਮਲ ਉਹਨਾਂ ਕੀ ਕਰਨਾ ਹੈ। ਪੂਜਾ ਦਾ ਧਨ ਖਾਣ ਨਾਲ ਬੁਧੀਆਂ ਭਰਸ਼ਟ ਹੋ ਚੁਕੀਆਂ ਹਨ। ਮਲੀਨ ਬੁਧੀ ਕੁਕਰਮ ਵਿਚ ਹੀ ਪਰਵਿਰਤੀ ਕਰਾ ਕੇ ਨਰਕਾਂ ਵਿਚ ਸੁਟਦੀ ਹੈ ਚਾਹੇ ਕੋਈ ਸਾਧੂ ਹੈ ਜਾਂ ਧਰਮ ਦਾ ਠੇਕੇਦਾਰ।

ਸੱਚ ਦੀ ਕਮਾਈ ਨਾਲ ਮਨ ਸੱਚ ਨੂੰ ਲਭਣ ਦੇ ਯੋਗ ਬਣਦਾ ਹੈ। ਹੇਰਾ ਫੇਰੀ ਤੇ ਬਲੈਕ ਆਦਿ ਦੀ ਕਮਾਈ ਦਾ ਧਨ ਅਮੋਲਕ ਜੀਵਨ ਤਬਾਹ ਕਰਦਾ ਹੈ ਤੇ ਮਨ ਦੀ ਬੇਚੈਨੀ ਰਾਤ ਨੂੰ ਨੀਂਦ ਨਹੀਂ ਆਉਣ ਦਿੰਦੀ।

ਇਨਸਾਨ ਦਾ ਫ਼ਰਜ਼ ਹੈ ਕਿ ਸੱਚ ਨੂੰ ਸਮਝੇ, ਸੱਚ ਵਿਚ ਦ੍ਰਿੜ ਹੋ ਕੇ ਸੱਚਾ ਸੁੱਚਾ ਵਿਵਹਾਰ ਕਰੇ। ਜਿੰਨਾ ਵੀ ਹੋ ਸਕੇ ਸੱਚ ਨੂੰ ਫੈਲਾਵੇ। ਆਪਣੇ ਸਾਥੀਆਂ ਨੂੰ ਵੀ ਸੱਚ ਦਾ ਗਿਆਨ ਕਰਾ ਕੇ ਸੱਚ ਦੀ ਸੇਵਾ ਵਿਚ ਜੋੜੇ। ਜ਼ੁਲਮ ਅਤੇ ਅਨਿਆਏ ਦੇ ਵਿਰੁਧ ਡਟ ਕੇ ਆਵਾਜ਼ ਉਠਾਵੇ।

— ਹਰੀਚਰਨ ਸਿੰਘ 'ਹਰੀ'

o 'ਪ੍ਰਸੰਗ ਦਰ ਪ੍ਰਸੰਗ' : ਹਿੰਮਤ ਸਿੰਘ ਸੋਢੀ ਮਈ 1981 ਸੇਧ ਵਿਚ ਭਗਤ ਸਿੰਘ ਦੇ ਪ੍ਰਸੰਗ ਵਿਚ ਐਵੇਂ ਹੀ ਪਾਣੀ ਬਗੈਰ ਜੁੱਤੀ ਉਤਾਰੀ ਫਿਰਦਾ ਹੈ। ਆਪਣੇ ਆਪ ਨੂੰ "ਗਾਮਾਂ" ਸਿਧ ਕਰਨ ਲਈ ਕੁਝ ਗਵਾਹੀਆਂ ਇਕੱਠੀਆਂ ਕੀਤੀਆਂ ਤੇ ਕੁਝ ਊਝਾਂ ਲਾ ਕੇ ਸਾਰੇ ਮੁਆਮਲੇ ਦੀ ਸਹੀ ਨਿਰਪੱਖ ਪੜਤਾਲ ਕਰਨ ਦੀ ਬਜਾਏ, ਉਥੋਂ ਤੱਕ ਚਲਿਆ ਗਿਆ ਕਿ "ਰਣਜੀਤ ਗਰੇਵਾਲ ਸੰਤ ਸਿੰਘ ਸੇਖੋਂ ਦਾ ਜਮੂਰਾ, ਮਜ਼ੇਰ, ਪੱਠਾ ਹੈ", ਕਿਉਂਕਿ "ਲੇਖਕ (ਰਣਜੀਤ ਗਰੇਵਾਲ) ਜ਼ਿਲ੍ਹਾ ਲੁਧਿਆਣਾ ਵਿਖੇ ਅੱਡਾ ਦਾਖਾ ਦੇ "ਪਾਸ" ਬਿਜਲੀ ਬੋਰਡ ਵਿਚ ਕੰਮ ਕਰਦਾ ਹੈ। ਦਾਖਾ ਵਿਖੇ ਹੀ ਪੰਜਾਬੀ ਦੇ ਇਕ ਮਹਾਂ ਵਿਦਵਾਨ (ਚਿੜ੍ਹ ਨਾਲ ਲਿਖਿਆ ਗਿਆ) ਵੀ ਰਹਿੰਦੇ ਹਨ—ਪ੍ਰੋ: ਸੰਤ ਸਿੰਘ ਸੇਖੋਂ।" ਇਹ ਸਾਰੀ ਕਾਰਸਤਾਨੀ ਉਹਨਾਂ ਦੀ ਹੈ। ਵਾਰੇ ਵਾਰੇ ਜਾਈਏ ਸੋਢੀ ਦੇ ਇਸ ਨਜੂਮ ਦੇ !!

ਹਵਾ ਵਿਚ ਇਸ ਤਰ੍ਹਾਂ ਦੀ ਤਲਵਾਰ-ਬਾਜ਼ੀ ਕਰਦਾ ਹਿੰਮਤ ਸਿੰਘ ਸੋਢੀ ਆਪਣਾ ਪ੍ਰਸੰਗ ਕੁਝ ਇਸ ਤਰ੍ਹਾਂ ਪੇਸ਼ ਕਰਦਾ ਹੈ ਕਿ ਹੁਸੈਨੀਵਾਲਾ ਦੇ ਸਥਾਨ ਉਤੇ ਸਰਕਾਰੀ ਮਜਮੇਂ ਅਤੇ ਅਕਾਸ਼ਬਾਣੀ ਸਮੇਤ "ਇਸ ਸਾਲ ਅਸੀਂ ਦੇਖਿਆ ਹੈ ਕਿ ਭਗਤ ਸਿੰਘ ਦਾ ਪੰਜਾਹਵਾਂ ਸ਼ਹੀਦੀ ਦਿਨ ਮਾਰਚ ਦੇ ਮਹੀਨੇ ਗੁਜ਼ਰ ਗਿਆ। ਅਤੇ ਸਾਡੇ ਮਾਰਕਸਵਾਦੀ ਤੇ ਖੱਬੇ ਪੱਖੀ ਪਰਚਿਆਂ (ਸਮਤਾ, ਸੇਧ, ਸਿਰਜਣਾ, ਪ੍ਰੀਤ ਲੜੀ, ਆਰਸੀ ਆਦਿ) ਵਿਚੋਂ ਕਿਸੇ ਨੇ ਵੀ ਭਗਤ ਸਿੰਘ ਦਾ ਭੋਗ

ਨਹੀਂ ਪਾਇਆ। ਹਾਂ, ਸਰਮਾਏਦਾਰਾਂ ਦੇ ਫਿਰਕੂ ਤੇ ਅਰਧ-ਫਿਰਕੂ ਦੈਨਿਕ ਪਰਚਿਆਂ (ਇਥੇ 13 ਅਖਬਾਰਾਂ ਦੇ ਨਾਉਂ ਦਰਜ ਕੀਤੇ ਗਏ ਹਨ, ਜਿਨ੍ਹਾਂ ਵਿਚ ਇਕ ਨੈਸ਼ਨਲ ਹੈਰਲਡ ਅਤੇ ਟ੍ਰਿਬਿਊਨ ਵੀ ਹੈ) ਦੇ 23-3-81 ਦੇ ਅੰਕ ਜੋ ਮੈਨੂੰ ਦੇਖਣ ਨੂੰ ਮਿਲੇ, ਸਭਨਾਂ ਵਿਚ ਭਗਤ ਸਿੰਘ, ਉਸ ਦੇ ਸਾਥੀਆਂ ਤੇ ਉਹਨਾਂ ਦੀ ਸ਼ਹੀਦੀ ਦਾ ਗੁਣ-ਗਾਇਨ ਬੜੀ ਸਜ-ਧਜ ਤੇ ਗਰਮਜੋਸ਼ੀ ਨਾਲ ਕੀਤਾ ਗਿਆ ਸੀ।'' ਇਥੇ ਸੋਢੀ ਦਾ ਮਨੋਰਥ ਇਹ ਹੈ ਕਿ ਉਪਰੋਕਤ ਤਰ੍ਹਾਂ ਦੇ ਸਾਰੇ ਲੋਕਾਂ ਨੇ ਬਿਪਨ ਚੰਦਰ ਦੇ ਕਥਨ ਅਨੁਸਾਰ ਭਗਤ ਸਿੰਘ ਤੇ ਚੰਦਰ ਸ਼ੇਖਰ ਆਜ਼ਾਦ ਵਰਗੇ ਸਾਥੀਆਂ ਦੇ ਨਾਵਾਂ ਤੇ ਉਹਨਾਂ ਦੀ ''ਸ਼ੁਹਰਤ ਨੂੰ ਬੇਈਮਾਨੀ ਤੇ ਗਲਤ ਤਰੀਕੇ ਨਾਲ ਆਪਣੀ ਸਿਆਸਤ ਤੇ ਵਿਚਾਰਧਾਰਾ ਵਾਸਤੇ ਵਰਤਣ ਦੀ ਕੋਸ਼ਿਸ਼ ਕੀਤੀ ਹੈ।'' ਪਰ ਅਸ਼ਕੇ ਜਾਈਏ ਸੋਢੀ ਸਾਹਬ ਦੇ ਜਿਨ੍ਹਾਂ ਨੂੰ ਉਹ ਹੀ ਟ੍ਰਿਬਿਊਨ ਅਤੇ ਨੈਸ਼ਨਲ ਹੈਰਲਡ 23-3-81 ਨੂੰ ਉਪਰੋਕਤ ਵਾਂਗ ਭਾਸਦਾ ਹੈ। ਪਰ 24-3-81 ਨੂੰ, ਭਾਵ ਅਗਲੇ ਹੀ ਦਿਨ ਇਹ ਹੀ ਟ੍ਰਿਬਿਊਨ ਅਤੇ ਨੈਸ਼ਨਲ ਹੈਰਲਡ ਉਹਨਾਂ ਨੂੰ ਸੱਚਾ ਸੁੱਚਾ ਤੇ ਉਹਨਾਂ ਦੇ ਹੱਕ ਦੀ ਗੱਲ ਕਰਨ ਵਾਲੇ ਭਾਸ ਰਹੇ ਹਨ, ਕਿਉਂਕਿ 24·3·81 ਨੂੰ ਇਹਨਾਂ ਵਿਚ ਰੂਪ ਚੰਦ ਦਾ ਲੇਖ ਅਤੇ ਕੇ. ਕੇ. ਖੁਲਰ ਵਲੋਂ ਸੇਖੋਂ ਨੂੰ ਸਲਾਵਤਾਂ ਸੁਣਾਈਆਂ ਗਈਆਂ ਹਨ। ਤਾਂ ਫਿਰ ਸਿੱਟਾ ਇਹ ਹੋਇਆ ਕਿ ਜਿੰਨੇ ਵੀ ਲੇਖਕਾਂ ਦੇ ਲੇਖ 23·3·81 ਨੂੰ ਇਹਨਾਂ ਅਖਬਾਰਾਂ ਵਿਚ ਛਪੇ ਉਹ ਸਾਰੇ ਦੇ ਸਾਰੇ ਬੇਈਮਾਨ ਸਨ। ਇਸ ਤਰ੍ਹਾਂ ਹੀ ਉਪਰੋਕਤ ਪਰਚੇ, ਸਮੇਤ ਉਹਨਾਂ ਦੇ ਬੁਲਾਰੇ ਸੇਧ ਦੇ, ਵੀ ਬੇਈਮਾਨ ਹੀ ਹੋਏ, ਜਿੰਨ੍ਹਾਂ ਭਗਤ ਸਿੰਘ ਦਾ ਭੋਗ ਹੀ ਨਹੀਂ ਪਾਇਆ। ਵਾਹ !

ਭਗਤ ਸਿੰਘ ਬਾਰੇ ਲਿਖਣ ਲੱਗਿਆਂ ਜਾਂ ਇਸ ਤੋਂ ਵੀ ਪਹਿਲਾਂ ਮੇਰਾ ਇਹ ਅਕੀਦਾ ਹੈ ਕਿ ਉਸ ਨੇ ਸੂਰਮਿਆਂ ਵਾਂਗ ਕੇਵਲ ਆਜ਼ਾਦੀ ਲਈ ਹੀ ਸ਼ਹਾਦਤ ਪ੍ਰਾਪਤ ਕੀਤੀ। ਭਾਵੇਂ ਉਹ ਜਿਵੇਂ ਵੀ ਮਰਜ਼ੀ ਹੈ। ਪਰ ਬਿਪਨ ਚੰਦਰ ਦੀ ਅਨੋਖੀ ਲੱਭਤ ਅਨੁਸਾਰ ''ਇਹ ਗੱਲ ਕਾਫੀ ਦਿਲਚਸਪ ਹੈ ਕਿ ਭਗਤ ਸਿੰਘ ਆਪਣੇ ਆਪ ਨੂੰ ਸਮਾਜਵਾਦੀ ਵਿਚਾਰਾਂ ਦੇ ਪ੍ਰਚਾਰਕ ਵਜੋਂ ਦੇਖਦਾ ਹੈ। ਇਕ ਮਹਾਨ ਆਜ਼ਾਦੀ ਸੰਗਰਾਮੀਏ ਵਜੋਂ ਨਹੀਂ।'' (ਭਗਤ ਸਿੰਘ ਦਾ ਵਿਚਾਰਧਾਰਕ ਵਿਕਾਸ, ਪੰਨਾ 23; ਇਸ ਨੂੰ ਅੱਗੇ ਲਈ ਵਿ: ਵਿ: ਲਿਖਿਆ ਜਾਵੇਗਾ) ਕਿਉਂਕਿ ਤੀਜੇ ਦਹਾਕੇ ਵਿਚ ਇਨਕਲਾਬੀ ਲਹਿਰਾਂ, ਅਰਾਜਕਤਾਵਾਦ, ਅਤੇ ਮਾਰਕਸਵਾਦ ਬਾਰੇ ਹਿੰਦੁਸਤਾਨ ਵਿਚ ਸਭ ਤੋਂ ਵੱਧ ਪੜ੍ਹਿਆ-ਗੁੜ੍ਹਿਆ ਭਗਤ ਸਿੰਘ ਹੀ ਸੀ, ਜੋ ਮਾਰਕਸਵਾਦ ਨਾਲ ਪੂਰੀ ਤਰ੍ਹਾਂ ਪ੍ਰਤੀਬੱਧ ਅਤੇ ਜੋ ''ਮਾਰਕਸਵਾਦ ਨੂੰ ਇਸ ਦੀ ਵਿਧੀ ਦੀਆਂ ਪੇਚੀਦਗੀਆਂ ਸਮੇਤ ਲਾਗੂ ਕਰਨ ਦੇ ਸਮਰੱਥ ਹੈ।'' (ਮੈਂ ਨਾਸਤਕ ਕਿਉਂ ਹਾਂ, ਪੰਨਾ 5-6)

(ਸੋ ਇਥੇ ਮੁਦਾਅ ਭਗਤ ਸਿੰਘ ਦੀ ਆਜ਼ਾਦੀ ਲਈ ਸ਼ਹਾਦਤ ਦੀ ਮਿੱਥ ਨੂੰ ਤੋੜ ਕੇ ਇਸ ਦੀ ਮਾਰਕਸਵਾਦ ਦੀਆਂ ਪੇਚੀਦਗੀਆਂ ਲਾਗੂ ਕਰਦਿਆਂ ਸ਼ਹਾਦਤ ਪ੍ਰਾਪਤ ਕਰਨ ਦੀ ਨਵੀਂ ਮਿੱਥ ਨੂੰ ਸਥਾਪਤ ਕਰਨਾ ਬਣਦਾ ਹੈ। ਸੋ ਇਥੇ ਬਹਿਸ ਨਵੀਂ ਮਿੱਥ ਦੀ ਸਥਾਪਨਾ ਉਤੇ ਹੀ ਕਰਨੀ ਬਣਦੀ ਹੈ। ਅਤੇ ਬਹਿਸ ਬਿਪਨ ਚੰਦਰ ਦੀਆਂ ਨਵੀਆਂ ਅਤੇ ਅਨੋਖੀਆਂ, ਅਸੰਗਤੀਆਂ-ਭਰਪੂਰ ਲੱਭਤਾਂ ਉਤੇ ਕੀਤੀ ਜਾ ਰਹੀ ਹੈ। ਇਸ ਲਈ ਇਥੇ ਬਾਹਰੋਂ ਗਵਾਹੀਆਂ ਲੈਣਾ ਕਿਸੇ ਵੀ ਤਰ੍ਹਾਂ ਉਚਿਤ ਨਹੀਂ ਹੋਵੇਗਾ)

ਇਸ ਲਈ ਬਿਪਨ ਚੰਦਰ ਲਿਖਦਾ ਹੈ ਕਿ ਭਗਤ ਸਿੰਘ ਹੁਰੀਂ, ''ਮੁਕਦੀ ਗੱਲ ਇਹ ਕਿ ਕੋਹਲੂ ਦੇ ਬਲਦ ਵਾਂਗ ਗਾਂਧੀਵਾਦ ਦੇ ਚਕਰਾਂ'' ਭਾਵ ਗਧੀਗੇੜ ''ਵਿਚ ਹੀ ਪਏ ਰਹੇ।''



(ਵਿ: ਵਿ:, ਪੰਨਾ 38) ਪਰ ਭਗਤ ਸਿੰਘ ਮਾਰਕਸਵਾਦ ਨੂੰ ਇਸ ਦੀਆਂ ਸਾਰੀਆਂ ਪੇਚੀਦਗੀਆਂ ਸਮੇਤ ਲਾਗੂ ਕਰ ਸਕਣ ਦੇ ਸਮਰੱਥ, ਕੋਹਲੂ ਦੇ ਬਲਦ ਵਾਂਗ ਗਾਂਧੀਵਾਦ ਦੇ ਗਧੀਗੇੜ 'ਚ ਹੀ ਫਸ ਗਿਆ। ਤਾਂ ਦੱਸੋ ਸੋਢੀ ਸਾਹਬ, ਭਗਤ ਸਿੰਘ ਰਾਹੀਂ ਮਾਰਕਸਵਾਦ ਨਾਲ ਬਿਪਨ ਚੰਦਰ ਵਲੋਂ ਕੀਤੇ ਜਾ ਰਹੇ ਏਸ ਬਲਾਤਕਾਰ ਬਾਰੇ ਤੁਹਾਡਾ ਕੀ ਨਜ਼ਰੀਆ ਹੈ ? ਤਾਂ ਕੀ ਬਿਪਨ ਚੰਦਰ ਭਗਤ ਸਿੰਘ ਦੇ ਬੁੱਤਾਂ ਉਤੇ ਲੁਕ ਫੇਰਨ ਨਹੀਂ ਤੁਲੇ ਹੋਏ ਅਤੇ ਤੁਸੀਂ ਉਹਨਾਂ ਦੀ ਪਿੱਠ-ਰਾਖੀ ਨਹੀਂ ਕਰ ਰਹੇ ? ਕਿਉਂਕਿ ''ਭਗਤ ਸਿੰਘ ਤੇ ਉਸ ਦੇ ਸਾਥੀ ਸੋਸ਼ਲਿਜ਼ਮ ਜਾਂ ਮਾਰਕਸਵਾਦ ਦੇ ਮਹਾਨ ਵਿਦਵਾਨ ਜਾਂ ਪੰਡਤ ਨਹੀਂ ਸਨ।'' (ਵਿ: ਵਿ:, ਪੰਨਾ 21)

ਇਸ ਤਰ੍ਹਾਂ ਕਰਕੇ ਬਿਪਨ ਚੰਦਰ ਵਲੋਂ ਭਗਤ ਸਿੰਘ ਦੇ ਖਿੱਚੇ ਗਏ ਸ਼ਬਦਕ-ਚਿਤਰ ਦਾ ਇਕ ਪਾਸਾ ਤਾਂ ਦਸਦਾ ਹੈ ਕਿ ਉਹ ''ਮਾਰਕਸਵਾਦ ਨਾਲ ਪੂਰੀ ਤਰ੍ਹਾਂ ਲੈਸ ਹੈ।'' ਅਤੇ ਦੂਜਾ ਪਾਸਾ ਹੈ ''ਉਹ ਮਾਰਕਸਵਾਦ ਦਾ ਮਹਾਨ ਵਿਦਵਾਨ ਜਾਂ ਪੰਡਤ ਨਹੀਂ।'' ਤਾਂ ਫਿਰ ਕੀ ਇਹ ਸਭੋ ਕੁਛ ਰਣਜੀਤ ਗਰੇਵਾਲ ਲੰਡਨ ਵਿਚਲੇ ਨਾਜ਼ੀਆਂ ਵਾਂਗ ਕਰ ਰਿਹਾ ਹੈ ? ਜਿਹੜੇ ''ਹਰ ਵਰ੍ਹੇ ਛਿਮਾਹੀ ਮਾਰਕਸ ਦੀ ਕਬਰ ਉਤੇ ਲੱਗੇ ਬੁੱਤ ਉਤੇ ਲੁੱਕ ਫੇਰ ਆਉਂਦੇ ਹਨ।'' ਜਾ ਫਿਰ ਉਪਰੋਕਤ ਦੀ ਤਰ੍ਹਾਂ ਯੂਨੀਵਰਸਿਟੀਆਂ ਦੇ ਵਾਤਾਅਨੁਕੂਲ ਕਮਰਿਆਂ ਵਿਚੋਂ ਨਿਕਲੇ ਤਹਾਡੇ ਵਰਗੇ ਪ੍ਰਮ-ਗਿਆਨੀ ? ਕਿਉਂਕਿ ਬਿਪਨ ਚੰਦਰ ਦੀ ''ਵਿਚਾਰਧਾਰਕ ਵਿਕਾਸ'' ਲੱਭਤ ਅਨੁਸਾਰ, ਇਨਕਲਾਬੀ ਦਹਿਸ਼ਤ-ਪਸੰਦ ਨਾ ਤਾਂ ਭਾਰਤੀ ਸਮਾਜ ਦਾ ਜਮਾਤੀ ਵਿਸ਼ਲੇਸ਼ਨ ਕਰ ਸਕੇ, ਨਾ ਹੀ ਉਹ ਪੇਂਡੂ ਸਮਾਜ ਦਾ ਕੋਈ ਠੋਸ ਵਿਸ਼ਲੇਸ਼ਨ ਕਰ ਸਕੇ ਅਤੇ ਨਾ ਹੀ ਪੂੰਜੀਵਾਦੀ ਢਾਂਚੇ ਜਾਂ ਇਸ ਦੇ ਸਾਮਰਾਜ ਨਾਲ ਗੁੰਝਲਦਾਰ ਸਬੰਧਾਂ ਦਾ ਹੀ ਵਿਸ਼ਲੇਸ਼ਨ ਕਰ ਸਕੇ। ਇਥੋਂ ਤਕ ਕਿ ਉਹ ਜਾਗੀਰਦਾਰਾਂ, ਜਿਮੀਂਦਾਰਾਂ, ਸ਼ਾਹੂਕਾਰਾਂ, ਅਤੇ ਸਨਅਤੀ ਸਰਮਾਏਦਾਰਾਂ ਵਿਚਕਾਰ ਸਪਸ਼ਟ ਨਿਖੇੜਾ ਕਰਨ ਵਿਚ ਵੀ ਕਾਮਯਾਬ ਨਹੀਂ ਹੋਏ। ਤਾਂ ਫਿਰ ਉਹ ਕੀ ਕਰ ਸਕੇ ? ਸੋ ਇਹ ਕੈਸੀ ਮਾਰਕਸਵਾਦੀ ਨਿਪੁੰਨਤਾ ਹੈ ਪਿਆਰੇ ?

ਸੋਢੀ ਸਾਹਿਬ ਵਲੋਂ ਇਹ ਵੀ ਇਤਰਾਜ਼ ਉਠਾਇਆ ਗਿਆ ਹੈ ਕਿ ਸਿਰਜਣਾ ਵਿਚਲੇ ਭਗਤ ਸਿੰਘ ਸਬੰਧੀ ਲੇਖ ਦੇ ਲੇਖਕ ਨੇ ''ਨੌਜਵਾਨ ਭਗਤ ਸਿੰਘ ਦੇ ਵਿਚਾਰ ਨੌਜਵਾਨ ਮਾਰਕਸ ਨਾਲ ਕਿੰਨੇ ਰਲਦੇ ਸਨ-ਇਸ ਤੁਲਨਾ ਨੂੰ ਬਿਪਨ ਚੰਦਰ ਦੁਆਰਾ ਬਾਬੇ ਮਾਰਕਸ ਦੀ ਸ਼ਾਨ ਵਿਚ ਕਹੀ ਗੁਸਤਾਖੀ ਸਮਝਦਾ ਹੈ।'' ਮੈਂ ਇਸ ਨੂੰ ਗੁਸਤਾਖੀ ਹੀ ਨਹੀਂ ਸਗੋਂ ''ਨਵੀਂ ਮਿੱਥ'' ਦੀ ਸਥਾਪਨਾ ਲਈ ਸੋਚੀ ਸਮਝੀ ਸਾਜ਼ਿਸ਼ ਸਮਝਦਾ ਹਾਂ, ਕਿਉਂਕਿ, ਮਾਰਕਸ ਨੇ 1844 ਵਿਚ ਲਿਖਿਆ ਸੀ—''ਧਰਮ ਦਲਿਤ ਪਰਾਣੀ ਦਾ ਹਉਕਾ ਹੈ, ਬੇ ਦਿਲ ਦੁਨੀਆਂ ਦਾ ਦਿਲ ਹੈ, ਜਿਵੇਂ ਕਿ ਇਹ ਬੇਜਾਨ ਹਾਲਤ ਦੀ ਜਾਨ ਵੀ ਹੁੰਦੀ ਹੈ—ਧਰਮ ਲੋਕਾਂ ਦੀ ਅਫੀਮ ਹੈ—ਭਾਵੇਂ ਭਗਤ ਸਿੰਘ ਮਾਰਕਸ ਦਾ ਇਹ ਪੈਰਾ ਨਹੀਂ ਪੜ੍ਹ ਸਕਿਆ'' (ਮੈਂ ਨਾਸਤਕ ਕਿਉਂ ਹਾਂ, ਪੰਨਾ 10, ਪੈਰ ਟਿਪਣੀ) ''ਇਹ ਪੈਰਾ ਨਹੀਂ ਪੜ੍ਹ ਸਕਿਆ'' ਭਾਵ ਉਸ ਕਿਤਾਬ ਜ਼ਰੂਰ ਪੜ੍ਹੀ ਜਿਸ ਵਿਚ ਇਹ ਪੈਰਾ ਵੀ ਦਰਜ ਹੈ। ਪਰ ''ਪੈਰਾ ਨਹੀਂ ਪੜ੍ਹ ਸਕਿਆ''। ਕਿਉਂ ? ਉਸ ਵੇਲੇ ਬੱਤੀ ਬੰਦ ਹੋ ਗਈ ਸੀ ? ਜਾਂ ਕੁਝ ਹੋਰ ? ਸਾਰੀ ਕਿਤਾਬ ਪੜ੍ਹ ਲਈ ਜਾਵੇ ਪਰ ਇਕੋ ਇਕ ''ਇਹ ਪੈਰਾ'' ਹੀ ਨਾ ਪੜ੍ਹਿਆ ਜਾਵੇ ? ਹੈ ਇਸ ਵਿਚ ਕੋਈ ਮੰਨਣ ਯੋਗ ਗੱਲ ? ਕੀ ਇਹ ਕੁਝ ਇਸ ਤਰ੍ਹਾਂ ਨਹੀਂ ਕਿ ਭਗਤ ਸਿੰਘ ਦੁਆਰਾ ਆਪਣੇ ਮਨੋਰਥ ਸਿਧੀ ਲਈ ਇਹ ਝੂਠੀ ਗਵਾਹੀ ਵਿਚ ਜੋੜ ਲਈ ਹੈ, ਜਦੋਂ ਕਿ ਭਗਤ ਸਿੰਘ ਨੇ ''ਮਾਰਕਸੀ, ਸੋਸ਼ਲਿਸਟ ਅਤੇ ਇਨਕਲਾਬੀ ਸਾਹਿਤ ਦੇ

ਨਾਲ ਨਾਲ ਕਾਰਲ ਮਾਰਕਸ ਦੀ ਪੁਸਤਕ 'ਕੈਪੀਟਲ' ਵੀ ਪੜ੍ਹੀ ਸੀ।" (ਵਿ: ਵਿ: ਪੰਨਾ 13) ਜੇ ਕਰ ਭਗਤ ਸਿੰਘ ਇਹ ਸਾਰਾ ਕੁਝ ਪੜ੍ਹ ਸਕਿਆ ਤਾਂ ਇਕੱਲਾ ਇਹ ਪੈਰਾ ਹੀ ਕਿਉਂ ਨਾ ਪੜ੍ਹ ਸਕਿਆ ?

ਫਿਰ ਭਗਤ ਸਿੰਘ ਨੇ ਇਸੇ ਹੀ ਗੱਲ ਨੂੰ 1930 ਵਿਚ ਇਸ ਤਰ੍ਹਾਂ ਪੇਸ਼ ਕਰ ਦਿਤਾ : "ਰੱਬ ਦਾ ਅਕੀਦਾ ਮੁਸ਼ਕਲਾਂ ਨੂੰ ਸੌਖਿਆਂ ਬਣਾ ਦਿੰਦਾ ਹੈ। ਇਥੋਂ ਤੱਕ ਕਿ ਮੁਸ਼ਕਲਾਂ ਨੂੰ ਖੁਸ਼ਗਵਾਰ ਬਣਾ ਦਿੰਦਾ ਹੈ। ਰੱਬ ਦੇ ਵਿਸ਼ਵਾਸ਼ ਨਾਲ ਮਨੁਖ ਨੂੰ ਜ਼ੋਰਦਾਰ ਹੌਸਲਾ ਮਿਲਦਾ ਹੈ—ਪਰ ਫਿਰ ਵੀ ਇਸ "ਬਨਾਉਟੀ ਫੁਹੜੀ', ਰੱਬ ਦੇ ਸੰਕਲਪ ਵਿਰੁਧ ਲੜਿਆ ਜਾਵੇ।" ਇਸ ਲਭਤ ਨੂੰ ਕੁਝ ਬਦਲੇ ਹੋਏ ਸ਼ਬਦਾਂ ਵਿਚ, ਜਿਨ੍ਹਾਂ ਦਾ ਅਰਥ ਨਾ ਬਦਲਿਆ ਹੋਵੇ, ਛਿਆਸੀ ਸਾਲਾਂ ਬਾਅਦ ਕੀਤੇ ਗਏ ਵਿਖਿਆਨ ਤੋਂ ਕਿਵੇਂ ਇਹ ਮੰਨ ਲਿਆ ਜਾਵੇ ਕਿ ਨੌਜਵਾਨ ਭਗਤ ਸਿੰਘ ਦੇ ਮਾਰਕਸ ਨਾਲ ਵਿਚਾਰ ਮਿਲਦੇ ਸਨ, ਜਦੋਂ ਕਿ ਖੁਦ ਭਗਤ ਸਿੰਘ ਨੇ ਮਾਰਕਸਵਾਦ ਨੂੰ ਪੜ੍ਹਿਆ ਹੈ ?

ਅੱਗੇ ਚਲ ਕੇ ਸੋਢੀ ਸਾਹਿਬ ਲਿਖਦੇ ਹਨ, ਰਣਜੀਤ ਗਰੇਵਾਲ ਨੂੰ ਏਸ ਗੱਲ ਦਾ ਹੀ ਅਫਸੋਸ ਨਹੀਂ ਕਿ ਭਗਤ ਸਿੰਘ ਦੀ ਤੁਲਨਾ ਬਾਬੇ ਮਾਰਕਸ ਨਾਲ ਹੀ ਕਿਉਂ ਕੀਤੀ ਗਈ, ਉਸ ਨੂੰ ਭਗਤ ਸਿੰਘ ਦੇ ਉਹਨਾਂ ਸਾਦਾ-ਲਹੂ ਸ਼ਰਧਾਲੂਆਂ ਉਤੇ ਵੀ ਗੁੱਸਾ ਆਉਂਦਾ ਹੈ, ਜੋ ਭਗਤ ਸਿੰਘ ਦੀ ਸਮਾਧ ਉਤੇ ਮੱਥਾ ਟੇਕਦੇ ਜਾਂ ਪੈਸੇ ਚੜ੍ਹਾਉਂਦੇ ਹਨ। ਜੇ ਇਹ ਤਰਕ ਮੰਨ ਲਿਆ ਜਾਵੇ ਤਾਂ ਲੰਡਨ ਵਿਚ ਮਾਰਕਸ ਦਾ ਬੁੱਤ, ਮਾਸਕੋ ਵਿਚ ਲੈਨਿਨ ਦਾ ਮਜ਼ਾਰ, ਜਲ੍ਹਿਆਂ ਵਾਲਾ ਬਾਗ, ਕੋਟ ਬਾਬਾ ਦੀਪ ਸਿੰਘ ਦੀ ਸਮਾਧ ਉਤੇ ਵੀ ਲੋਕ ਇੰਜ ਹੀ ਕਰਦੇ ਹਨ।" ਹਾਂ ਇਹ ਵਿਸ਼ੇਸ਼ ਲਛਣ ਸੋਢੀ ਸਾਹਿਬ ਵਰਗੇ ਮਹਾਂਰਥੀ ਲਈ ਕਿਸੇ ਵੀ ਚਿੰਤਾ ਦਾ ਵਿਸ਼ਾ ਨਹੀਂ। ਇਹ ਹੋਵੇ ਵੀ ਕਿਉਂ ? ਮੇਰੇ ਵਲੋਂ ਤਾਂ ਲੇਖ ਵਿਚ ਇਸ ਤਰ੍ਹਾਂ ਲਿਖਿਆ ਹੋਇਆ ਹੈ ਕਿ ਮਾਨਸਕ ਖੜੋਤ ਲਈ ਅਜਿਹੀਆਂ ਸਕੀਮਾਂ ਦੇ ਲੱਛਣ ਜੋ ਅੱਗੇ ਚਲ ਕੇ ਬਹੁਤ ਹੀ ਪੇਚੀਦਾ ਹੋ ਜਾਣਗੇ। ਉਸ ਵਿਚ ਇਕ ਇਹ ਵੀ ਸੀ ਕਿ ਅਸੀਂ ਹੁਣ ਵੀ ਭਗਤ ਸਿੰਘ ਦੀ ਸਮਾਧ ਤੋਂ ਦੇਖ ਸਕਦੇ ਹਾਂ ਜਿਸ ਉਤੇ ਅੱਜ ਵੀ 'ਪੈਸੇ ਚੜ੍ਹਾ ਕੇ ਮੱਥਾ ਟੇਕਣ' (ਨੋਟ ਕੀਤਾ ਜਾਵੇ) ਦੀ ਪ੍ਰੰਪਰਾ ਸ਼ੁਰੂ ਵੀ ਕੀਤੀ ਜਾ ਚੁੱਕੀ ਹੈ ਤੇ ਸਮਾਧ ਅੱਜ ਮਜ਼ਾਰ ਦਾ ਰੂਪ ਵਟਾਉਣ ਲਈ ਹਲਕੇ ਤੇ ਨਿੱਕੇ ਕਦਮ ਚੁੱਕ ਰਹੀ ਹੈ।" ਲੇਖਕ ਨੂੰ ਦੂਰ ਜਾਣ ਦੀ ਲੋੜ ਹੀ ਨਹੀਂ ਸੀ, ਜੇ ਉਹ ਦੇਖ ਸਕਦਾ ਹੁੰਦਾ ਕਿ ਬਾਬਿਆਂ ਦੀ ਧਰਤੀ ਉਤੇ ਕਿੰਨੇ ਮਜ਼ਾਰ ਹਨ, ਜਿਥੇ ਵਿਹਲੜ ਬੈਠੇ ਲੰਗਰ ਪਾੜਦੇ ਹਨ ਅਤੇ ਸਾਦਾ-ਲਹੂ ਨੂੰ ਕੁਸੰਗਤ ਲਈ ਪ੍ਰੇਰਦੇ ਹਨ। ਫਿਰ ਜਦੋਂ ਸਾਦਾ-ਲਹੂ ਨੂੰ ਵਿਸ਼ੇਸ਼-ਲਹੂ ਦੀ ਪਰਾਗਣ ਕਿਰਿਆ ਦੁਆਰਾ ਉਸ ਦੀ ਮਿਹਨਤ ਨੂੰ ਚੜ੍ਹਾਵੇ ਦੀ ਭਰਮਾਰ ਦਾ ਜਾਮਾ ਪਹਿਨਾਇਆ ਜਾਂਦਾ ਹੈ ਤਾਂ ਉਸ ਥਾਂ ਹਮੇਸ਼ਾਂ ਹੀ ਅਦਰਸ਼ ਦੀ ਸੋਝੀ ਤੋਂ ਥੱਲੇ ਡਿੱਗੀ ਹੋਈ ਸਿਰਫ ਦੁਕਾਨ ਹੀ ਚੱਲੀ ਹੈ। ਇਸ ਤਰ੍ਹਾਂ ਹੋ ਜਾਣ ਨਾਲ ਦੁਕਾਨ ਬਣਨ ਜਾ ਰਹੀ ਭਗਤ ਸਿੰਘ ਦੀ ਸਮਾਧ ਬਾਰੇ ਸੋਢੀ ਨੂੰ ਕੋਈ ਚਿੰਤਾ ਹੀ ਨਹੀਂ। ਹੋਵੇ ਵੀ ਕਿਉਂ ? ਜਿਥੇ ਹੋਰ ਭਗਤ ਸਿੰਘ ਖੋਜ ਕਮੇਟੀ, ਭਗਤ ਸਿੰਘ ਯਾਦਗਾਰ ਕਮੇਟੀ ਇਤਿ ਆਦਿ ਬਣੀਆਂ ਹਨ, ਉਥੇ ਉਹਨਾਂ ਲਈ ਭਗਤ ਸਿੰਘ ਫੰਡ ਸੰਭਾਲ ਕਮੇਟੀ ਬਣਾਏ ਜਾਣ ਬਾਰੇ ਇਕ ਹੋਰ ਸੁਨਹਿਰੀ ਮੌਕਾ ਹੱਥ ਲਗ ਰਿਹਾ ਹੈ। ਫਿਰ ਇਸ ਨੂੰ ਖੁੰਝਣ ਕਿਉਂ ਦਿਤਾ ਜਾਵੇ ?

"ਜਿਸ ਵੇਲੇ ਭਗਤ ਸਿੰਘ ਆਸਤਕਤਾ-ਨਾਸਤਕਤਾ ਜਿਹੇ ਗੰਭੀਰ ਮਸਲੇ ਬਾਰੇ ਖੁਲ੍ਹ ਕੇ



ਵਿਚਾਰ ਪੇਸ਼ ਕਰਦਾ ਹੈ।" (ਸੇਧ) ਤਾਂ ਭਗਤ ਸਿੰਘ ਇਥੋਂ ਸ਼ੁਰੂ ਕਰਦਾ ਹੈ ਕਿ ਰੱਬ ਵਿਚ ਮੇਰੇ ਅਕੀਦੇ ਬਾਰੇ "ਨਵੀਂ ਸਮੱਸਿਆ ਖੜੀ ਹੋ ਗਈ ਹੈ।" ਪਰ ਜਦੋਂ ਉਹ 1926 ਤੋਂ ਹੀ ਇਸ ਗੰਭੀਰ ਮਸਲੇ ਬਾਰੇ ਆਪਣੇ ਸਾਥੀਆਂ ਨਾਲ ਭਖਵੀਂ ਬਹਿਸ ਕਰ ਰਿਹਾ ਹੈ ਤਾਂ 1930 ਵਿਚ ਜਾ ਕੇ ਇਹ ਸਮੱਸਿਆ ਕਿਵੇਂ "ਨਵੀਂ" ਖੜੀ ਹੋਈ ? ਇਹ ਸੀ ਮੇਰਾ ਪ੍ਰਸ਼ਨ ਕਿ ਇਸ ਪੁਰਾਣੀ ਸਮੱਸਿਆ ਨੂੰ "ਨਵੀਂ" ਕਿਵੇਂ ਮੰਨਿਆ ਜਾਵੇ ਅਤੇ ਕਿਵੇਂ ਮੰਨਿਆ ਗਿਆ ? ਪਰ ਇਸ ਨੂੰ ਦਲੀਲ ਯੁਕਤ ਢੰਗ ਨਾਲ ਸਿਧ ਕਰਨ ਦੀ ਬਜਾਏ ਸੋਢੀ ਇਸ "ਅਹਿਮ" ਮਸਲੇ ਨੂੰ ਆਪਣ ਸ਼ਬਦਾਂ ਦੀ ਹਨੇਰੀ ਵਿਚ ਹੀ ਉਡਾ ਕੇ ਲੈ ਗਿਆ। ਅਤੇ ਉਸ ਨੇ ਮੇਰਾ ਪ੍ਰਤੀਕਰਮ ਮੁਲਾਹਜ਼ਾ ਫਰਮਾਇਆ ! "ਜਦੋਂ ਆਪਣੇ ਹੀ ਸਾਥੀਆਂ ਵਿਚ ਕੋਈ ਤਾਨਾਸ਼ਾਹ ਜਾਪਣ ਲਗ ਜਾਵੇ, ਉਹ ਹੋਵੇ ਵੀ ਆਗੂ ਤਾਂ ਉਸ ਲਹਿਰ ਦਾ ਹਸ਼ਰ ਕੀ ਹੋਵੇਗਾ...ਇਸ ਲਈ ਭਗਤ ਸਿੰਘ ਨੇ ਆਪਣੇ ਜਿੱਦੀ-ਪੁਣ ਕਾਰਨ ਹੀ ਫਾਂਸੀ ਦਾ ਰੱਸਾ ਆਪਣੇ ਗਲ ਵਿਚ ਪੁਆਇਆ ਨਾ ਕਿ ਮਾਰਕਸਿਜ਼ਮ ਦੀਆਂ ਵਿਧੀਆਂ ਲਾਗੂ ਕਰਦਿਆਂ ਹੋਇਆਂ।"

ਆਓ ਇਸ ਨੂੰ ਮੁੜ ਤੋਂ ਪੜਤਾਲੀਏ !

ਪਹਿਲਾਂ ਇਸ ਲਹਿਰ ਦਾ ਭਵਿਖ ਹੀ ਮੁਲਾਹਜ਼ਾ ਫਰਮਾ ਲਓ, ਜਿਸ ਦਾ ਨੇਤਾ ਤਾਨਾਸ਼ਾਹ ਸੀ। ਇਨਕਲਾਬੀ ਦਹਿਸ਼ਤ ਪਸੰਦ ਸਿਆਸੀ ਤੌਰ ਉਤੇ ਕਦੀ ਵੀ ਆਪਣੀ ਗੱਡੀ ਨੂੰ ਅਗਾਂਹ ਨਹੀਂ ਰੇੜ੍ਹ ਸਕੇ। ਜਿਸ ਚੀਜ਼ ਨੂੰ ਉਹ ਪਹਿਲਾ ਕਦਮ ਮੰਨਦੇ ਸਨ, ਉਸ ਜਿਲ੍ਹਣ ਵਿਚੋਂ ਹੀ ਉਹ ਬਾਹਰ ਨਹੀਂ ਸਨ ਨਿਕਲ ਸਕੇ। ਉਹਨਾਂ ਨੂੰ ਵਿਲਖਣ ਵਿਚਾਰਧਾਰਾ ਅਤੇ ਸਿਆਸੀ ਸ਼ਖਸੀਅਤਾਂ ਤੋਂ ਸੱਖਣੀਆਂ ਹੀਰੋਈ ਸ਼ਖਸ਼ੀਅਤਾਂ ਤਾਂ ਮੰਨਿਆ ਗਿਆ, ਪਰ ਜਨਤਾ ਦੀ ਮਦਦ ਲੈਣ ਵਿਚ ਉਹ ਕਾਮਯਾਬ ਨਹੀਂ ਸਨ ਹੋ ਸਕੇ। ਉਹ ਇਕ ਵੀ ਜਨਤਕ ਇਨਕਲਾਬੀ ਕਾਰਵਾਈ ਜਥੇਬੰਦ ਨਾ ਕਰ ਸਕੇ ਤੇ ਨਾ ਹੀ ਸਰਕਾਰ ਵਿਰੁਧ ਕੋਈ ਛੋਟੀ ਮੋਟੀ ਹਥਿਆਰਬੰਦ ਕਾਰਵਾਈ ਹੀ ਕਰ ਸਕੇ। ਉਹਨਾਂ ਦੀਆਂ ਕੁਝ ਕੁ ਕਾਮਯਾਬ ਵਿਕੋਲਿਤਰੀਆਂ ਸਿਆਸੀ ਜਾਂ ਦਹਿਸ਼ਤ ਪਸੰਦਾਨਾ ਕਾਰਵਾਈਆਂ ਤ੍ਰਿਸ਼ੰਕੂ ਵਾਂਗ ਹਵਾ ਵਿਚ ਹੀ ਲਟਕਦੀਆਂ ਰਹਿ ਗਈਆਂ ਅਤੇ ਉਹਨਾਂ ਦੇ ਆਪਣੇ ਪ੍ਰੋਗਰਾਮ ਦੇ ਸ਼ਬਦਾਂ ਵਿਚ "ਇਹ ਵੀ ਫੇਲ੍ਹ ਸਾਬਤ ਹੋਈਆਂ" ਅਤੇ "ਅੰਦਰੂਨੀ ਝਗੜਿਆਂ ਕਾਰਨ ਉਸ ਹੀਰੋਈ ਗਰੁਪ ਵਿਚ ਫੁਟ ਪੈ ਗਈ ਤੇ ਪਾਰਟੀ ਤੋੜ ਦੇਣੀ ਪਈ।" (ਵਿ: ਵਿ: ਪੰਨਾ 36) ਕਿਉਂ ਪਿਆਰੇ ਸੋਢੀ ਸਾਹਬ। ਇਹ ਬਿਪਨ ਚੰਦਰ ਕੀ ਕਹਿ ਰਿਹਾ ਹੈ ? ਇਸ ਵਿਚੋਂ ਮਾਰਕਸਿਜ਼ਮ ਦੀਆਂ ਪੇਚੀਦਗੀਆਂ ਲਾਗੂ ਕਰਨ ਦੀ ਸਮਰੱਥਾ ਦੀ ਝਲਕ ਹੋਰ ਵੀ ਸਾਫ ਦਿਖਾਈ ਦੇ ਰਹੀ ਹੈ, ਕਿਉਂਕਿ ਉਹ ਜਨਤਾ ਦੀ ਮਦਦ ਵੀ ਹਾਸਲ ਨਹੀਂ ਕਰ ਸਕੇ। ਕਿਉਂ, ਮਾਰਕਸਵਾਦ ਅਜਿਹਾ ਹੈ ?

ਸੋਢੀ ਫੜ੍ਹ ਮਾਰਦਾ ਹੈ ਕਿ "ਉਹ ਤੇ ਉਸ ਦਾ ਸਾਥੀ ਬੰਬ ਸੁਟ ਕੇ ਨੱਸੇ ਨਹੀਂ ਜਦ ਕਿ ਉਹ ਨੱਸ ਵੀ ਸਕਦੇ ਸਨ। ਇਹ ਇਕ ਸੋਚੇ ਸਮਝੇ ਫੈਸਲੇ ਕਾਰਨ ਹੀ ਸੀ।" ਪਰ ਜਦੋਂ "ਲਗਪਗ ਸਮੁਚੇ ਤੌਰ 'ਤੇ ਇਨਕਲਾਬੀ ਕੌਮ ਪ੍ਰਸਤੀ ਤੋਂ ਅਗਾਂਹ ਨਹੀਂ ਸਨ ਜਾ ਸਕੇ" (ਵਿ: ਵਿ:, ਪੰਨਾ 36) ਤਾਂ ਇਥੇ ਸੋਸ਼ਲਿਜ਼ਮ ਅਮਲ ਵਿਚੋਂ ਲੁਪਤ ਹੈ। ਪਰ ਜਦੋਂ ਨਿਬੇੜੇ ਅਮਲਾਂ ਰਾਹੀਂ ਹੋਣ ਵਾਲੇ ਹੋਣ ਤਾਂ "ਰੂਪ" ਜ਼ਬਾਨੀ ਜਮ੍ਹਾਂ ਖਰਚ ਨੂੰ ਕੌਣ ਪੁਛਦਾ ਹੈ ? ਰੂਪ ਵਿਚ ਤਾਂ ਇੰਕਾ : ਸਰਕਾਰ ਵੀ ਸੋਸ਼ਲਿਸ਼ਮ ਦੀ ਛੱਤਰੀ ਤਾਣੀ ਫਿਰਦੀ ਹੈ। ਅਤੇ ਦੂਜੇ "ਸੋਚੇ ਸਮਝੇ ਫੈਸਲੇ" ਅਨੁਸਾਰ ! ਫੈਸਲੇ ਦੀ ਪੜਤਾਲ ਕਰਦਿਆਂ ਬਿਪਨ ਚੰਦਰ ਦਾ ਇਹ ਮੁਖਵਾਕ ਪੜ੍ਹੋ : "ਇਹਨਾਂ ਨੌਜਵਾਨਾਂ ਨੇ ਕਈ

ਦਹਾਕੇ ਸਾਲਾਂ ਵਾਲਾ ਸਫਰ ਕੁਝ ਹੀ ਮਹੀਨਿਆਂ ਵਿਚ ਮੁਕਾ ਲਿਆ ਸੀ। ਪਰ ਜਦ ਉਹ ਮੋੜਾ ਕੱਟਣਾ ਚਾਹੁੰਦੇ ਸਨ, ਤਾਂ ਉਹ ਪੁਰਾਣੇ ਢੰਗ ਦੇ ਖੋਲ ਵਿਚੋਂ ਬਾਹਰ ਹੀ ਨਹੀਂ ਸਨ ਨਿਕਲ ਸਕੇ।'' ਕਿਉਂਕਿ ਉਹ ਗਾਂਧੀਵਾਦ ਦੇ ਗਧੀਗੇੜ ਦੀ ਜਿਲ੍ਹੱਣ ਵਿਚ ਫਸੇ ਪਏ ਸਨ ਅਤੇ ''ਸਿਆਸਤ ਦੀ ਅਸਲੀਅਤ ਦੀ ਇਕ ਚਪੇੜ ਨਾਲ ਹੀ ਆ ਰਹੇ ਇਨਕਲਾਬ ਦੀ ਕਲਪਨਾ ਛਾਂਈ ਮਾਂਈ ਹੋ ਗਈ।'' (ਵਿ: ਵਿ:, ਪੰਨਾ 45)।

ਜਦੋਂ ਪਾਰਟੀ ਅੰਦਰਲੀ ਫੁਟ ਕੰਢੇ ਉਤੇ ਆ ਗਈ ਹੋਵੇ ਅਤੇ ਸਰਕਾਰ ਨੇ ਕੁਝ ਹੀ ਗਜ਼ਾਂ ਤੱਕ ਦੀ ਵਿਥ ਤਕ ਉਹਨਾਂ ਦੁਆਲੇ ਘੇਰਾ ਤੰਗ ਕਰ ਦਿਤਾ ਹੋਵੇ ਅਤੇ ਉਹਨਾਂ ਦੇ ਅੱਗੇ ਵਧਣ ਲਈ ਸਾਰੇ ਰਸਤੇ ਹੀ ਬੰਦ ਹੋ ਗਏ ਹੋਣ ਤਾਂ ਇਹਨਾਂ ਹਾਲਤਾਂ ਵਿਚ ਹੋਰ ਫੈਸਲਾ ਹੋ ਵੀ ਕੀ ਸਕਦਾ ਸੀ? ਇਹ ਹੈ ਤਾਨਾਸ਼ਾਹ ਰਹਿਨੁਮਾ ਦੀ ਹਾਲਤ! ਅਜਿਹੀਆਂ ਪ੍ਰਸਥਿਤੀਆਂ ਵਿਚ ਇਹ ਫੈਸਲਾ ਨਹੀਂ ਸਗੋਂ ਗੋਡੇ ਟੇਕਣਾ ਹੈ। ਅੰਗਰੇਜ਼ ਸਾਮਰਾਜ ਸਾਹਮਣੇ ਨਹੀਂ, ਮੌਤ ਦੇ ਸਾਹਮਣੇ ਹੀ ਸਹੀ। ਕਿਉਂਕਿ ਇਸ ਪਲ ਮਗਰੋਂ ਕੁਝ ਵੀ ਨਹੀਂ ਹੋਵੇਗਾ। ਭਾਵ ਬਿਲਕੁਲ ਸ਼ਾਂਤੀ ਹੋ ਜਾਵੇਗੀ। ਕੋਈ ਮਾਨਸਕ ਕਸ਼ਟ ਨਹੀਂ ਹੋਵੇਗਾ ਸਮੇਤ ਲਹਿਰ ਦੇ ਫੇਲ੍ਹ ਹੋ ਜਾਣ ਦੀ ਹੀਣਭਾਵਨਾ ਦੇ। ਸਰੀਰਕ ਤੇ ਮਾਨਸਿਕ ਕਸ਼ਟ ਤੋਂ ਛੁਟਕਾਰਾ ਪਾਉਣ ਲਈ ਮੌਤ ਨੂੰ ਤਰਜੀਹ ਦੇਣ ਦਾ ਅਰਥ, ਸੋਢੀ ਸਾਹਿਬ ਹੋਰ ਕੀ ਹੋ ਸਕਦਾ ਹੈ? ਅਤੇ ਇਹ ਸਾਰੀਆਂ ਲਭਤਾਂ ਰਣਜੀਤ ਗਰੇਵਾਲ ਦੀਆਂ ਮਨਬਚਨੀਆਂ ਨਹੀਂ, ਸਗੋਂ ਬਿਪਨ ਚੰਦਰ ਦੀਆਂ ਹਨ, ਜਿਹੜਾ ਅਜ਼ਾਦੀ ਲਈ ''ਸ਼ਹਾਦਤ'' ਦੀ ਮਿੱਥ ਨੂੰ ਤੋੜ ਕੇ, ''ਮਾਰਕਸਵਾਦ ਦੀਆਂ ਪੇਚੀਦਗੀਆਂ ਲਾਗੂ ਕਰਦਿਆਂ'' ਸ਼ਹਾਦਤ ਦੀ ਮਿੱਥ ਨੂੰ ਸਥਾਪਤ ਕਰਨ ਦੇ ਆਹਰ ਵਿਚ ਸਿਰ-ਪਰਨੇ ਖੜਾ ਹੋਇਆ ਹੈ। ਇਥੇ ਇਕ ਦਿਲਚਸਪ ਪਹਿਲੂ ਇਹ ਵੀ ਹੈ— ''ਉਹ ਆਪਣੀ ਕਬਰ ਆਪ ਪੁਟਦੇ ਹਨ ਜੋ ਸਿਰਫ ਅੱਧਾ ਇਨਕਲਾਬ ਕਰਦੇ ਹਨ''—ਸੇਂਟ ਜਸਟ (ਸੇਧ-ਮੁਖਕਵਰ) ਪਰ ਜਿਹਨਾਂ ਦੀ ''ਇਕ ਚਪੇੜ ਨਾਲ ਹੀ'' ਲਿਆਂਦੇ ਜਾ ਰਹੇ ਇਨਕਲਾਬ ਦੀ ''ਕਲਪਨਾ ਵੀ'' ਛਾਂਈ ਮਾਂਈ ਹੋ ਜਾਵੇ, ਉਹਨਾਂ ਨੂੰ ਸੋਢੀ, ਤੂੰ ਕੀ ਆਖੇਂਗਾ? ਤੇ ਸ਼ਹਾਦਤ ਲਈ ਕਿਹੜੀ ਮਿੱਥ ਸਥਾਪਤ ਕਰੇਂਗਾ?

—ਰਣਜੀਤ ਗਰੇਵਾਲ

---

## ਸੇਧ ਦੀਆਂ ਜਿਲਦ-ਬੱਝੀਆਂ ਫਾਈਲਾਂ

1979 ਅਤੇ 1980 ਦੀਆਂ ਸੇਧ ਦੀਆਂ ਜਿਲਦ-ਬੱਝੀਆਂ ਫਾਈਲਾਂ ਲਈ ਸਾਨੂੰ ਸਿਧਿਆਂ ਲਿਖੋ। ਕੀਮਤ ਫੀ ਫਾਈਲ ਪੰਝੀ ਰੁਪੈ। ਰਕਮ ਮਨੀਆਰਡਰ ਦੁਆਰਾ ਭੇਜੋ। ਡਾਕ ਖ਼ਰਚ ਸਾਡਾ ਹੋਵੇਗਾ।

---

ਸੇਧ ਦਾ ਸਾਲਾਨਾ ਚੰਦਾ ਜਾਂ ਲਾਈਫ-ਮੈਂਬਰੀ ਭੇਜਣ ਲਗਿਆਂ ਆਪਣੇ ਸਰਨਾਵੇਂ ਦੇ ਨਾਲ PIN ਨੰਬਰ ਵੀ ਲਿਖੋ ਅਤੇ ਚਿੱਠੀ-ਪੱਤਰ ਕਰਦੇ ਸਮੇਂ ਆਪਣੇ ਚਿੱਟ-ਨੰਬਰ ਦਾ ਹਵਾਲਾ ਜ਼ਰੂਰ ਦਿਓ। ਬੈਂਕ-ਡਰਾਫ਼ਟ ਸਿਰਫ਼ SEDH ਦੇ ਨਾਂ ਹੀ ਹੋਣਾ ਚਾਹੀਦਾ ਹੈ। ਬੈਂਕ ਕੋਈ ਵੀ ਹੋਵੇ।



ਹੁਣ ਤੁਹਾਡੀਆਂ ਬੱਚਤਾਂ ਤੇ
ਹੋਰ ਵੀ ਜ਼ਿਆਦਾ ਵਿਆਜ

ਸਿਰਫ਼ ਛੇ ਸਾਲਾਂ 'ਚ

ਆਪਣੀ ਰਕਮ ਨੂੰ ਦੁਗਣੀ ਤੋਂ ਵੀ ਵੱਧ ਕਰੋ

ਰਾਸ਼ਟਰੀ ਬੱਚਤ ਸਰਟੀਫ਼ਿਕੇਟ (ਛੇਵੀਂ ਲੜੀ) ਵਿਚ ਲਗਾ ਕੇ

ਇਸ ਨਵੀਂ ਸੀਰੀਜ਼ ਵਿਚ 100/- ਰੁਪਏ ਛੇ ਸਾਲਾਂ ਵਿਚ 201.50 ਰੁਪਏ ਹੋ ਜਾਂਦੇ ਹਨ, ਜਿਸ ਵਿਚ 12% ਸਾਲਾਨਾ ਦੀ ਦਰ ਨਾਲ ਛਿਮਾਹੀ ਮਿਸ਼ਰਤ ਵਿਆਜ ਵੀ ਸ਼ਾਮਲ ਹੈ।

ਇਕ ਨਵੀਂ ਰਾਸ਼ਟਰੀ ਬੱਚਤ ਸਰਟੀਫ਼ਿਕੇਟ (ਸੱਤਵੀਂ ਲੜੀ) ਵੀ ਹੈ, ਜਿਸ ਵਿਚ 12% ਸਾਲਾਨਾ ਵਿਆਜ ਹਰ ਛਿਮਾਹੀ ਮਿਲ ਸਕਦਾ ਹੈ, ਅਸਲ ਰਕਮ ਛੇ ਸਾਲ ਬਾਅਦ ਵਾਪਸ ਕੀਤੀ ਜਾਵੇਗੀ।

ਦੋਵੇਂ ਸੀਰੀਜ਼ਾਂ ਨੂੰ ਤਿੰਨ ਸਾਲ ਬਾਅਦ ਭੁਨਾਇਆ ਜਾ ਸਕਦਾ ਹੈ। ਰਕਮ ਲਾਉਣ ਦੀ ਕੋਈ ਹੱਦ ਨਹੀਂ ਹੈ। ਨਾਮਜ਼ਦਗੀ, ਸ਼ਨਾਖ਼ਤੀ ਪਰਚੀ ਅਤੇ ਖਾਤਾ ਦੂਜੀ ਥਾਂ ਬਦਲਣ ਦੀਆਂ ਸਹੂਲਤਾਂ। ਡਾਕਘਰ ਵਲੋਂ ਇਨਕਮ-ਟੈਕਸ ਦੇ ਮੰਤਵ ਵਾਸਤੇ ਸਰਟੀਫ਼ਿਕੇਟ ਮੁਫ਼ਤ ਜਾਰੀ ਕੀਤਾ ਜਾਂਦਾ ਹੈ। ਵੈਲਥ (ਸੰਪਤੀ) ਟੈਕਸ ਤੋਂ 1.5 ਲੱਖ ਰੁਪਏ ਤਕ ਦੀ ਛੋਟ। ਸਾਲ ਵਿਚ 3,000/-ਰੁਪਏ ਤਕ ਦੀ ਵਿਆਜ ਰਾਹੀਂ ਆਮਦਨ ਅਤੇ ਹੋਰ ਮੁਕਰਰ ਥਾਵਾਂ ਤੇ ਲਗੀ ਪੂੰਜੀ ਤੋਂ ਵਿਆਜ ਕਰ-ਮੁਕਤ ਹੈ।

ਇਹ ਸਰਟੀਫ਼ਿਕੇਟ ਡਾਕਘਰ ਤੋਂ ਇਕੱਲੇ ਅਤੇ ਸਾਂਝੇ ਤੌਰ ਤੇ 1-5-81 ਤੋਂ ਖਰੀਦ ਸਕਦੇ ਹੋ।

ਹੋਰ ਜਾਣਕਾਰੀ ਲਈ, ਇਨ੍ਹਾਂ ਨਾਲ ਸੰਪਰਕ ਕਰੋ:
- ਕੋਈ ਅਧਿਕ੍ਰਿਤ ਏਜੰਟ,
- ਜ਼ਿਲਾ ਬੱਚਤ ਅਧਿਕਾਰੀ, ਮਾਰਫ਼ਤ, ਜ਼ਿਲਾ ਕੁਲੈਕਟੋਰੇਟ,
- ਨਜ਼ਦੀਕੀ ਡਾਕਘਰ
- ਰੀਜਨਲ ਅਫ਼ਸਰ,
  ਰਾਸ਼ਟਰੀ ਬੱਚਤ ਸੰਸਥਾ (ਰਾਜ/ਕੇਂਦਰੀ ਸਰਕਾਰ)

ਜਾਂ ਲਿਖੋ:

ਰਾਸ਼ਟਰੀ ਬੱਚਤ ਸੰਸਥਾ,
12, ਸੈਮਿਨਰੀ ਹਿੱਲਜ਼,
ਨਾਗਪੁਰ-440006.

ਡੀ.ਏ.ਵੀ.ਪੀ. 81/30

THE PUNJAB POULTRY DEVELOPMENT CORPORATION LTD.
(A STATE GOVERNMENT UNDERTAKING)

Regd. office : S. C. O. No 2419-20, Sector 22-C, Chandigarh

## GOOD NEWS

Our poultry feed is wholesome, balanced and of a very high quality. It removes all deficiencies of vitamin and mineral and keeps the layers healthy and strong. The birds lay more and larger eggs. Our feed is processed under the direct supervision of technical experts, after due research.

You can purchase this feed from our centres at Chandigarh, Patiala, Ludhiana, Jullundur, Gurdaspur and Tarn-Taran, as well as from our feed agencies in all the districts of the state. We also undertake to purchase eggs from the poultry farmers who buy and use our feed.

We sell fresh eggs, Poultry meat, Pork meat & its products, Tasty and Nutritious Chicken Soup at PPC's shops at Chandigarh.

(i) Booth No. 23 Sector-34 A
(ii) Booth No. 24, Sector 18-C
(iii) Booth No. 19 Sector-15 A
(iv) S.C.O. 2419-20, Sector. 22-C,
Egg Sale Depot (Wholesale)
1621-22 Chandrawli Road, DELHI.

Every body should take at least one egg a day. The use of eggs will keep you free from diseases and you will keep healthy, active and strong for ever.

An egg a day,
Keeps the doctor away.

Managing Director
Punjab Poultry Dev. Corp. Ltd.
CHANDIGARH




## ਮੇਰੀ ਜ਼ਿੰਦਗੀ ਦੇ ਸਭ ਤੋਂ ਪਿਆਰੇ ਸੁਪਨੇ...



## ਇਹਨਾਂ ਸੁਪਨਿਆਂ ਦਾ ਆਧਾਰ ਹੈ ਪੀ. ਐਸ. ਬੀ.

ਇਨਾਂ ਵਿਚੋਂ ਇਕ ਸੁਪਨਾ ਹੈ ਮੇਰੇ ਬੱਚੇ ਦਾ ਸੁਨਹਿਰਾ ਭਵਿੱਖ । ਪਰ ਸਿਰਫ ਸੁਪਨੇ ਹੀ ਸਭ ਕੁਝ ਨਹੀਂ ਹਨ । ਆਉਣ ਵਾਲੇ ਸਮੇਂ ਲਈ ਬਚੱਤ ਵੀ ਜਰੂਰੀ ਹੈ । ਇਸੇ ਕਰਕੇ ਅਸੀਂ ਪੀ. ਐਸ. ਬੀ. ਦੀ ਨਉ ਨਿਧੀ ਸਕੀਮ ਵਿਚ 37, 243-06 ਰੁਪਏ ਜਮ੍ਹਾਂ ਕਰਾਏ ਹਨ । ਅਤੇ 120 ਮਹੀਨਿਆਂ ਦੇ ਸਮੇਂ ਬਾਅਦ ਸਾਨੂੰ ਇਕ ਲੱਖ ਰੁਪਏ ਵਾਪਸ ਮਿਲਣਗੇ । ਸਾਡੀ ਪੀ. ਐਸ. ਬੀ. ਵਿਚ ਜਮ੍ਹਾਂ ਬੱਚਤ ਸਾਡੇ ਬੱਚੇ ਦੇ ਨਾਲ ਨਾਲ ਵਧਦੀ ਰਹੇਗੀ ।

ASP/PSB/202-80A

ਪੀ ਐਸ ਬੀ—ਸੰਪੂਰਨ ਬੈਂਕ ਸੇਵਾ ਦਾ ਪ੍ਰਤੀਕ
ਪੰਜਾਬ ਐਂਡ ਸਿੰਧ ਬੈਂਕ
(ਭਾਰਤ ਸਰਕਾਰ ਦਾ ਇਕ ਅਦਾਰਾ)

June, 1981
SEDH
Registered with the Registrar of Newspapers for India—Registration No. 23895/72
Regd. No. D (SE) 001

